ਪ੍ਰੀਤ ਲੜੀ

Since 1933
Preet Lari Magazine
The Oldest Punjabi Literary Journal

93ਵਾਂ ਸਾਲ
ਅੰਕ 7
ਕੁਲ ਅੰਕ #944

ਜੁਲਾਈ 2026 ₹50

ਸਾਰੀ ਦੁਨੀਆ ਤੋਂ ਚੁਣੇ ਕਲਾਕਾਰਾਂ ਵਿਚੋਂ 32ਵੇਂ ਨੰਬਰ ਉੱਤੇ ਰਤਿਕਾ ਸਿੰਘ

ਪੰਜਾਬ ਤੋਂ ਆਰਲਸ ਤੱਕ – SAAH

ਫ਼ਰਾਂਸ ਦੇ ਸ਼ਹਿਰ ਆਰਲਸ ਨੂੰ ਦੁਨੀਆ ਦੀ ਫ਼ੋਟੋਗ੍ਰਾਫ਼ੀ ਦੀ ਰਾਜਧਾਨੀ ਮੰਨਿਆ ਜਾਂਦਾ ਹੈ। ਹਰ ਗਰਮੀ ਇੱਥੇ ਪ੍ਰਸਿੱਧ Les Rencontres d’ Arles ਫ਼ੋਟੋਗ੍ਰਾਫ਼ੀ ਫ਼ੈਸਟੀਵਲ ਹੁੰਦਾ ਹੈ, ਜਿਸ ਦੇ ਨਾਲ-ਨਾਲ ਸੈਂਕੜਿਆਂ ਸੁਤੰਤਰ ਪ੍ਰਦਰਸ਼ਨੀਆਂ ਦਾ ਸਮਾਂਤਰ ਮੰਚ Off Arles ਵੀ ਆਯੋਜਿਤ ਹੁੰਦਾ ਹੈ। ਇਹ ਦੋਵੇਂ ਮਿਲ ਕੇ ਆਰਲਸ ਨੂੰ ਵਿਸ਼ਵ ਕਲਾ ਅਤੇ ਫ਼ੋਟੋਗ੍ਰਾਫ਼ੀ ਦਾ ਕੇਂਦਰ ਬਣਾ ਦਿੰਦੇ ਹਨ।

ਇਸ ਸਾਲ ਪੰਜਾਬ ਦੀ ਨੌਜਵਾਨ ਕਲਾਕਾਰ ਰਤਿਕਾ ਸਿੰਘ ਆਪਣੀ ਇਕਲ ਪ੍ਰਦਰਸ਼ਨੀ SAAH ਨੂੰ Off Arles ਦੇ ਹਿੱਸੇ ਵਜੋਂ ਪੇਸ਼ ਕਰ ਰਹੀ ਹੈ। ਕੁਦਰਤ, ਸਾਹ ਅਤੇ ਚੰਗਿਆਈ ਦੇ ਵਿਸ਼ਿਆਂ ਨੂੰ ਖੋਜਦੀ ਇਹ ਪ੍ਰਦਰਸ਼ਨੀ ਦਰਸ਼ਕਾਂ ਨੂੰ ਰੁਕ ਕੇ, ਮਹਿਸੂਸ ਕਰਨ ਅਤੇ ਆਪਣੇ ਅੰਦਰ ਨਾਲ ਮੁੜ ਜੁੜਨ ਦਾ ਸੱਦਾ ਦਿੰਦੀ ਹੈ। ਇਹ ਪੰਜਾਬੀ ਕਲਾ ਦੀ ਅੰਤਰਰਾਸ਼ਟਰੀ ਮੰਚ ’ਤੇ ਇੱਕ ਮਹੱਤਵਪੂਰਨ ਹਾਜ਼ਰੀ ਹੈ।

ਭਾਰਤ ਕੇਂਦਰ ਵਿਚ ਆ ਗਿਆ ਹੈ

ਪੂਨਮ ਸਿੰਘ

ਕਾਫ਼ੀ ਚਿਰ ਹੋਇਆ ਅਸੀਂ ਖ਼ਦਸ਼ਾ ਪਰਗਟ ਕੀਤਾ ਸੀ ਕਿ ਚੀਨ ਅਤੇ ਅਮਰੀਕਾ ਦੀ ਜੰਗ ਲੱਗਦਾ ਹੈ ਹੋਣੀ ਹੀ ਹੋਣੀ ਹੈ ਅਤੇ -ਭਾਰਤ ਨਾ ਕਿਤੇ ਇਸ ਦਾ ਮੈਦਾਨ ਬਣ ਜਾਏ, ਜਿਸ ਵਿਚ ਵੀ ਇਨ੍ਹਾਂ ਤਾਕਤਾਂ ਦੀ ਆਪਸੀ ਖਿੱਚੋਤਾਣ ਚੱਲ ਹੀ ਰਹੀ ਦਿਸੀ ਹੈ! ਅਖੀਰ, ਇਰਾਨ ਅਤੇ ਅਰਬ ਦੇਸ਼ ਅਤੇ ਇਨ੍ਹਾਂ ਤੋਂ ਪਹਿਲਾਂ ਯੂਕਰੇਨ, ਰੂਸ ਇਸੇ ਖਿੱਚੋਤਾਣ ਕਰਕੇ ਜੰਗ ਦੇ ਮੈਦਾਨ ਬਣ ਗਏ...ਇੱਕ ਅਸੰਭਵ ਆਸ ਸੀ ਕਿ ਚਾਹੀਦਾ ਤਾਂ ਇਹ ਹੈ ਕਿ ਸਰਦਾਰੀ ਲਈ ਜੂਝਦੀਆਂ ਇਹ ਤਾਕਤਾਂ ਆਪਸ ਵਿਚ ਬੈਠ ਕੇ ਮਾਮਲੇ ਤੈਅ ਕਰ ਲੈਂਦੀਆਂ, ਬੇਸ਼ੁਮਾਰ ਮਾਵਾਂ ਦੇ ਪੁੱਤ ਧੀਆਂ ਅਤੇ ਬੱਚੇ, ਪਰਿਵਾਰ, ਤਬਾਹ ਨਾ ਹੋਣ ਦਿੰਦੀਆਂ- ਪਰ ਇੰਝ ਨਾ ਹੋ ਸਕਦਾ ਹੈ - ਅਜੇ ਵੀ ਇਨਸਾਨਾਂ ਵਿਚ ਅਤੇ ਨਾ ਹੋਇਆ...। ਸੋ ਕਦੇ ਨਾ ਮੁੜ-ਜਿਉਂਦੇ ਕੀਤੇ ਜਾ ਸਕਦੇ ਇਨਸਾਨਾਂ ਦੀਆਂ ਲਾਸ਼ਾਂ ਦਾ ਢੇਰ ਲੱਗਾ ਹੈ; ਅਰਬਾਂ ਖਰਬਾਂ ਵਿਚ ਨੁਕਸਾਨ ਹੋਇਆ ਹੈ ਅਤੇ ਅਜੇ ਨਵ-ਉਸਾਰੀ ਉੱਤੇ ਕਿੰਨਾ ਹੀ ਖਰਚ ਹੋਰ ਹੋਣਾ ਹੈ। ਕੀ ਇਨਸਾਨ ਅਜੇ ਵੀ ਕਬੀਲਾਈ ਅਤੇ ਜਾਂਗਲੀ ਹੀ ਨਹੀਂ ਹੈ?

ਭਾਰਤ ਉੱਤੇ ਇੱਕ ਬਹੁਤ ਵੱਡਾ ਦਬਾਅ ਰਿਹਾ ਹੈ- ਕਿ ਉਹ ਕਿਸ ਪਾਸੇ ਹੈ; ਲੜਾਈਆਂ ਦੀਆਂ ਕਿਨ੍ਹਾਂ ਧਿਰਾਂ ਦਾ ਹਾਮੀ, ਕਿਸ ਨੂੰ ਸਹੀ ਸਮਝਦਾ ਅਤੇ ਕੀ ਕਿਸੇ ਨੂੰ ਮਜਬੂਰੀ ਨਾਲ ਸਹੀ ਕਹਿੰਦਾ..? ਯੁਕਰੇਨ ਨੇ ਭਾਰਤ ਦਾ ਨਾਂ ਇੱਕ ਇਲਜ਼ਾਮ ਲਾਉਣ ਵਾਂਗ ਧ੍ਰੀਕਿਆ ਵੀ- ਵੱਖਰਾ ਕਰ ਕੇ; ਇਰਾਨ ਨੇ ਵੀ ਇੱਕ ਵਾਰ ਤਾਂ ਸੁਆਲ ਪਾ ਦਿੱਤਾ ਸੀ। ਰੂਸ ਨੇ ਉਲਾਹਮਾ ਨਾ ਦਿੱਤਾ, ਅਮਰੀਕਾ ਨੇ ਦੇਸ਼ ਦੀ ਵੱਡੀ ਤੇਲ-ਲੋੜ ਨੂੰ ਵੇਖ ਇੱਕ ਲਿਹਾਜ਼ ਰੱਖਿਆ।

ਅਜੇ ਤੱਕ ਭਾਰਤ ਦਰਮਿਆਨੜੀਆਂ-ਜ਼ਮੀਨਾਂ ਉੱਤੇ ਬੋਚ ਬੋਚ ਪੈਰ ਧਰਨ ਦਾ ਆਪਣਾ ਚੱਜ ਵਰਤਦਾ ਆ ਸਕਿਆ ਹੈ- ਅਤੇ ਸ਼ੁਕਰ, ਜੰਗਾਂ ਵੀ ਮੁੱਕਣ ’ਤੇ ਆ ਹੀ ਗਈਆਂ ਹਨ।

ਦੁਨੀਆ ਵਿਚ ਭਾਰਤ ਦਾ ਨਵਾਂ ਬਣ-ਉੱਭਰ ਗਿਆ ਆਰਥਕ- ਕਿਰਦਾਰ- ਸਭ ਤੋਂ ਵੱਧ ਤੇਜ਼ੀ ਨਾਲ ਚੜ੍ਹ ਰਿਹਾ ਇਸ ਦਾ ਅਰਥਚਾਰਾ- ਇਸ ਨੂੰ ਇੱਕ ਕਿਸਮ ਦੀ ਅਗਵਾਈ ਦੇਣ ਅਤੇ ਅਮਨ ਲਿਆਉਣ ਅਤੇ ਰੱਖਣ ਵਿਚ ਪਾਸਕੂ ਬਣਨ ਲਈ ਅੱਗੇ ਲਿਆ ਰਿਹਾ ਹੈ, ਜਿਸ ਨਵੇਂ ਕਿਰਦਾਰ ਨੂੰ ਨਿਭਾਉਣ ਲਈ ਭਾਰਤ ਵਿਚ ਨਿਪੁੰਨਤਾ ਦੀ ਮੌਜੂਦਗੀ ਇੱਕ ਹੌਂਸਲਾ ਦਿੰਦੀ ਹੈ।

ਹੁਣੇ ਹੁਣੇ BRICS ਦੇ ਸਾਰੇ 11 ਮੈਂਬਰ ਦੇਸ਼ਾਂ ਦੇ ਸਰਬਪ੍ਰਮੁਖ ਸੁਰੱਖਿਆ ਅਧਿਕਾਰੀਆਂ ਦਾ 16ਵਾਂ ਇਕੱਠ ਹੋਇਆ ਹੈ- ਅਜੇ ਵੀ ਚੱਲੀ ਹੀ ਤਾਂ ਜਾ ਰਹੀਆਂ ਜੰਗਾਂ ਦੇ ਮਹੌਲ ਵਿਚ। ਦਿੱਲੀ ਵਿਚ ਇਹ ਬੈਠਕ ਹੋਣੀ- ਭਾਰਤ ਦੇ ਸਰਬਪ੍ਰਮੁਖ ਸੁਰੱਖਿਆ ਅਧਿਕਾਰੀ ਅਜੀਤ ਡੋਵਲ ਦੀ ਪ੍ਰਧਾਨਗੀ ਵਿਚ- ਭਾਰਤ ਲਈ ਇੱਕ ਵੱਡਾ ਤਗ਼ਮਾ ਹੈ। ਇਨ੍ਹਾਂ ਦੇਸ਼ਾਂ ਵਿਚ ਚੀਨ ਵੀ ਸੀ, ਇਰਾਨ ਵੀ, ਰੂਸ ਵੀ ਅਤੇ ਕੁਝ ਅਰਬ ਦੇਸ਼ ਵੀ, ਦੱਖਣੀ ਅਮਰੀਕਾ ਅਤੇ ਦੱਖਣੀ ਅਫ਼ਰੀਕਾ ਦੀ ਵੀ ਨੁਮਾਇੰਦਗੀ ਸੀ। ਕੋਈ ਵੀ ਸਾਂਝਾ ਬਿਆਨ ਬਾਹਰ ਨਾ ਆ ਸਕਿਆ- ਜਿਸ ਤੋਂ ਦਿਸਦਾ ਹੈ ਕਿ ਕਈ ਮੁੱਦੇ ਤਿੱਖੀ ਬਹਿਸ-ਹੇਠ ਹਨ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਆਪਸ ਵਿਚ ਤਿੱਖੇ ਵਿਰੋਧ ਰੱਖਦੇ ਦੇਸ਼ਾਂ ਨੂੰ ਵੀ ਭਾਰਤ ਇੱਕੋ ਮੇਜ਼ ਦੁਆਲੇ ਬੈਠਣ ਲਈ ਸੱਦ ਕੇ ਇਨ੍ਹਾਂ ਦੀ ਹਾਜ਼ਰੀ ਯਕੀਨੀ ਵੀ ਕਰਾਅ ਸਕਿਆ! ਭਾਰਤ ਦੀ ਰਾਜਦੂਤਕ ਸੂਝ-ਸਮਝ ਸਭ ਦੇ ਸਾਹਮਣੇ ਆਈ ਹੈ। ਗੁੱਟ-ਨਿਰਪੇਖਤਾ ਭਾਰਤ ਦੀ ਰਵਾਇਤ ਰਹੀ ਹੈ- ਹੁਣ, ਖ਼ੁਦਮੁਖ਼ਤਿਆਰ ਰਹਿੰਦਿਆਂ ਵੀ, ਸਭ ਧਿਰਾਂ ਨਾਲ ਵਾਹ ਰੱਖਣਾ, ਗੱਲਬਾਤ-ਯੋਗ ਇੱਕ ਥਾਂ ਬਣਾਈ ਰੱਖਣੀ, ਵਿਸ਼ਵੀ ਦਾਅ-ਪੇਚ ਦੇ ਤੌਰ ਉੱਤੇ ਅਗਵਾਈ ਦੇਣ ਵਾਲੀ ਅਤੇ ਅਮਨ-ਕਰਾਉ ਤਾਕਤ ਹੋਣ-ਬਣਨ ਵੱਲੋਂ ਇਸਦਾ ਇੱਕ ਨਵਾਂ ਕਿਰਦਾਰ ਬਣਿਆ ਹੈ -ਅਤੇ ਇਹ ਜ਼ਿੰਮੇਵਾਰੀ ਇਸ ਨੇ ਸਹਿਜ ਹੀ ਅਪਣਾਅ ਲਈ ਹੈ। ਨਾ ਅਮਰੀਕਾ ਅਤੇ ਨਾ ਚੀਨ ਦੇ ਪੱਲੇ ਵਿਚ ਭੁਗਤਣ ਵਿਚ ਭਾਰਤ ਕਾਮਯਾਬ ਹੋਇਆ ਦਿਸਦਾ ਹੈ- ਜੋ ਕਿ BRICS ਦੀ ਪਹਿਲੀ ਸ਼ਰਤ ਹੈ।

ਇਹ ਖ਼ੁਸ਼ੀ ਦੀ ਗੱਲ ਹੈ ਕਿ ਚੀਨ ਨਾਲ ਵੀ ਇਸਦੀ ਇੱਕ ਆਪਸੀ ਗੱਲਬਾਤੀ-ਰਿਸ਼ਤਾ ਕਾਇਮ ਰੱਖਣ ਦੀ ਸਹਿਮਤੀ ਬਣੀ ਦਿਸਦੀ ਹੈ। ਵੇਖਿਆ ਜਾਏ ਤਾਂ ਇਸ ਰਿਸ਼ਤੇ ਦੇ ਸਹੀ ਸਹੀ ਨਿਭਣ ਉੱਤੇ ਹੀ ਖ਼ੁਦ BRICS ਦਾ ਵੀ ਸਫ਼ਲ ਭਵਿੱਖ ਟਿਕਿਆ ਹੈ। (ਚੀਨ ਨਾਲ ਉਲਝਣ ਇਹ ਦੱਸੀ ਜਾ ਰਹੀ ਹੈ: ਭਾਰਤ ਪਹਿਲਾਂ ਉਸ ਵੱਲੋਂ ਇੱਕ ਯਕੀਨ ਚਾਹੁੰਦਾ ਹੈ ਪਰ ਚੀਨ, ਪਹਿਲਾਂ ਕੋਈ ਯਕੀਨ ਦੁਆਉਣ ਦੀ ਥਾਂ, ਹਾਲ ਦੀ ਘੜੀ, ਗੱਲਬਾਤ ਨੂੰ ਇੱਕ ਪਾਸੇ ਰੱਖਣਾ। ਜ਼ਾਹਿਰ ਹੈ, ਅਰੁਣਾਚਲ ਅਤੇ ਪਾਕਿਸਤਾਨ ਨੂੰ ਮਦਦ, ਆਦਿ, ਦੀਆਂ ਤਲਵਾਰਾਂ -ਭਾਰਤ ਨੂੰ ਆਪਣੇ ਹੱਕ ਵਿਚ ਝੁਕਣ ਲਈ ਮਜਬੂਰ ਕਰਾਉਣ ਲਈ ਵਰਤੀਆਂ ਜਾਣ ਲਈ -ਅਜੇ ਮਿਆਨ ਵਿਚ ਰੱਖਣਾ ਚਾਹੁੰਦਾ ਹੈ।

BRICS ਬੈਠਕ ਵਿਚ ਸ਼ਾਂਤੀ ਨਾਲ ਇਹ ਹਾਸਿਲ ਹੋਇਆ ਦਿਸਦਾ ਹੈ: ਹੁਣ ਸੰਸਾਰ ਵਿਚ ਇਕੱਲਾ ਅਮਰੀਕਾ ਹੀ ਸੁਰੱਖਿਆ ਦੀਆਂ ਸ਼ਰਤਾਂ ਨਹੀਂ ਲਾਏਗਾ ਅਤੇ ਨਾ ਹੀ BRICS ਦੇ ਹੋਰ ਮੈਂਬਰ ਮੁਲਕ, ਚੀਨ ਲਈ, ਮਜਬੂਰੀ ਵੱਸ ਵਫ਼ਾਦਾਰੀ ਰੱਖਣਗੇ।

ਇਸ ਇਕੱਤਰਤਾ ਵਿਚ ਸਫ਼ਲਤਾ ਨਾਲ ਇਹ ਆਖਿਆ ਜਾ ਸਕਿਆ ਕਿ: ਸਿਰਫ਼ ਦਿਸਦੀਆਂ ਜੰਗਾਂ ਨਹੀਂ - ਦਹਿਸ਼ਤਗਰਦੀ ਨੂੰ ਤਕਨਾਲੋਜੀ ਦੀ ਤਰੱਕੀ ਨਾਲ ਹੋਰ ਵਧੇਰੇ ਮਾਰੂ ਬਣਾਅ ਕੇ ਵਰਤਣਾ, ਖ਼ੁਰਾਕ, ਖਾਦ, ਬਿਜਲੀ , ਮੌਸਮਾਂ ਦੀ ਤਬਦੀਲੀ ਮੁਤਾਬਕ ਢਲਣ ਦੀਆਂ ਅਤਿ-ਅਹਿਮ ਲੋੜਾਂ ਦੀ ਸਪਲਾਈ ਨੂੰ ਹਥਿਆਰ ਵਾਂਗ ਵਰਤਣਾ, ਬੁਨਿਆਦੀ ਢਾਂਚੇ ਦੇ ਅਤਿ-ਅਹਿਮ ਡਿਜੀਟਲ ਹਿੱਸਿਆਂ ਉੱਤੇ ਹਮਲੇ- ਅੱਜ ਇਹ ਵੀ ਲੜਨ ਦੇ ਢੰਗ ਹਨ।

ਇਹ BRICS ਦੀ ਇੱਕ ਤਿਆਰੀ-ਬੈਠਕ ਸੀ, ਹੁਣ ਸਤੰਬਰ ਵਿਚ ਭਾਰਤ ਵਿਚ ਹੀ ਅਸਲ ਬੈਠਕ ਵੀ ਹੋਣੀ ਹੈ, ਜਿਸ ਦੇ ਵਾਸਤੇ ਨਾਅਰਾ ਤੈਅ ਹੈ -BRICS ਦੇ ਅੱਖਰਾਂ ਤੋਂ ਹੀ ਬਣਿਆ - ਉਸਾਰਨਾ, ਡਟਣਾ, ਕਾਢਾਂ ਕੱਢਣਾ, ਆਪਸੀ ਸਹਿਯੋਗ ਕਰਨਾ ਅਤੇ ਹੰਢਣਸਾਰ ਤੌਰ ਤਰੀਕੇ ਅਪਨਾਉਣੇ।

THE OLDEST
LITERARY
PUNJABI MAGAZINE
IN THE WORLD

ਅੰਕ # 7
ਕੁਲ ਅੰਕ 944
ਜੁਲਾਈ 2026

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ
ਸੰਪਾਦਕ ਸੁਮੀਤ
ਸਿੰਘ ਦੀ ਯਾਦ
ਵਿਚ ਅਤੇ ਸ੍ਰੀ
ਪੀ ਐੱਚ ਵੈਸ਼ਨਵ
(IAS) ਮਰਹੂਮ ਦੇ
ਅਨੂਠੇ ਉਤਸ਼ਾਹ
ਦੇਣ ਸਦਕਾ
ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੋਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT, NON-PROFIT PUBLICATION. WE RELY ON THE SUPPORT OF OUR READERS AND PATRONS. TO ENQUIRE ABOUT WAYS YOU CAN COLLABORATE AND SUPPORT PREET LARI, PLEASE CONTACT PREETLARHI@GMAIL.COM

₹ 50	ਮੁੱਲ
₹ 600	ਸਾਲਾਨਾ ਚੰਦਾ
₹ 25,000	ਜੀਵਨ ਸਾਥ (ਭਾਰਤ)
₹ 4,000	ਵਿਦੇਸ਼ ਸਲਾਨਾ
₹ 8,000	ਵਿਦੇਸ਼ ਸੰਸਥਾਵਾਂ ਸਲਾਨਾ

https://preetlari.in

@preetlarimagazine on Instagram

facebook.com/groups/
preetlari magazine

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

FOR BANK TRANSFER,
OUR BANK ACCOUNT :
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
FOR UPI/GOOGLEPAY
9876263725

CONTACT:
PREET LARI,
VILLAGE PREET NAGAR
(DISTT AMRITSAR) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ ।"

ਮੁੱਖ ਸਫ਼ਾ: (Part) Pravin Utge: “Magical Waterlilies”- 24 x 48 in-Rs 1.30L- Mixed Media on Canvas-2026. Kind courtesy Verandah Art Gallery, Kolkata

ਸੰਪਾਦਕਾ, ਪ੍ਰੀਤ ਲੜੀ

ਸ ਸੰਪਾਦਕੀ
ਭ ਭਖਦਾ
ਕਿ ਕਵਿਤਾ
ਨਾ ਨਾਟਕ

ਕ ਕਹਾਣੀ
ਯ ਯਾਦ
ਜ ਜਾਣਕਾਰੀ
ਹ ਹਾਸ ਰਸ

ਦ ਦਾਰ ਜੀ ਨੂੰ ਯਾਦ ਕਰਦਿਆਂ
ਨ ਨਵੀਂ ਕਿਤਾਬ
ਲ ਲੜੀਵਾਰ
ਮੁ ਮੁਲਾਕਾਤ

ਬ ਬਾਲਾਂ ਲਈ
ਹੁੰ ਹੁੰਗਾਰੇ
E English Matter

03 ਸੰ ਭਾਰਤ ਕੇਂਦਰ ਵਿਚ ਆ ਗਿਆ ਹੈ। ਪੂਨਮ ਸਿੰਘ

06 ਖ ਬਸ਼ੀਰ ਬਦ੍ਰ ਤੇ ਉਨ੍ਹਾਂ ਦੀ ਗ਼ਜ਼ਲ ਬਾਰੇ; ਉਨ੍ਹਾਂ ਦੇ ਕੁਝ ਸ਼ੇ'ਅਰ
ਕਰਨ ਬੀਰ ਸਿੰਘ ਸਿੱਧੂ ਆਈਐੱਸ; ਰਖ਼ਸ਼ੰਦਾ ਜਲੀਲ

44 ਦ ਗੁਰਦੁਆਰਾ ਪੰਜਾ ਸਾਹਬ 1935-36 ਗੁਰਬਖ਼ਸ਼ ਸਿੰਘ

43 ਹੁੰ ਪ੍ਰੀਤ ਲੜੀ ਦੀ ਸਭ ਤੋਂ ਚੰਗੀ ਗੱਲ ਰਜਨੀ ਵਾਲੀਆ

18 ਭ ਮੋਦੀਨੌਮਿਕਸ (ਮੋਦੀ-ਆਰਥਕਤਾ) ਦੀਆਂ ਕਈ ਸ਼ਕਲਾਂ
ਆਰ.ਜਗਨਨਾਥ

22 ਕਿ ਓਮ ਪ੍ਰਕਾਸ਼ ਵਾਲਮੀਕੀ- 4 ਕਵਿਤਾਵਾਂ ਤਰਜਮਾ: ਪੂਨਮ ਸਿੰਘ

35 ਖ ਮੰਟੋ ਦਾ ਨਹਿਰੂ ਦੇ ਨਾਂ ਮਸ਼ਹੂਰ ਖਤ

42 ਭ I-N-D-I-A: ਗੱਠਜੋੜ ਜੋ ਫ਼ੈਸਲਾ ਨਹੀਂ ਕਰ ਪਾ ਰਿਹਾ ਕਿ
ਉਹ ਚਾਹੁੰਦਾ ਕੀ ਹੈ? ਕੇਬੀਐੱਸ ਸਿੱਧੂ, IAS (Retd)

09 ਕ ਐਡਜਸਟਮੈਂਟ ਰਣਜੋਧ ਸਿੰਘ

11 ਕ ਪੀਟਰ ਮਿਸ਼ਰਾ ਓਮ ਪ੍ਰਕਾਸ਼ ਵਾਲਮੀਕੀ

37 ਕ ਕੱਚੀਆਂ ਇਟਾਂ ਪੱਕੇ ਹੰਝੂ ਮਨਜੀਤ ਮਾਨ

20 ਜ ਬਕਲੀ'ਜ਼ ਚਾਂਸ! ਅਵਤਾਰ ਸ. ਸੰਘਾ

08 ਕਿ ਪਿਆਰੀਆਂ ਨਿਸ਼ਾਨੀਆਂ ਦੇਵਿੰਦਰ ਬਿਮਰਾ

10 ਕਿ ਉਦਾਸੀ ਸੋਚਤੀ ਹੋਗੀ; ਖੋਹ ਮਜ਼ਹਰ ਸੀਮਾਬ ਗੌਹਰ

39 ਕਿ ਭਾਵੁਕ ਹੋਣਾ ਉਮਾ ਤ੍ਰਿਲੋਕ

43 ਕਿ ਸੰਧੂ ਗਗਨ; ਇੰਦਿਰਾ ਕਿਸਲਯ; ਸਿਫ਼ਰ ਸਤਬੀਰ
ਰਜਨੀ ਵਾਲੀਆ ਵੱਲੋਂ ਪ੍ਰੀਤ ਲੜੀ ਬਾਰੇ ਇੱਕ ਟਿੱਪਣੀ

24 ਯ ਕੇਸ਼ਵ ਪੰਡਿਤ ਰਵਿੰਦਰ ਸ਼ਰਮਾ

28 ਨ ਦੀਵਾ ਤੇ ਲਾਲਟੈਨ / ਈਸ਼ਦੀਪ ਕੌਰ ਈਸ਼ਾ ਪ੍ਰੋ. ਨਵਸੰਗੀਤ ਸਿੰਘ

29 ਯ ਮਾਸੂਮ ਦੀਆਂ ਗੱਲਾਂ ਮਨਮੋਹਨ ਸਿੰਘ

30 ਯ ਬਿੰਦਰ ਕੱਪੜੇਵਾਲੇ ਤੋਂ ਬਿੰਦਰ ਮਾਲਸ਼ਵਾਲੇ ਤੱਕ ਰਮੇਸ਼ ਸੇਠੀ

31 ਜ ਟੀਪੂ ਸੁਲਤਾਨ ਦੀ ਪੜ-ਪੜ-ਪੜ-ਪੜਪੋਤਰੀ ਨੂਰ
ਸੂਫ਼ੀ ਸੰਗੀਤਕਾਰ ਨਾਜ਼ੀਆਂ ਨਾਲ ਲੜੀ- ਜਸੂਸੀ ਲਈ ਮਸ਼ਹੂਰ ਹੋਈ

38 ਜ ਕੁੜੀਆਂ ਦੀ ਪੜ੍ਹਾਈ ਉੱਤੇ ਘੱਟ ਖਰਚ ਕਰਦੇ ਹਨ ਪੰਜਾਬੀ
ਡਾ. ਵਿਜੇ ਗਰਗ

25-28 ਨਿੱਕਿਆਂ ਦੀ ਨੁੱਕਰ

40 ਲ ਰੇਡੀਓ ਦੀਆਂ ਯਾਦਾਂ -28 ਦੇਵਿੰਦਰ ਮਹਿੰਦਰੂ

41 ਲ ਰੌਸ਼ਨ ਅੱਖਰ - ਰੇਡੀਓ; The Island Missing Trees
ਡਾ. ਨਵਦੀਪ ਕੌਰ

47 E Harnam Singh Shan Sikhnet

49 E Race The Wind Siddharth Maskeri

50 E A Poem from 1927 A.A.Miln



ਗੁਰਬਖ਼ਸ਼ ਸਿੰਘ, ਨਵਤੇਜ ਸਿੰਘ

ਬਸ਼ੀਰ ਬਦ੍ਰ
ਇੱਕ ਸ਼ਰਧਾਂਜਲੀ

ਆਲੇ ਅਪਨੀ ਯਾਦੋਂ ਕੇ ਹਮਾਰੇ ਸਾਥ ਰਹਿਨੇ ਦੋ
ਨ ਜਾਨੇ ਕਿਸ ਗਲੀ ਮੇਂ ਜ਼ਿੰਦਗੀ ਕੀ ਸ਼ਾਮ ਹੋ ਜਾਏ

ਦੁਸ਼ਮਨੀ ਜਮ ਕਰ ਕਰੋ ਲੇਕਿਨ ਯੇ ਗੁੰਜਾਇਸ਼ ਰਹੇ
ਜਬ ਕਭੀ ਹਮ ਦੋਸਤ ਹੋ ਜਾਏਂ ਤੋ ਸ਼ਰਮਿੰਦਾ ਨ ਹੋਂ

ਕੁਛ ਤੋ ਮਜਬੂਰੀਆਂ ਰਹੀ ਹੋਂਗੀ
ਯੂੰ ਹੀ ਕੋਈ ਬੇਵਫ਼ਾ ਨਹੀਂ ਹੋਤਾ
ਨ ਜੀ ਭਰ ਕੇ ਦੇਖਾ ਨਾ ਕੁਛ ਬਾਤ ਕੀ
ਬੜੀ ਆਰਜ਼ੂ ਥੀ ਮੁਲਾਕ਼ਾਤ ਕੀ

ਹਮ ਭੀ ਦਰਿਯਾ ਹੈਂ
ਹਮੇਂ ਅਪਨਾ ਹੁਨਰ ਮਾਲੂਮ ਹੈ
ਜਿਸ ਤਰਫ਼ ਭੀ ਚਲ ਪੜੇਂਗੇ
ਰਾਸਤਾ ਹੋ ਜਾਏਗਾ

ਮੁਸਾਫ਼ਿਰ ਹੈਂ ਹਮ ਭੀ ਮੁਸਾਫ਼ਿਰ ਹੋ ਤੁਮ ਭੀ
ਕਿਸੀ ਮੋੜ ਪਰ ਫਿਰ ਮੁਲਾਕ਼ਾਤ ਹੋਗੀ

ਜ਼ਿੰਦਗੀ ਤੂਨੇ ਮੁਝੇ ਕਬ੍ਰ ਸੇ ਕਮ ਦੀ ਹੈ ਜ਼ਮੀਂ
ਪਾਂਵ ਫੈਲਾਊਂ ਤੋ ਦਿਵਾਰ ਮੇਂ ਸਰ ਲਗਤਾ ਹੈ

ਬੜੇ ਲੋਗੋਂ ਸੇ ਮਿਲਨੇ ਮੇਂ ਹਮੇਸ਼ਾ ਫ਼ਾਸਲਾ ਰਖਨਾ
ਜਹਾਂ ਦਰਯਾ ਸਮੁੰਦਰ ਸੇ ਮਿਲਾ ਦਰਯਾ ਨਹੀਂ ਰਹਿਤਾ

ਜਿਸ ਦਿਨ ਸੇ ਚਲਾ ਹੂੰ ਮਿਰੀ ਮੰਜ਼ਿਲ ਪੇ ਨਜ਼ਰ ਹੈ
ਆਂਖੋਂ ਸੇ ਕਭੀ ਮੀਲ ਕਾ ਪੱਥਰ ਨਹੀਂ ਦੇਖਾ

ਕੋਈ ਹਾਥ ਭੀ ਨ ਮਿਲਾਏਗਾ ਜੋ ਗਲੇ ਮਿਲੋਗੇ ਤਪਾਕ ਸੇ
ਯੇ ਨਏ ਮਿਜ਼ਾਜ ਕਾ ਸ਼ਹਿਰ ਹੈ
ਜ਼ਰਾ ਫ਼ਾਸਲੇ ਸੇ ਮਿਲਾ ਕਰੋ

ਯਹਾਂ ਲਿਬਾਸ ਕੀ ਕ਼ੀਮਤ ਹੈ
ਆਦਮੀ ਕੀ ਨਹੀਂ
ਮੁਝੇ ਗਿਲਾਸ ਬੜੇ ਦੇ
ਸ਼ਰਾਬ ਕਮ ਕਰ ਦੇ



1935 – 2026

ਬਸ਼ੀਰ ਬਦ੍ਰ ਇਸ ਯੁਗ ਦੇ ਮਹਾਨ ਨਾਵਾਂ ਵਿਚ ਹਨ- ਪਦਮਸ਼੍ਰੀ- ਅਤੇ ਬਹੁਤ ਪਿਆਰ ਨਾਲ ਉਨ੍ਹਾਂ ਦੇ ਸਰੋਤੇ ਉਨ੍ਹਾਂ ਨੂੰ ਸੁਣਦੇ ਸਨ। ਉਨ੍ਹਾਂ ਦੇ ਸ਼ੇ'ਰ ਪੜ੍ਹੀਏ ਤਾਂ ਇੱਕ ਜ਼ਿੰਦਾਦਿਲੀ, ਖ਼ੁਸ਼ਮਿਜ਼ਾਜੀ ਅਤੇ ਮੁਹੱਬਤ ਦੀ ਖ਼ੁਸ਼ਬੂ ਮਿਲਦੀ ਹੈ। ਬਦੋਬਦੀ ਦਿਲ ਖ਼ੁਸ਼ ਹੋ ਜਾਂਦਾ ਹੈ ਅਤੇ ਮੁਸਕ੍ਰਾਉਂਦਾ ਹੈ। ਉਨ੍ਹਾਂ ਦੇ ਸ਼ੇ'ਰ ਬਹੁਤ ਸੌਖੇ ਮੂੰਹ ਉੱਤੇ ਚੜ੍ਹ ਜਾਂਦੇ ਹਨ ਅਤੇ ਅਖਾਣਾਂ ਵਰਗਾ ਅਸਰ ਰੱਖਦੇ ਹਨ। ਉਨ੍ਹਾਂ ਦੇ ਦੁਨੀਆ ਛੱਡ ਜਾਣ ਉੱਤੇ ਉਨ੍ਹਾਂ ਦੇ ਪਰਿਵਾਰ ਅਤੇ ਪਾਠਕਾਂ-ਸਰੋਤਿਆਂ, ਅਜ਼ੀਜ਼ਾਂ ਦੇ ਦੁੱਖ ਵਿਚ ਸ਼ਾਮਿਲ ਹੁੰਦੇ ਹਾਂ।
ਪੇਸ਼ ਹਨ ਉਨ੍ਹਾਂ ਦੀ ਯਾਦ ਵਿਚ ਲਿਖੇ ਦੋ ਪ੍ਰਸ਼ੰਸਕਾਂ ਦੇ ਕੁਝ ਸ਼ਬਦ, ਅਤੇ ਬਰਸਾਤ ਦੀ ਝੜੀ ਵਰਗੇ ਉਨ੍ਹਾਂ ਦੇ ਬਹੁਤ ਸਾਰੇ ਸ਼ੇ'ਰ ਵੀ! –ਸੰ.

ਜਦੋਂ ਕਵੀ ਆਪਣੇ ਹੀ ਲਫ਼ਜ਼ ਭੁੱਲ ਗਿਆ:
ਕਰਨ ਬੀਰ ਸਿੰਘ ਸਿੱਧੂ IAS (Retd)

ਬਸ਼ੀਰ ਬਦ੍ਰ ਨੂੰ ਯਾਦ ਕਰਦਾ ਹਾਂ, ਉਹ ਆਖ਼ਰੀ ਅਵਾਜ਼ ਜਿਸ ਕਰਕੇ ਉਰਦੂ ਗ਼ਜ਼ਲ ਘਰ ਵਰਗੀ ਲੱਗਦੀ ਸੀ। ਬਸ਼ੀਰ ਬਦ੍ਰ ਨੇ ਸਾਰੀ ਉਮਰ ਯਾਦਦਾਸ਼ਤ ਬਾਰੇ ਲਿਖਿਆ। ਉਨ੍ਹਾਂ ਲਿਖਿਆ ਯਾਦਦਾਸ਼ਤ ਤੋਂ ਝਰਦੀ ਇੱਕ ਰੌਸ਼ਨੀ ਬਾਰੇ, ਉਨ੍ਹਾਂ ਗਲੀਆਂ ਬਾਰੇ ਜਿਨ੍ਹਾਂ ਵਿਚ ਇਹ ਰੁਕ ਰੁਕ ਤੁਰੀ ਫਿਰਦੀ ਰਹਿੰਦੀ ਹੈ, ਅਤੇ ਉਸ ਬੇ-ਨਾਮ ਘੁਸਮੁਸੇ ਬਾਰੇ ਕਿ ਜਦੋਂ ਇਹ ਅਖ਼ੀਰ ਧੁੰਦਲੀ ਪੈ ਜਾਂਦੀ ਹੈ। ...
ਸੱਯਦ ਮੁਹੰਮਦ ਬਸ਼ੀਰ –ਕਲਮੀ ਨਾਂ ਬਦ੍ਰ, ਪੂਰੇ ਚੰਨ ਲਈ ਅਰਬੀ ਸ਼ਬਦ– 1935 ਵਿਚ ਅਯੁੱਧਿਆ ਜੰਮੇ ਸਨ। ਅਲੀਗੜ੍ਹ ਮੁਸਲਿਮ ਯੂਨਿਵਰਸਟੀ ਪੜ੍ਹੇ, ਮੇਰਠ ਕਾਲਜ ਵਿਚ 17 ਸਾਲ ਪੜ੍ਹਾਇਆ, ਅਤੇ 1987 ਵਿਚ, ਓਸੇ ਸ਼ਹਿਰ ਦੇ ਫ਼ਿਰਕੂ ਦੰਗਿਆਂ ਨੂੰ ਆਪਣੇ ਘਰ, ਆਪਣੀਆਂ ਕਿਤਾਬਾਂ, ਅਤੇ ਦਸਤਾਵੇਜ਼ ਨੂੰ ਅੱਗ ਵਿਚ ਸਾੜਿਆ ਜਾਣਾ ਵੇਖਿਆ, ਜਿਨ੍ਹਾਂ ਨੂੰ ਹੁਣ ਕੋਈ ਕਦੇ ਵੀ ਨਹੀਂ ਪੜ੍ਹੇਗਾ। ਉਹ ਭੋਪਾਲ ਚਲੇ ਗਏ, ਰਹਿਣ। ਲਿਖਦੇ ਰਹੇ। 1999 ਵਿਚ, ਸਾਹਿੱਤ ਅਕਾਦਮੀ ਨੇ ਉਨ੍ਹਾਂ ਨੂੰ ਸੰਗ੍ਰਹਿ "ਆਸ" ਲਈ ਸਨਮਾਨ ਦਿੱਤਾ; ਭਾਰਤ ਸਰਕਾਰ ਨੇ 199 ਵਿਚ ਹੀ "ਪਦਮ ਸ਼੍ਰੀ" ਦਿੱਤਾ। ਇਨ੍ਹਾਂ ਇਨਾਮਾਂ ਤੋਂ ਪੂਰਾ ਨਹੀਂ ਪਤਾ ਲੱਗ ਸਕਦਾ ਕਿ ਉਹ ਅਸਲ ਵਿਚ ਹੈ ਕੀ ਸਨ: ਉਹ ਕਵੀ ਜਿਸ ਨੇ ਉਰਦੂ ਗ਼ਜ਼ਲ ਨੂੰ ਵਾਪਿਸ ਉਨ੍ਹਾਂ ਲੋਕਾਂ ਨੂੰ ਮੋੜ ਦਿੱਤਾ ਕਿ ਜਿਸ ਬਾਰੇ ਇਹ ਹਮੇਸ਼ਾ ਲਿਖਦੀ ਆਈ ਸੀ। ਇਹੀ ਖ਼ਾਸੀਅਤ ਅਸਲੀ ਮਾਇਨਾ ਰੱਖਦੀ ਹੈ। ...
ਆਪਣੇ ਇਤਿਹਾਸ ਤੋਂ ਹੀ ਗ਼ਜ਼ਲ, ਬਹੁਤ ਭਾਰੇ ਗਹਿਣਿਆਂ-ਸ਼ਿੰਗਾਰਾਂ ਨਾਲ ਲੱਦੀ ਰਹੀ ਹੈ— ਇਸ਼ਾਰਿਆਂ, ਸੁਝਾਵਾਂ ਰਾਹੀਂ ਗੱਲ ਕਰਦੀ, ਸਿੱਧੀ ਨਹੀਂ –ਅਖੇ ਪਾਠਕ ਨੂੰ ਸਭਿਆਚਾਰਕ ਹਵਾਲਾ ਪਤਾ ਹੀ ਹੋਵੇਗਾ; ਇਹ ਦਰਬਾਰੀ ਸੀ, ਇਸਦਾ ਪਾਠਕ ਬਹੁਤ ਖ਼ਾਸ ਕਿਸਮ ਦਾ ਹੋਣਾ ਚਾਹੀਦਾ ਸੀ। ਬਦ੍ਰ ਨੇ ਇਸਦੇ ਇਹ ਸਾਰੇ ਓਹਲੇ ਜਿਵੇਂ ਲਾਹ ਇਸਨੂੰ ਕੇ ਕੁਦਰਤੀ ਹਾਲ ਵਿਚ ਲਿਆਂਦਾ। ਬੋਲੀ ਸਮਕਾਲੀ। ਸ਼ਿੰਗਾਰ; ਇਸ਼ਾਰਾ ਕਰਦੇ ਸ਼ਬਦ ਅਸਲੀ ਜੀਵੀ ਜ਼ਿੰਦਗੀ ਵਿਚੋਂ ਆਉਂਦੇ, →

ਹਰ ਧੜਕਤੇ ਪੱਥਰ ਕੋ ਲੋਗ
ਦਿਲ ਸਮਝਤੇ ਹੈਂ
ਉਮਰੇਂ ਬੀਤ ਜਾਤੀ ਹੈਂ
ਦਿਲ ਕੋ ਦਿਲ ਬਨਾਨੇ ਮੇਂ

ਤੁਮ੍ਹੇਂ ਜ਼ਰੂਰ ਕੋਈ ਚਾਹਤੋਂ ਸੇ ਦੇਖੇਗਾ
ਮਗਰ ਵੋ ਆਂਖੇਂ ਹਮਾਰੀ ਕਹਾਂ ਸੇ ਲਾਏਗਾ

ਮੁਹੱਬਤੋਂ ਮੇਂ
ਦਿਖਾਵੇ ਕੀ ਦੋਸਤੀ ਨ ਮਿਲੇ
ਅਗਰ ਗਲੇ ਨਹੀਂ ਮਿਲਤਾ
ਤੋ ਹਾਥ ਭੀ ਨ ਮਿਲਾ

ਯੇ ਫੂਲ ਮੁਝੇ
ਕੋਈ ਵਿਰਾਸਤ ਮੇਂ ਮਿਲੇ ਹੈਂ
ਤੁਮ ਨੇ ਮਿਰਾ
ਕਾਂਟੋਂ ਭਰਾ ਬਿਸਤਰ ਨਹੀਂ ਦੇਖਾ

ਖ਼ੁਦਾ ਕੀ
ਇਤਨੀ ਬੜੀ ਕਾਇਨਾਤ ਮੇਂ
ਮੈਂਨੇ ਬਸ ਏਕ ਸ਼ਖ਼ਸ ਕੋ ਮਾਂਗਾ
ਮੁਝੇ ਵਹੀ ਨ ਮਿਲਾ

ਇਤਨੀ ਮਿਲਤੀ ਹੈ
ਮਿਰੀ ਗ਼ਜ਼ਲੋਂ ਸੇ ਸੂਰਤ ਤੇਰੀ
ਲੋਗ ਤੁਝ ਕੋ
ਮਿਰਾ ਮਹਬੂਬ ਸਮਝਤੇ ਹੋਂਗੇ

ਤੁਮ ਮੁਝੇ ਛੋੜ ਕੇ ਜਾਓਗੇ
ਤੋ ਮਰ ਜਾਊਂਗਾ
ਯੂੰ ਕਰੋ ਜਾਨੇ ਸੇ ਪਹਲੇ
ਮੁਝੇ ਪਾਗਲ ਕਰ ਦੋ

ਤੁਮ ਮੁਹੱਬਤ ਕੋ ਖੇਲ ਕਹਤੇ ਹੋ
ਹਮ ਨੇ ਬਰਬਾਦ ਜ਼ਿੰਦਗੀ ਕਰ ਲੀ

ਮੁਖ਼ਾਲਿਫ਼ਤ ਸੇ
ਮਿਰੀ ਸ਼ਖ਼ਸਿਯਾਤ ਸੰਵਰਤੀ ਹੈ
ਮੈਂ ਦੁਸ਼ਮਨੋਂ ਕਾ
ਬੜਾ ਇਹਤਿਰਾਮ ਕਰਤਾ ਹੂੰ

ਸ਼ੋਹਰਤ ਕੀ ਬੁਲੰਦੀ ਭੀ
ਪਲ ਭਰ ਕਾ ਤਮਾਸ਼ਾ ਹੈ
ਜਿਸ ਡਾਲ ਪੇ ਬੈਠੇ ਹੋ
ਵੋ ਟੂਟ ਭੀ ਸਕਤੀ ਹੈ

ਹਮ ਤੋ ਕੁਛ ਦੇਰ ਹੰਸ ਭੀ ਲੇਤੇ ਹੈਂ
ਦਿਲ ਹਮੇਸ਼ਾ ਉਦਾਸ ਰਹਤਾ ਹੈ

ਪੱਥਰ ਮੁਝੇ ਕਹਤਾ ਹੈ
ਮਿਰਾ ਚਾਹਨੇ ਵਾਲਾ
ਮੈਂ ਮੋਮ ਹੂੰ
ਉਸ ਨੇ ਮੁਝੇ ਛੂ ਕਰ ਨਹੀਂ ਦੇਖਾ

ਸਰ ਝੁਕਾਓਗੇ
ਤੋ ਪੱਥਰ ਦੇਵਤਾ ਹੋ ਜਾਏਗਾ
ਇਤਨਾ ਮਤ ਚਾਹੋ ਉਸੇ
ਵੋ ਬੇਵਫ਼ਾ ਹੋ ਜਾਏਗਾ

ਮੈਂ ਚੁਪ ਰਹਾ ਤੋ ਔਰ
ਗ਼ਲਤ-ਫ਼ਹਿਮੀਆਂ ਬੜ੍ਹੀਂ
ਵੋ ਭੀ ਸੁਨਾ ਹੈ
ਉਸਨੇ ਜੋ ਮੈਂਨੇ ਕਹਾ ਨਹੀਂ

ਹਸੀਂ ਤੋ ਔਰ ਹੈਂ ਲੇਕਿਨ
ਕੋਈ ਕਹਾਂ ਤੁਝ ਸਾ
ਜੋ ਦਿਲ ਜਲਾਏ ਬਹੁਤ
ਫਿਰ ਭੀ ਦਿਲਰੁਬਾ ਹੀ ਲਗੇ

ਮੈਂ ਜਬ ਸੋ ਜਾਊਂ
ਇਨ ਆਂਖੋਂ ਪੇ ਅਪਨੇ ਹੋਂਠ ਰਖ ਦੇਨਾ
ਯਕੀਂ ਆ ਜਾਏਗਾ
ਪਲਕੋਂ ਤਲੇ ਭੀ ਦਿਲ ਧੜਕਤਾ ਹੈ

ਮੈਂ ਬੋਲਤਾ ਹੂੰ ਤੋ
ਇਲਜ਼ਾਮ ਹੈ ਬਗ਼ਾਵਤ ਕਾ
ਮੈਂ ਚੁਪ ਰਹੂੰ ਤੋ
ਬੜੀ ਬੇਬਸੀ ਸੀ ਹੋਤੀ ਹੈ

ਉੜਨੇ ਦੋ ਪਰਿੰਦੋਂ ਕੋ
ਅਭੀ ਸ਼ੋਖ਼ ਹਵਾ ਮੇਂ
ਫਿਰ ਲੌਟ ਕੇ ਬਚਪਨ ਕੇ
ਜ਼ਮਾਨੇ ਨਹੀਂ ਆਤੇ

ਵੋ ਚਿਹਰਾ ਕਿਤਾਬੀ ਰਹਾ ਸਾਮਨੇ
ਬੜੀ ਖ਼ੂਬਸੂਰਤ ਪੜ੍ਹਾਈ ਹੁਈ

ਇਸੀ ਲੀਏ ਤੋ ਯਹਾਂ
ਅਬ ਭੀ ਅਜਨਬੀ ਹੂੰ ਮੈਂ
ਤਮਾਮ ਲੋਗ ਫ਼ਰਿਸ਼ਤੇ ਹੈਂ
ਆਦਮੀ ਹੂੰ ਮੈਂ

ਲੋਗ ਟੂਟ ਜਾਤੇ ਹੈਂ
ਏਕ ਘਰ ਬਨਾਨੇ ਮੇਂ
ਤੁਮ ਤਰਸ ਨਹੀਂ ਖਾਤੇ
ਬਸਤੀਆਂ ਜਲਾਨੇ ਮੇਂ

ਘਰੋਂ ਪੇ ਨਾਮ ਥਾ
ਨਾਮੋਂ ਕੇ ਸਾਥ ਓਹਦੇ ਥੇ
ਬਹੁਤ ਤਲਾਸ਼ ਕੀਆ
ਕੋਈ ਆਦਮੀ ਨ ਮਿਲਾ

ਲਾਇਬ੍ਰੇਰੀਆਂ ਤੋਂ ਨਹੀਂ। ਕਈ ਪ੍ਰਧਾਨ ਮੰਤ੍ਰੀਆਂ ਉਸਦੇ ਸ਼ੇ'ਅਰਾਂ ਦਾ ਹਵਾਲਾ ਦਿੱਤਾ। ਸਰਹੱਦ ਪਾਰੋਂ ਰਾਸ਼ਟਰਪਤੀ ਨੇ ਵੀ। ਜਗਜੀਤ ਸਿੰਘ ਉਸ ਦੀਆਂ ਗ਼ਜ਼ਲਾਂ ਨੂੰ ਸੰਗੀਤਬੱਧ ਕਰ, ਉਨ੍ਹਾਂ ਜਿਹਿਆਂ ਦੀਆਂ ਬੈਠਕਾਂ ਵਿਚ ਵੀ ਲੈ ਗਏ ਜਿਨ੍ਹਾਂ ਕਦੇ ਕਿਸੇ ਸ਼ਾਇਰ ਦੀ ਕਿਤਾਬ ਨਹੀਂ ਸੀ ਖੋਲ੍ਹੀ। ਗੀਤਕਾਰ ਪ੍ਰਸੂਨ ਜੋਸ਼ੀ ਨੇ ਕਿਹਾ ਹੈ: "*ਉਹ ਜਿਸ ਤਰ੍ਹਾਂ ਕਵਿਤਾ ਨੂੰ ਰੋਜ਼ਾਨਾ ਜ਼ਿੰਦਗੀ ਨਾਲ ਜੋੜਦੇ ਸਨ ਇਹ ਸਿਰਫ਼ ਬਸ਼ੀਰ ਸਾਹਬ ਹੀ ਕਰ ਸਕਦੇ ਸਨ।*" ਇਹ ਕੋਈ ਸਬੱਬੀ ਨਹੀਂ ਸੀ ਹੁੰਦਾ। ਉਨ੍ਹਾਂ ਦੀ ਸੋਚੀ ਸਮਝੀ ਕਲਾਤਮਕ ਚੋਣ ਸੀ, ਉਸ ਰਵਾਇਤ ਦੇ ਖ਼ਿਲਾਫ਼ ਜੋ ਕਿ ਅਕਸਰ, ਮਹਿਸੂਸ ਕਰਾਉਣ ਨਾਲੋਂ ਔਖਿਆਂ ਕਰਨ ਨੂੰ ਵੱਧ ਕੀਮਤੀ ਸਮਝਦੀ ਹੈ।..ਡਿਮੈਂਸ਼ੀਆ ਨੇ(ਭੁੱਲਣ ਦੀ, ਸੋਚਣ-ਸਮਝਣ ਵੱਲੋਂ ਕਮੀ ਆਉਣ ਦੀ ਤਕਲੀਫ਼-ਸੰ.) ਚੁੱਪਚਾਪ ਉਨ੍ਹਾਂ ਦੀ ਜ਼ਿਦਗੀ ਦੇ ਅਖੀਰਲੇ ਚੈਪਟਰ ਉੱਤੇ ਹਾਵੀ ਹੋ ਗਈ। 2018 ਤੱਕ ਉਹ ਗੱਲਬਾਤ ਵਿਚ ਆਉਂਦੇ ਆਪਣੇ ਹੀ ਸ਼ੇ'ਅਰਾਂ ਨੂੰ ਨਹੀਂ ਸੀ ਪਛਾਣ ਸਕਦੇ। ਜਿਸ ਆਦਮੀ ਨੇ ਲਿਖਿਆ ਸੀ- "*ਉਜਾਲੇ ਅਪਨੀ ਯਾਦੋਂ ਕੇ ਹਮਾਰੇ ਸਾਥ ਰਹਨੇ ਦੋ*"- ਉਹ ਤਾਂ ਇਸ ਸ਼ੇ'ਅਰ ਦਾ ਹੁਣ ਦੂਜਾ ਹਿੱਸਾ ਜਿਉਂ ਰਹੇ ਸਨ: "*ਨਾ ਜਾਨੇ ਕਿਸ ਗਲੀ ਮੇਂ ਜ਼ਿੰਦਗੀ ਕੀ ਸ਼ਾਮ ਹੋ ਜਾਏ*"। ਉਨ੍ਹਾਂ ਦੀ ਘਰਵਾਲੀ ਡਾ. ਰਾਹਤ ਬਦ੍ਰ ਅਤੇ ਬੱਚੇ, ਉਨ੍ਹਾਂ ਦੀਆਂ ਨਿਸ਼ਾਨੀਆਂ ਵਾਂਗ ਸਾਡੇ ਕੋਲ ਹਨ। ਹੋਰ ਵੀ ਵੱਧ ਉਨ੍ਹਾਂ ਦੇ 18000 ਸ਼ੇ'ਅਰ, ਜਿਨ੍ਹਾਂ ਨੇ ਸਾਡੇ ਸਭਨਾਂ ਤੋਂ ਵੱਧ ਲੰਮਾ ਜਿਊਣਾ ਹੈ। ਕੁਝ ਸ਼ਾਇਰਾਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ, ਕੁਝ ਨੂੰ ਅਸੀਂ ਵਰਤ ਸਕਦੇ ਹੁੰਦੇ ਹਾਂ- ਜਿਨ੍ਹਾਂ ਦਾ ਲਿਖਿਆ ਕਿ ਹਨੇਰਿਆਂ ਵਿਚ ਲੱਭਦੇ ਫਿਰੀਦਾ ਹੈ, ਮਹਿਬੂਬ ਦੇ ਹੱਥਾਂ ਵਿਚ ਥਮਾਈਦਾ ਹੈ, ਆਪਣੇ ਆਪ ਨੂੰ ਹੀ ਸੁਣਾਈਦਾ ਹੈ, ਜਦੋਂ ਗੱਲਬਾਤ ਪੂਰੀ ਨਾ ਪੈਂਦੀ ਹੋਏ। ਬਸ਼ੀਰ ਬਦ੍ਰ ਇਸ ਦੂਜੀ ਕਿਸਮ ਦੇ ਸ਼ਾਇਰ ਸਨ। ਇਹ ਸਭ ਤੋਂ ਵਿਰਲੀ ਕਿਸਮ ਹੁੰਦੀ ਹੈ। ਉਹ ਲੋਕ ਜੋ ਅਸਲ ਵਿਚ ਤਾਂ ਕਦੇ ਕਿਤੇ ਨਹੀਂ ਜਾਂਦੇ। (ਲਮੇਰੇ ਲੇਖ ਵਿਚੋਂ-ਸੰ.)

KBS Chronicles ਅਨੁ: ਪੂਨਮ ਸਿੰਘ

ਬਸ਼ੀਰ ਬਦ੍ਰ

ਰਖ਼ਸ਼ੰਦਾ ਜਲੀਲ

…ਹਮੇਸ਼ਾ ਹੀ ਉਹ ਮੰਚ ਉੱਤੇ ਖ਼ੁਸ਼ਦਿਲ ਦਿਸਦੇ, ਜਿਵੇਂ ਸ਼ਾਇਰ ਹੋਣ ਦਾ ਉਨ੍ਹਾਂ ਨੂੰ ਬੜਾ ਮਜ਼ਾ ਆਉਂਦਾ ਹੋਏ…

ਸ਼ਾਇਦ ਇਹ ਕਹਿਣਾ ਅਤਿਕਥਨੀ ਨਾ ਹੋਏ ਕਿ ਬਸ਼ੀਰ ਬਦ੍ਰ ਭਾਰਤ ਦੇ ਮਹਾਨ ਮਾੱਡਰਨ ਉਰਦੂ ਸ਼ਾਇਰਾਂ ਵਿਚੋਂ ਅਖੀਰਲੇ ਸਨ…ਸ਼ਹਰਯਾਰ ਅਤੇ ਨਿਦਾ ਫ਼ਾਜ਼ਲੀ ਦੇ ਨਾਲ ਨਾਲ। ਸੁਰ ਅਤੇ ਸੋਝੀ ਵੱਲੋਂ ਮਾੱਡਰਨ, ਕਿ ਜਿਨ੍ਹਾਂ ਦੇ ਬਿੰਬ ਅਤੇ ਅਲੰਕਾਰ-ਤਸ਼ਬੀਹਾਂ ਵੀ ਸਮਝ ਪੈਂਦੇ ਪਰ ਨਾਲ ਹੀ ਇੱਕ ਬੇਲਚਕ-ਸਖ਼ਤ ਚਿਰੋਕਣੀ-ਤੁਰੀ-ਆ-ਰਹੀ ਰਵਾਇਤ ਵਿਚ ਉਨ੍ਹਾਂ ਦੇ ਪੈਰ ਪੱਕੇ ਲੱਗੇ ਸਨ। ਉਹ ਮੁਸ਼ਾਇਰਿਆਂ ਦੀ ਦੁਨੀਆ ਵਿਚ ਵੀ ਓਨੇ ਹੀ ਹਰ-ਦਿਲ-ਅਜ਼ੀਜ਼ ਸਨ ਜਿੰਨੇ ਲਿਖੇ ਹੋਏ ਲਫ਼ਜ਼ ਦੀ ਖ਼ੂਬਸੂਰਤੀ ਕਰਕੇ ਪ੍ਰਸ਼ੰਸਾ ਖੱਟਦੇ।

1935 ਵਿਚ ਅਯੁੱਧਿਆ ਜੰਮੇ, ਉਹ ਬਹੁਤ ਅਰਸੇ ਤੋਂ ਬਿਮਾਰ ਸਨ, ਅਤੇ ਹੁਣ ਤਾਂ ਬੜੇ ਚਿਰ ਤੋਂ ਨਾ ਜਨਤਕ ਤੌਰ 'ਤੇ ਦਿਖੇ ਸਨ ਨਾ ਸੁਣੇ ਗਏ ਸਨ, ਪਰ ਉਨ੍ਹਾਂ ਦੇ ਤਾਕਤਵਰ ਅਤੇ ਨਾਲ ਹੀ ਸਾਦਾ, ਲਫ਼ਜ਼ਾਂ, ਦਾ ਏਨਾ ਅਸਰ ਸੀ ਕਿ ਉਨ੍ਹਾਂ ਦੀ ਸ਼ਾਇਰੀ ਲਗਾਤਾਰ ਢੁਕਵੀਂ, ਕੰਮ-ਦੀ ਬਣੀ ਰਹੀ ਹੈ।

ਉਹ "ਪਦਮਸ਼੍ਰੀ" ਨਾਲ ਨਿਵਾਜੇ ਗਏ; ਯੂਪੀ ਉਰਦੂ ਅਕਾਦਮੀ ਵੱਲੋਂ ਵੀ ਚਾਰ ਵਾਰ ਇੱਜ਼ਤ ਮਿਲੀ; ਬਿਹਾਰ ਉਰਦੂ ਅਕਾਦਮੀ ਵੱਲੋਂ ਵੀ ਇੱਕ ਵਾਰ। "ਮੀਰ ਅਕਾਦਮੀ ਅਵਾਰਡ" ਵੀ ਮਿਲਿਆ।….

ਜਦੋਂ 1987 ਦੇ ਭਿਆਨਕ ਫ਼ਿਰਕੂ ਦੰਗਿਆਂ ਵਿਚ ਉਨ੍ਹਾਂ ਦਾ ਘਰ ਲੁੱਟਿਆ ਪੁੱਟਿਆ ਅਤੇ ਪੂਰਾ ਸਾੜ ਦਿੱਤਾ ਗਿਆ, ਉਨ੍ਹਾਂ ਸ਼ਹਿਰ ਛੱਡ ਕੇ ਭੋਪਾਲ ਵਿਚ ਇੱਕ ਨਵੀਂ ਜ਼ਿੰਦਗੀ ਬਣਾਅ ਲਈ ਸੀ। ਉਨ੍ਹਾਂ ਆਪਣੇ ਅੰਦਰ ਡੂੰਘੇ-ਕਿਤੇ ਮੌਜੂਦ ਰਹੇ, ਹੌਂਸਲੇ ਅਤੇ ਨਰਮੀ ਦੇ ਅਣਮੁੱਕ ਪਾਣੀਆਂ ਵਾਲੇ ਖੂਹ ਨੂੰ, ਵੀ ਲੱਭ ਲਿਆ ਅਤੇ ਇਸੇ ਲਈ ਤਾਂ ਹਮ-ਵਤਨੀਆਂ ਨੂੰ ਕਹਿ ਸਕੇ:

ਸਾਤ ਸੰਦੂਕੋਂ ਮੇਂ ਭਰ ਕਰ ਦਫ਼ਨ ਕਰ ਦੋ ਨਫ਼ਰਤੇਂ
ਆਜ ਇਨਸਾਂ ਕੋ ਮੁਹੱਬਤ ਕੀ ਜ਼ਰੂਰਤ ਹੈ ਬਹੁਤ।

ਅਤੇ ਇਹ ਵੀ:

ਨਏ ਦੌਰ ਕੇ ਨਏ ਖ਼ਵਾਬ ਹੈਂ ਨਏ ਮੌਸਮੋਂ ਕੇ ਗੁਲਾਬ ਹੈਂ
ਯੇ ਮੋਹੱਬਤੋਂ ਕੇ ਚਰਾਗ਼ ਹੈਂ ਇਨਹੇਂ ਨਫ਼ਰਤੋਂ ਕੀ ਹਵਾ ਨਾ ਦੇ

ਕੋਈ ਸਿਆਸੀ ਬਿਆਨਚ ਦਿੰਦੇ ਜਾਂ ਨਿੱਜੀ ਗੱਲਬਾਤ, ਹਮੇਸ਼ਾ ਇੱਕ ਸਾਦਗੀ ਰਹੀ, ਅਤੇ ਸ਼ਾਇਰੀ ਵਿਚ ਇੱਕ ਸਿੱਧਾ ਰਾਬਤਾ, ਜਿਵੇਂ ਇਹ ਵੇਖੋ-

ਹਜ਼ਾਰੋਂ ਭੇਸ ਮੇਂ ਫਿਰਤੇ ਹੈਂ ਰਾਮ ਔਰ ਰਹੀਮ
ਕੋਈ ਜ਼ਰੂਰੀ ਨਹੀਂ ਹੈ ਭਲਾ ਭਲਾ ਹੀ ਲਗੇ

…ਇਹ ਵੇਖਦਿਆਂ ਕਿ ਉਰਦੂ ਦੇ ਸ਼ਾਇਰਾਂ ਉੱਤੇ ਸ਼ੁੱਧੀ ਨੇ ਅਤੇ ਸਿਆਸੀ ਸਹੀਪੁਣੇ ਨੇ ਕਿੰਨੀ ਪਕੜ ਬਣਾਅ ਲਈ ਹੈ, ਇਹ ਬਸ਼ੀਰ ਬਦ੍ਰ ਹੀ ਹਨ ਜੋ ਸਾਨੂੰ ਚੇਤੇ ਕਰਾਅ ਰਹੇ ਹਨ ਕਿ ਉਰਦੂ ਸ਼ਾਇਰੀ ਵਿਚ ਮਯ-ਕਦੇ (ਸ਼ਰਾਬ ਵਰਤਾਈ ਜਾਣ ਵਾਲੀ ਥਾਂ -ਸੰ.) ਦੀ ਕਿੰਨੀ ਅਹਿਮੀਅਤ ਹੈ, ਕਿ ਕਿਵੇਂ ਇਹ 'ਸ਼ਰੀਫ਼' (ਤਹਿਜ਼ੀਬ ਵਾਲੀ-ਸੰ.) ਉੱਠਣੀ-ਬੈਠਣੀ ਦੇ ਬੋਲਬਾਲੇ ਦੇ ਮਹੌਲ ਦੇ ਬਾਹਰਵਾਰ ਇੱਕ ਪੂਰਾ ਬ੍ਰਹਿਮੰਡ ਹੈ:

ਨਾ ਤੁਮ ਹੋਸ਼ ਮੇਂ ਹੋ ਨਾ ਹਮ ਹੋਸ਼ ਮੇਂ ਹੈਂ
ਚਲੋ ਮੈਅ-ਕਦੇ ਮੇਂ ਵਹੀਂ ਬਾਤ ਹੋਗੀ

IE

(ਰਖ਼ਸ਼ੰਦਾ ਜਲੀਲ- ਦਿੱਲੀ ਤੋਂ ਲੇਖਕਾ, ਅਨੁਵਾਦਕ ਅਤੇ ਸਾਹਿੱਤਕ ਇਤਿਹਾਸਕਾਰ ਹਨ)

ਪੇਸ਼ਕਾਰੀ ਅਤੇ ਅਨੁਵਾਦ: ਪੂਨਮ ਸਿੰਘ

ਕਭੀ ਮੈਂ ਅਪਨੇ ਹਾਥੋਂ ਕੀ
ਲਕੀਰੋਂ ਸੇ ਨਹੀਂ ਉਲਝਾ
ਮੁਝੇ ਮਾਲੂਮ ਹੈ
ਕ਼ਿਸਮਤ ਕਾ ਲਿਖਾ ਭੀ ਬਦਲਤਾ ਹੈ

ਉਨ੍ਹੀਂ ਰਾਸਤੋਂ ਨੇ ਜਿਨ ਪਰ
ਕਭੀ ਤੁਮ ਥੇ ਸਾਥ ਮੇਰੇ
ਮੁਝੇ ਰੋਕ ਰੋਕ ਪੂਛਾ
ਤਿਰਾ ਹਮਸਫ਼ਰ ਕਹਾਂ ਹੈ

ਅਭੀ ਰਾਹ ਮੇਂ ਕਈ ਮੋੜ ਹੈਂ
ਕੋਈ ਆਏਗਾ ਕੋਈ ਜਾਏਗਾ
ਤੁਮ੍ਹੇਂ ਜਿਸਨੇ ਦਿਲ ਸੇ ਭੁਲਾ ਦੀਆ
ਉਸੇ ਭੂਲਨੇ ਕੀ ਦੁਆ ਕਰੋ

ਦੁਸ਼ਮਨੀ ਕਾ ਸਫ਼ਰ
ਇਕ ਕਦਮ ਦੋ ਕਦਮ
ਤੁਮ ਭੀ ਥਕ ਜਾਓਗੇ
ਹਮ ਭੀ ਥਕ ਜਾਏਂਗੇ

ਪੱਥਰ ਕੇ ਜਿਗਰ ਵਾਲੋ
ਗ਼ਮ ਮੇਂ ਵੋ ਰਵਾਨੀ ਹੈ
ਖ਼ੁਦ ਰਾਹ ਬਨਾ ਲੇਗਾ
ਬਹਿਤਾ ਹੁਆ ਪਾਨੀ ਹੈ

ਭਲਾ ਹਮ ਮਿਲੇ ਭੀ ਤੋ ਕਯਾ ਮਿਲੇ
ਵਹੀ ਦੂਰੀਆਂ ਵਹੀ ਫ਼ਾਸਲੇ
ਨਾ ਕਭੀ ਹਮਾਰੇ ਕਦਮ ਬਹਕੇ
ਨਾ ਕਭੀ ਤੁਮ੍ਹਾਰੀ ਝਿਝਕ ਗਈ ਹੈ

ਰੋਨੇ ਵਾਲੋਂ ਨੇ ਉਠਾਅ ਰਖਾ ਥਾ
ਘਰ ਸਰ ਪਰ ਮਗਰ
ਉਮ੍ਰ ਭਰ ਕਾ ਜਾਗਨੇ ਵਾਲਾ
ਪੜਾ ਸੋਤਾ ਰਹਾ

ਤੁਮ੍ਹਾਰੇ ਸਾਥ ਯੇ ਮੌਸਮ
ਫ਼ਰਿਸ਼ਤੋਂ ਜੈਸਾ ਹੈ
ਤੁਮ੍ਹਾਰੇ ਬਾਦ ਯੇ ਮੌਸਮ
ਬਹੁਤ ਸਤਾਏਗਾ

ਅਗਰ ਤਲਾਸ਼ ਕਰੂੰ
ਕੋਈ ਮਿਲ ਹੀ ਜਾਏਗਾ
ਮਗਰ ਤੁਮ੍ਹਾਰੀ ਤਰਹ
ਕੌਨ ਮੁਝ ਕੋ ਚਾਹੇਗਾ

ਕਭੀ ਕਭੀ ਤੋ ਛਲਕ ਪੜਤੀ ਹੈਂ
ਯੂੰ ਹੀ ਆਂਖੇਂ
ਉਦਾਸ ਹੋਨੇ ਕਾ ਕੋਈ
ਸਬਬ ਨਹੀਂ ਹੋਤਾ

ਐਡਜਸਟਮੈਂਟ

ਰਣਜੋਧ ਸਿੰਘ (ਪ੍ਰੋ.)

ਮ੍ਰਿਦੁਲ ਨੇ ਪੂਰੇ ਦਸ ਵਜੇ ਸਨੇਹਾ ਨੂੰ ਮਿਲਣ ਜਾਣਾ ਸੀ। ਉਂਝ ਤਾਂ ਉਹ ਪੜ੍ਹਿਆ ਲਿਖਿਆ ਉੱਚੇ ਕੱਦ ਦਾ ਸੋਹਣਾ ਨੌਜਵਾਨ ਸੀ ਅਤੇ ਆਪਣੀ ਅਨੂਠੀ ਮਿਹਨਤ ਦੇ ਦਮ 'ਤੇ ਉੱਚਾ ਸਰਕਾਰੀ ਅਹੁਦਾ ਵੀ ਲੈ ਚੁੱਕਾ ਸੀ, ਪਰ ਅੱਜ ਵੀ ਉਸ ਦੀ ਪਹਿਲੀ ਤਰਜੀਹ ਉਸਦਾ ਪਰਿਵਾਰ ਸੀ ਅਤੇ ਇਨ੍ਹਾਂ ਪਰਿਵਾਰਕ ਜ਼ਿੰਮੇਦਾਰੀਆਂ ਨੂੰ ਪੂਰਾ ਕਰਨ ਲਈ ਉਹ ਘਰ ਆਏ ਹਰ ਵਿਆਹ ਦੇ ਰਿਸ਼ਤੇ ਨੂੰ ਅਣਡਿੱਠ ਕਰਦਾ ਰਿਹਾ ਸੀ।
ਪਰ ਸਮਾਂ ਤਾਂ ਕਿਸੇ ਦੀ ਉਡੀਕ ਨਹੀਂ ਕਰਦਾ। ਉਹ ਤਾਂ ਚੱਲਦਾ ਹੀ ਰਹਿੰਦਾ ਹੈ। ਲਗਾਤਾਰ, ਬਿਨਾ ਰੁਕਿਆਂ, ਬਿਨਾ ਥੱਕਿਆਂ। ਜਦੋਂ ਉਮਰ ਰੇਤ ਵਾਂਗੂੰ ਹੱਥੋਂ ਨਿਕਲਣ ਲੱਗੀ ਤਾਂ ਪਰਿਵਾਰ ਨੂੰ ਫ਼ਿਕਰ ਹੋਇਆ। ਸਾਰਿਆਂ ਰਲ਼ ਕੇ ਮ੍ਰਿਦੁਲ 'ਤੇ ਜ਼ੋਰ ਪਾਇਆ ਅਤੇ ਫੇਰ ਕਿਤੇ ਜਾ ਕੇ ਮ੍ਰਿਦੁਲ ਰਾਜ਼ੀ ਹੋਇਆ।

ਇਸੇ ਸਿਲਸਿਲੇ ਵਿਚ ਸਨੇਹਾ ਨਾਲ ਅੱਜ ਉਸਦੀ ਪਹਿਲੀ ਮੁਲਾਕਾਤ ਸੀ। ਸਨੇਹਾ ਵੀ ਐਮਐਸਸੀ ਤੱਕ ਦੀ ਪੜ੍ਹਾਈ ਕਰਨ ਤੋਂ ਬਾਅਦ ਕਿਸੇ ਪ੍ਰਾਈਵੇਟ ਕੰਪਨੀ ਵਿਚ ਉੱਚੇ ਅਹੁਦੇ 'ਤੇ ਨੌਕਰੀ ਕਰਦੀ ਸੀ।
ਮ੍ਰਿਦੁਲ ਕੋਲ ਆਉਣ ਜਾਣ ਲਈ ਇੱਕ ਨਿੱਕੀ ਜਿਹੀ ਪੁਰਾਣੀ ਕਾਰ ਸੀ ਜਿਹੜੀ ਕਈ ਵਾਰ ਬਿਨਾ ਕਿਸੇ ਇਤਲਾਹ ਦੇ ਹੀ ਬੰਦ ਹੋ ਜਾਂਦੀ ਸੀ। ਅੱਜ ਵੀ ਉਸੇ ਕਾਰ'ਤੇ ਉਹ ਕੌਫ਼ੀ ਹਾਉਸ, ਆਪਣੇ ਸੁਭਾਅ ਮੁਤਾਬਕ ਤੈਅ ਸਮੇਂ ਤੋਂ ਐਨ 15 ਮਿੰਟ ਪਹਿਲਾਂ, ਪਹੁੰਚ ਗਿਆ ਸੀ। ਕੌਫ਼ੀ ਹਾਉਸ ਖਾਲੀ ਸੀ, ਇਸ ਲਈ ਉਹ ਕਾਫ਼ੀ ਹਾਉਸ ਦੇ ਬਾਹਰ ਹੀ ਸਨੇਹਾ ਦੀ ਉਡੀਕ ਕਰਨ ਲੱਗਾ।

ਸਨੇਹਾ ਨਾਲ ਉਸਦੀ ਜਾਣ ਪਛਾਣ ਇੱਕ ਅਖ਼ਬਾਰ ਰਾਹੀਂ ਹੋਈ ਸੀ ਅਤੇ ਫ਼ੋਨ ਉੱਤੇ ਕਦੇ ਕਦੇ ਉਨ੍ਹਾਂ ਦੀ ਗੱਲ ਬਾਤ ਹੁੰਦੀ ਰਹਿੰਦੀ ਸੀ। ਸਨੇਹਾ ਦੀ ਸ਼ਖ਼ਸੀਅਤ ਵਿਚ ਉਹ ਆਪਣੀ ਜੀਵਨ ਸਾਥਣ ਦੀ ਤਸਵੀਰ ਵੇਖਣ ਲੱਗ ਪਿਆ ਸੀ।

epapaer.dainiksaveratimes.in 17 May 2026

ਉਂਝ ਤਾਂ ਸਨੇਹਾ ਨੇ ਵੀ 35 ਬਹਾਰਾਂ ਵੇਖੀਆਂ ਹੋਈਆਂ ਸਨ, ਮ੍ਰਿਦੁਲ ਵੀ 38 ਸਾਲਾਂ ਦਾ ਅੰਕੜਾ ਪਾਰ ਕਰ ਚੁੱਕਾ ਸੀ।
ਦੋਏ ਚੰਗੇ ਪੜ੍ਹੇ ਲਿਖੇ ਅਤੇ ਆਪਣੇ ਪੈਰਾਂ 'ਤੇ ਖਲੋਤੇ ਸਨ। ਯਾਨੀ ਉਨ੍ਹਾਂ ਦਾ ਵਿਆਹ ਦੇ ਬੰਧਨ ਵਿਚ ਬੱਝ ਜਾਣਾ ਹਰ ਨਜ਼ਰ ਨਾਲ ਵੇਖਿਆਂ ਜਚਦਾ ਸੀ ਪਰ ਫੇਰ ਵੀ ਮ੍ਰਿਦੁਲ ਦਾ ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ। ਸ਼ਾਇਦ ਇਸ ਲਈ ਕਿ ਹੁਣ ਤੱਕ ਉਹ ਫ਼ੋਨ 'ਤੇ ਹੀ ਮਿਲੇ ਸਨ ਪਰ ਰੂ-ਬ-ਰੂ ਹੋਣ ਦਾ ਮੌਕਾ ਅੱਜ ਪਹਿਲੀ ਵਾਰ ਆਇਆ ਸੀ। ਇਹੀ ਵਜ੍ਹਾ ਸੀ ਕਿ ਮ੍ਰਿਦੁਲ ਦੇ ਦਿਲ ਦੇ ਕਿਸੇ ਕੋਨੇ ਵਿਚ ਇੱਕ ਅਜੀਬ ਜਿਹੀ ਹਲਚਲ ਅਤੇ ਅਣਜਾਣਿਆ ਜਿਹਾ ਡਰ ਸਿਰ ਚੁੱਕ ਰਿਹਾ ਸੀ।

ਸਨੇਹਾ ਵੀ ਸ਼ਾਇਦ ਇਕਲਾਪੇ ਦੀ ਜ਼ਿੰਦਗੀ ਜੀ ਜੀ ਕੇ ਥੱਕ ਚੁੱਕੀ ਸੀ। ਇਸ ਲਈ ਉਹ ਵੀ ਮ੍ਰਿਦੁਲ ਨੂੰ ਮਿਲਣ ਲਈ ਉਤਾਵਲੀ ਸੀ।
ਠੀਕ 10 ਵਜੇ ਉਸਦੀ ਚਮ ਚਮ ਕਰਦੀ ਵੱਡੀ ਸਾਰੀ ਕਾਰ ਕੌਫ਼ੀ ਹਾਉਸ ਦੀ ਪਾਰਕਿੰਗ ਵਿਚ ਸੀ। ਸਨੇਹਾ ਦਾ ਪਹਿਰਾਵਾ ਉਸਦੇ ਸਾਊਪੁਣੇ, ਠਰ੍ਹੰਮੇ ਅਤੇ ਪਰਿਪੱਕ-ਮਚਓਰ ਹੋਣ ਦੀ ਦੱਸ ਪਾ ਰਿਹਾ ਸੀ।

ਸਨੇਹਾ ਨਾਲ ਫ਼ੋਨ 'ਤੇ ਗੱਲ ਕਰ ਕੇ ਉਹ ਏਨਾ ਤਾਂ ਸਮਝ ਗਿਆ ਸੀ ਕਿ ਉਹ ਇੱਕ ਮਿੱਠ-ਬੋਲੜੀ, ਸਰਲ ਅਤੇ ਸਾਫ਼-ਸਪੱਸ਼ਟ ਸੁਭਾਅ ਦੀ ਕੁੜੀ ਹੈ। ਪਰ ਉਹ ਬਲਾ ਦੀ ਸੁਹਣੀ ਹੋਏਗੀ, ਇਸ ਦੀ ਕਲਪਨਾ ਉਸ ਨੇ ਨਹੀਂ ਕੀਤੀ ਸੀ।

ਸਨੇਹਾ ਵੀ ਮ੍ਰਿਦੁਲ ਦੀ ਸ਼ਖ਼ਸੀਅਤ ਤੋਂ ਪ੍ਰਭਾਵਤ ਹੋਏ ਬਿਨਾ ਨਾ ਰਹਿ ਸਕੀ।
ਦੋਹਾਂ ਨੇ ਕਾਫ਼ੀ ਦਾ ਆੱਡਰ ਦਿੱਤਾ ਅਤੇ ਫੇਰ ਇੱਕ ਦੂਜੇ ਨੂੰ ਜਾਨਣ ਦੀ ਕੋਸ਼ਿਸ਼ ਕਰਨ ਲੱਗੇ।
ਮ੍ਰਿਦੁਲ ਨੇ ਪੁੱਛਿਆ, "ਤੁਸੀਂ ਏਨੇ ਸੁਹਣੇ ਹੋ, ਪੜ੍ਹੇ ਲਿਖੇ ਹੋ, ਆਪਣੇ ਪੈਰਾਂ ਤੇ ਖੜ੍ਹੇ ਹੋ, ਤੁਸੀਂ ਅੱਜ ਤੱਕ ਵਿਆਹ ਕਿਉਂ ਨਾ ਕੀਤਾ?"
"ਸ਼ਾਇਦ ਮੈਨੂੰ ਤੁਹਾਡੇ ਜਿਹੇ ਸਾਥੀ ਦੀ ਤਲਾਸ਼ ਸੀ।" ਸਨੇਹਾ ਨੇ ਹੱਸਦਿਆਂ ਹੋਇਆਂ ਜਵਾਬ ਦਿੱਤਾ।

ਮ੍ਰਿਦੁਲ ਇਸ ਤੋਂ ਅੱਗੇ ਕੁਝ ਨਾ ਪੁੱਛ ਸਕਿਆ। ਹਾਂ, ਉਸ ਨੇ ਆਪਣੀਆਂ ਪਰਿਵਾਰਕ ਜ਼ਿੰਮੇਦਾਰੀਆਂ ਦੀ ਗੱਲ ਜ਼ਰੂਰ ਖੋਲ੍ਹੀ।
"ਡੌਂਟ ਵਰੀ, ਅੱਜ ਤੋਂ ਤੁਸੀਂ ਇਕੱਲੇ ਨਹੀਂ ਹੋ, ਦੋਨੋਂ ਮਿਲ ਕੇ ਇਨ੍ਹਾਂ ਜ਼ਿੰਮੇਦਾਰੀਆਂ ਨੂੰ ਨਿਭਾਵਾਂਗੇ।" ਸਨੇਹਾ ਨੇ ਪੂਰੇ ਸਵੈ ਭਰੋਸੇ ਨਾਲ ਕਿਹਾ ਸੀ।

ਸਨੇਹਾ ਤਾਂ ਬਹੁਤ ਹੀ ਸਹਿਜ ਅਤੇ ਖੁੱਲੀ-ਬੇਬਾਕ- ਬਿੰਦਾਸ- ਸੀ ਪਰ ਮ੍ਰਿਦੁਲ ਕੁਝ ਅਸਹਿਜ ਮਹਿਸੂਸ ਕਰ ਰਿਹਾ ਸੀ।

ਸਨੇਹਾ ਮ੍ਰਿਦੁਲ ਵੱਲੋਂ ਤਸੱਲੀ ਵਿਚ

ਸੀ ਪਰ ਮ੍ਰਿਦੁਲ ਸੋਚ ਰਿਹਾ ਸੀ ਕਿ ਜੋ ਕੁੜੀ ਵਿਆਹ ਤੋਂ ਪਹਿਲਾਂ ਏਨੀ ਵੱਡੀ ਗੱਡੀ ਚਲਾਉਣ ਦਾ ਸ਼ੌਕ ਰੱਖਦੀ ਹੈ ਉਹ ਆਪਣੇ ਸਾਥੀ ਤੋਂ ਏਨੀ ਆਸ ਤਾਂ ਜ਼ਰੂਰ ਕਰੇਗੀ ਕਿ ਉਹ ਉਸ ਨੂੰ ਕੋਈ ਵੱਡੀ ਗੱਡੀ ਨਹੀਂ ਤਾਂ ਘੱਟੋਘੱਟ ਢੰਗ-ਸਿਰ ਦੀ ਗੱਡੀ ਵਿਚ ਤਾਂ ਘੁਮਾਏ। ਪਰ ਉਹਦੇ ਕੋਲ ਤਾਂ ਨਿੱਕੀ ਜਿਹੀ ਪੁਰਾਣੀ ਕਾਰ ਹੈ.....ਇੱਕ ਵੱਡਾ ਪਰਿਵਾਰ ਹੈ....ਪਰਿਵਾਰ ਦੀਆਂ ਜ਼ਿੰਮੇਵਾਰੀਆਂ ਹਨ....ਵਗੈਰਾ ਵਗੈਰਾ।

ਓਥੋਂ ਵਿਛੜਨ ਤੋਂ ਪਹਿਲਾਂ ਉਸ ਨੇ ਪੂਰੀ ਹਿੰਮਤ ਜੁਟਾਅ ਕੇ ਕਹਿ ਹੀ ਦਿੱਤਾ,
"ਤੁਹਾਡੀ ਗੱਡੀ ਵੇਖ ਕੇ ਤਾਂ ਨਹੀਂ ਲੱਗਦਾ ਕਿ ਮੈਂ ਤੁਹਾਡੇ ਨਾਲ ਐਡਜਸਟ ਕਰ ਸਕਾਂਗਾ, ਮੇਰਾ ਮਤਲਬ ਕਿ ਮੈਂ ਤੁਹਾਡੇ ਯੋਗ ਹਾਂ।"
"ਚਲੋ ਕੋਸ਼ਿਸ਼ ਕਰਦੇ ਹਾਂ," ਸਨੇਹਾ ਨੇ ਖਿੜ ਖਿੜ ਹੱਸਦੀ ਨੇ ਕਿਹਾ।

ਕੋਈ 20 ਮਿਨਟ ਮੁਸ਼ਕਲ ਨਾਲ ਉਨ੍ਹਾਂ ਨਾਲ ਨਾਲ ਬਿਤਾਏ ਅਤੇ ਫੇਰ "ਛੇਤੀ ਮਿਲਦੇ ਹਾਂ" ਦਾ ਵਾਅਦਾ ਕਰ ਕੇ ਅੱਡ ਹੋ ਗਏ।

ਇੱਕ ਹਫ਼ਤੇ ਬਾਅਦ ਉਹ ਫੇਰ ਓਸੇ ਕੱਫ਼ੀ ਹਾਊਸ ਵਿਚ ਮਿਲੇ ਪਰ ਇਸ ਵਾਰ ਸਨੇਹਾ ਔਟੋ ਰਿਕਸ਼ਾ ਵਿਚ ਆਈ ਸੀ।
ਮ੍ਰਿਦੁਲ ਨੇ ਆਉਂਦਿਆਂ ਹੀ ਪੁੱਛਿਆ,
"ਤੁਹਾਡੀ ਕਾਰ ਨੂੰ ਕੀ ਹੋਇਆ?"
"ਉਹ ਮੈਂ ਵੇਚ ਦਿੱਤੀ ਤਾਂ ਕਿ ਮੈਂ ਤੁਹਾਡੇ ਨਾਲ ਐਡਜਸਟ ਕਰ ਸਕਾਂ," ਸਨੇਹਾ ਨੇ ਮੁਸਕੜੀਆਂ ਹੱਸਦੀ ਨੇ ਕਿਹਾ। "ਅਤੇ ਹਾਂ! ਮੇਰੇ ਨਾਲ ਸਾਰੀ ਜ਼ਿੰਦਗੀ ਇੱਕ ਐਡਜਸਟਮੈਂਟ ਤਾਂ ਤੁਹਾਨੂੰ ਵੀ ਕਰਨੀ ਪਏਗੀ, ਸਗੋਂ ਅੱਜ ਤੋਂ ਹੀ ਕਰਨੀ ਪਏਗੀ, ਆਪਣੀ ਕਾਰ ਵਿਚ ਮੈਨੂੰ ਘਰ ਛੱਡਣ ਜਾਣਾ ਪੈਣਾ ਹੈ।"

ਦੋਏ ਭੋਲੇ ਬਾਲਾਂ ਵਾਂਗੂੰ ਖਿੜਖਿੜਾਅ ਕੇ ਹੱਸ ਪਏ ਅਤੇ ਬੜੇ ਸਹਿਜ ਹੋ ਕੇ ਕੱਫ਼ੀ ਦਾ ਮਜ਼ਾ ਲੈਣ ਲੱਗੇ ।

ਨਾਲਾਗੜ੍ਹ, ਹਿਮਾਚਲ

ਅਨੁਵਾਦ: ਪੂਨਮ ਸਿੰਘ

ਦੋ ਕਵਿਤਾਵਾਂ

ਮਜ਼ਹਰ ਸੀਮਾਬ ਗੌਹਰ*

ਉਦਾਸੀ ਸੋਚਤੀ ਹੋਗੀ*

ਤੁਮਹੇਂ ਮੈਨੇ ਕਹਾ ਥਾ
ਤੁਮ ਮੁਝੇ ਅਬ ਫੂਲ ਮਤ ਭੇਜੋ
ਕਿ ਫਿਰ ਜਬ ਗੁਲ-ਮੌਸਮੋਂ ਮੇਂ
ਮੁਝੇ ਤੁਮ ਫੂਲ ਭੇਜੋਗੇ
ਤੋ ਸ਼ਾਇਦ ਇਸ ਤਰਹ ਸੇ ਹੋ
ਕਿ ਮੇਰਾ ਲੌਟਨਾ ਮੁਮਕਿਨ ਨਾ ਹੋ ਪਾਏ
ਮੁਝੇ ਲਗਤਾ ਹੈ
ਐਸਾ ਹੀ ਹੂਆ ਹੈ

ਕਈ ਸਦੀਓਂ ਤਲਕ ਮੈਨੇ
ਤੁਮਹਾਰੀ ਰਾਹ ਮੇਂ
ਕਲੀਆਂ ਬਿਛਾਈਂ ਹੈਂ
ਪਰ ਤੁਮ ਕੋ ਨ ਆਨਾ ਥਾ
ਨ ਤੁਮ ਆਏ, ਮਗਰ ਮੈਂ ਜਾਨਤਾ ਥਾ
ਜਬ ਕਭੀ ਤੁਮ ਲੌਟ ਆਓਗੇ
ਤੋ ਫਿਰ ਮੁਝ ਕੋ ਨਾ ਪਾਓਗੇ

ਤੁਮਹੀਂ ਨੇ ਤੋ ਕਹਾ ਥਾ
ਕਿ ਖ਼ਵਾਹਿਸ਼ੇਂ ਅੱਛੀ ਨਹੀਂ ਹੋਤੀਂ
ਤੋ ਫਿਰ ਤੁਮਕੋ ਮੇਰੀ ਕਿਉਂ ਯਾਦ
ਆਈ ਹੈ
ਤੋ ਬਤਾਓ ਫਿਰ
ਕਿ ਮੁਝਕੋ ਤੁਮਨੇ ਕਿਉਂ ਫੂਲ ਭੇਜੇ ਹੈਂ
ਤੁਮਹੇਂ ਮਾਲੂਮ ਹੈ
ਕਿ ਅਬ ਜੋ ਤੁਮ ਆ ਭੀ ਜਾਓਗੇ
ਮਿਲ ਨਾ ਪਾਓਗੇ
ਤੁਮਹਾਰੀ ਖ਼ਵਾਹਿਸ਼ ਯੇ ਥੀ
ਕਿ ਮੈਂ ਖ਼ਾਮੋਸ਼ ਹੋ ਜਾਊਂ
ਮੁਹੱਬਤ ਹਰ ਜ਼ਬਾਂ ਪਰ ਆਮ ਹੋ-
ਅੱਛਾ ਨਹੀਂ ਲਗਤਾ
ਮਗਰ ਅਬ ਚਾਹਤੇ ਹੋ ਤੁਮ ਕਿ ਮੈਂ
ਬਤਾਊਂ ਸਬ ਜ਼ਮਾਨੇ ਕੋ
ਮੁਝੇ ਤੁਮ ਸੇ ਮੁਹੱਬਤ ਹੈ
ਮੁਝੇ ਤੁਮ ਸੇ ਮੁਹੱਬਤ ਹੈ
ਮਗਰ ਅਬ ਇਸ ਤਰਹ ਮੁਮਕਿਨ
ਨਹੀਂ ਹੈ
ਬਹੁਤ ਪਹਿਲੇ
ਤੁਮਹਾਰੀ ਇਕ ਹਸੀਨ ਖ਼ਵਾਹਿਸ਼
ਕੀ ਖ਼ਾਤਿਰ ਹੀ
ਜ਼ਬਾਂ ਭੀ ਅਪਨੀ ਮੈਨੇ ਕਾਟ ਡਾਲੀ ਥੀ
ਭਲਾ ਅਬ ਕਿਸ ਤਰਹ ਤੁਮਸੇ ਕਹੂੰ ਜਾਨਾਂ
ਮੁਝੇ ਤੁਮ ਸੇ ਮੁਹੱਬਤ ਹੈ
ਮੁਝੇ ਤੁਮ ਸੇ ਮੁਹੱਬਤ ਹੈ

(*ਕਿਤਾਬ ਦਾ ਨਾਂ)

ਖੋਹ

ਖੋਹ- ਕਿੰਨੀ ਅਜੀਬ ਸ਼ੈਅ ਹੈ
ਪੈ ਜਾਏ ਜੋ ਕਦੇ ਦਿਲ ਵਿਚ
ਤਾਂ ਲੱਗੇ ਸਾਰੇ ਕੰਮ ਹੀ ਜਿਓਂ
ਜਾਂ ਦੇ ਰੁਕ ਗਏ ਸ਼ਾਇਦ
ਮੇਰੇ ਦਿਲ ਵਿਚ ਖੋਹ ਕੋਈ
ਗਏ ਵਕਤਾਂ ਦੀ ਬਾਕੀ ਹੈ
ਮੈਨੂੰ ਲੱਗੇ ਸ਼ਾਇਦ ਇਹ ਖੋਹ
ਹੁਣ ਉਮਰ ਭਰ ਦੀ ਸਾਥੀ ਹੈ
ਖੋਹ ਜੋ ਤੇਰੀ ਚਾਹਤ ਦੀ
ਖੋਹ ਜੋ ਤੇਰੇ ਨੇੜ ਦੀ
ਖੋਹ ਜੋ ਤੈਨੂੰ ਪਾਉਣ ਦੀ
ਖੋਹ ਜੋ ਗ਼ਮ ਮਿਟਾਉਣ ਦੀ
ਕਦੇ ਜੋ ਨਾਲ ਚੱਲਣ ਦੀ
ਕਦੇ ਜੋ ਪਿਆਰ ਕਰਨ ਦੀ
ਕਦੇ ਜੋ ਰੁੱਸ ਜਾਵਣ ਦੀ
ਕਦੇ ਤੇਰੇ ਮਨਾਵਣ ਦੀ
ਖੋਹ ਤੈਥੋਂ ਵਿਛੋੜੇ ਦੀ
ਖੋਹ ਤੈਨੂੰ ਨਾ ਮਿਲਣ ਦੀ
ਖੋਹ ਖ਼ਾਮੋਸ਼ ਅੱਖਾਂ ਦੀ
ਖੋਹ ਬੇਨਾਮ ਗੱਲਾਂ ਦੀ
ਖੋਹ ਤੇਰੀ ਜਵਾਨੀ ਦੀ
ਖੋਹ ਆਪਣੀ ਕਹਾਣੀ ਦੀ
ਖੋਹ ਇੱਕ ਜ਼ਿੰਦਗਾਨੀ ਦੀ
ਕਦੇ ਇੱਕ ਰੋਸ਼ਨੀ ਜੇਹੀ
ਕਦੇ ਇੱਕ ਕਹਿਕਹੇ ਜੇਹੀ
ਕਦੇ ਬੱਦਲਾਂ ਦੀ ਗਰਜਣ ਜਿਹੀ
ਕਦੇ ਇੱਕ ਰਤਜਗੇ ਜੇਹੀ
ਕਦੇ ਇੱਕ ਫ਼ਾਸਲੇ ਜੇਹੀ
ਕਦੇ ਡੇਰੇ-ਟਿਕਾਣੇ ਜਿਹੀ
ਕਦੇ ਇਕ ਸਿਲਸਿਲੇ ਜੇਹੀ
ਖੋਹ ਮੇਰੇ ਵਰਗੇ ਝੱਲੇ ਦੀ
ਖੋਹ ਇੱਕ ਦਿਲ ਦੇ ਮਾਰੇ ਦੀ
ਖੋਹ ਤੇਰੇ ਉੱਤੇ ਡੁੱਲ੍ਹੇ ਦੀ
ਖੋਹ ਅਵਾਰਾ ਬੱਦਲ ਦੀ
ਖੋਹ ਇੱਕ ਅਜਨਬੀ ਦੀ ਹੈ
ਖੋਹ ਇੱਕ ਖਾਲੀਪਣ ਦੀ ਹੈ
ਖੋਹ ਇੱਕ ਜ਼ਿੰਦਗੀ ਦੀ ਹੈ
ਖੋਹ ਦਿਲ ਵਿਚ.......ਜੋ ਬਾਕੀ ਹੈ
ਉਹ ਮੇਰੇ ਨਾਲ ਜਾਏਗੀ
ਇਹ ਖੋਹ ਮੇਰੀ

ਕਵੇਟਾ, ਪਾਕਿ.

ਉਲਥਾ- ਪੂਨਮ ਸਿੰਘ

*ਲੇਖਕ ਦੇ ਦਾਦਾ ਜੀ, ਇਕਬਾਲ ਸਲਮਾਨੀ, ਪ੍ਰੀਤ ਲੜੀ (ਉਰਦੂ) ਦੇ ਲੰਮਾ ਅਰਸਾ ਸੰਪਾਦਕ ਰਹੇ- ਪਾਕਿਸਤਾਨ ਚਲੇ ਗਏ ਸਨ। ਇਹ ਨੌਜਵਾਨ ਆਪਣੇ ਦਾਦਾ ਜੀ ਬਾਰੇ ਲੱਭਦੇ-ਲੱਭਦੇ ਸਾਡੇ ਤੱਕ ਪੁੱਜੇ। ਫ਼ਾਰਸੀ ਦੀ ਐਮ ਏ ਹਨ। -ਸੰ.

ਪੀਟਰ ਮਿਸ਼ਰਾ

ਓਮ ਪ੍ਰਕਾਸ਼ ਵਾਲਮੀਕੀ



ਪੀਟਰ ਮਿਸ਼ਰਾ ਨੇ ਨੌਕਰੀ ਲਈ ਅਰਜ਼ੀ ਦਿੱਤੀ। ਜਦੋਂ ਉਸਦੀ ਅਰਜ਼ੀ ਜਾਂਚ ਲਈ ਮੇਰੇ ਅੱਗੇ ਆਈ ਤਾਂ ਮੈਨੂੰ ਉਸਦਾ ਨਾਂ ਵੇਖ ਕੇ ਕੁਝ ਅਜੀਬ ਅਜੀਬ ਜਿਹਾ ਲੱਗਾ। ਪੀਟਰ ਦੇ ਨਾਲ ਮਿਸ਼ਰਾ। ਪਰ ਇਹ ਵੀ ਖ਼ਿਆਲ ਮਨ ਵਿਚ ਆਇਆ ਕਿ ਹੋ ਸਕਦਾ ਹੈ ਇਸਦੇ ਮਾਤਾ-ਪਿਤਾ ਨੇ ਪ੍ਰੇਮ ਵਿਆਹ ਕੀਤਾ ਹੋਏ, ਏਸੇ ਲਈ ਅਜਿਹਾ ਨਾਂ ਰੱਖਿਆ ਗਿਆ ਹੋਏ। ਖ਼ੈਰ ਨੌਕਰੀ ਲਈ ਚੋਣ ਕਰਨ ਦੇ ਸਿਲਸਿਲੇ ਵਿਚ ਇਹ ਨਾਂ ਵਾਰ-ਵਾਰ ਮੇਰੇ ਅੱਗਿਓਂ ਲੰਘਦਾ ਰਿਹਾ। ਸੰਜੋਗ ਨਾਲ, ਪੀਟਰ ਚੁਣਿਆ ਗਿਆ। ਮੈਂ ਉਸਨੂੰ ਬਹਾਅ ਕੇ ਪਹਿਲਾਂ ਤਾਂ ਰਸਮੀ ਪੁੱਛ ਗਿੱਛ ਕੀਤੀ, ਪਰ ਜਦੋਂ ਉਹ ਕੁਝ ਸਹਿਜ ਹੋ ਗਿਆ ਤਾਂ ਉਸ ਨੂੰ ਪੁੱਛਿਆ, "ਪੀਟਰ ਇੱਕ ਸਵਾਲ ਮੇਰੇ ਮਨ ਵਿਚ ਉੱਠ ਰਿਹਾ ਹੈ, ਮੈਂ ਪੁੱਛਣਾ ਚਾਹੁੰਦਾ ਹਾਂ। ਜੇ ਤੁਹਾਨੂੰ ਲੱਗਾ ਕਿ ਬੇਲੋੜਾ ਸਵਾਲ ਹੈ ਤਾਂ ਜ਼ਰੂਰੀ ਨਹੀਂ ਹੈ ਕਿ ਤੁਸੀਂ ਜਵਾਬ ਦਿਓ, ਫੇਰ ਵੀ ਮੇਰੇ ਮਨ ਵਿਚ ਜੋ ਉਠ ਰਿਹਾ ਹੈ ਉਹ ਮੈਂ ਜਾਨਣਾ ਚਾਹੁੰਦਾ ਹਾਂ। ਇਹ ਪੀਟਰ ਦੇ ਨਾਂ ਨਾਲ ਮਿਸ਼ਰਾ ਦਾ ਭੇਤ ਕੀ ਹੈ?"

ਪੀਟਰ ਕੁਝ ਗੁਆਚਿਆ ਜਿਹਾ ਹੋ ਗਿਆ ਸੀ। ਅੱਖਾਂ ਥੱਲੇ ਕਰ ਕੇ ਸ਼ਾਂਤ ਮੁਦਰਾ ਵਿਚ ਬੈਠਾ ਸੀ। ਉਸਨੂੰ ਚੁੱਪ ਵੇਖ ਮੈਨੂੰ ਅਫ਼ਸੋਸ ਹੋਣ ਲੱਗ ਪਿਆ ਕਿ ਮੈਂ ਅਜਿਹਾ ਨਿੱਜੀ ਸਵਾਲ ਕਿਉਂ ਕੀਤਾ। ਕਦੇ ਫੇਰ ਵੀ ਪੁੱਛ ਸਕਦਾ ਸੀ। ਮੈਂ ਕਿਹਾ, "ਡੌਂਟ ਵਰੀ ਯੰਗ ਮੈਨ. ਜੇ ਤੁਹਾਨੂੰ ਕੁਝ ਗ਼ਲਤ ਲੱਗਾ ਹੈ ਤਾਂ ਇਟ ਇਜ਼ ਓਕੇ, ਮੈਂ ਆਪਣੇ ਸਵਾਲ ਨੂੰ ਵਾਪਸ ਲੈਂਦਾ ਹਾਂ।

"ਨਹੀਂ ਸਰ....ਕਹਾਣੀ ਲੰਮੀ ਹੈ। ਤੁਸੀਂ ਚਾਹੁੰਦੇ ਹੋ ਤਾਂ ਮੈਂ ਖੋਲ੍ਹ ਕੇ ਦੱਸਣਾ ਚਾਹੁੰਦਾ ਹਾਂ," ਪੀਟਰ ਨੇ ਸ਼ਾਂਤ ਮਨ ਨਾਲ ਕਿਹਾ। "ਜ਼ਰੂਰ, ਜੇ ਮਨ ਵਿਚ ਕੁਝ ਹੈ ਤਾਂ ਬੇਝਿਜਕ ਕਹਿ ਸਕਦੇ ਹੋ!" ਮੈਂ ਉਸਨੂੰ ਤਸੱਲੀ ਦਿੱਤੀ ਸੀ। ਨਾਲ ਹੀ ਇਹ ਵੀ ਕਹਿ ਦਿੱਤਾ, "ਜੇ ਕੁਝ ਨਿੱਜੀ ਹੈ ਜਿਸ ਨੂੰ ਨਹੀਂ ਕਹਿਣਾ ਚਾਹੁੰਦੇ ਹੋ ਤਾਂ ਛੱਡ ਸਕਦੇ ਹੋ।" "ਨਹੀਂ ਸਰ, ਅਜਿਹਾ ਕੁਝ ਵੀ ਨਹੀਂ। ਹਾਂ....ਜੀਵਨ ਦੇ ਕੁਝ ਅਜਿਹੇ ਵੇਲੇ ਹਨ ਜਦੋਂ ਮੇਰੇ ਮਾਤਾ-ਪਿਤਾ ਨੇ ਭਿਆਨਕ ਤ੍ਰਾਸਦੀ ਹੰਢਾਅ ਕੇ ਮੈਨੂੰ ਇੱਥੇ ਤੱਕ ਪਹੁੰਚਾਇਆ ਹੈ। ਬੱਸ ਉਨ੍ਹਾਂ ਦੀ ਕਹਾਣੀ ਹੀ ਅਜਿਹੀ ਹੈ......ਜਿਸ ਨੂੰ ਸੁਨਣ ਲਈ ਹੌਂਸਲਾ ਚਾਹੀਦਾ ਹੈ।" ਪੀਟਰ ਨੇ ਆਪਣੇ ਆਪ ਵਿਚ ਪੂਰੇ ਵਿਸ਼ਵਾਸ ਨਾਲ ਕਿਹਾ ਅਤੇ ਆਪਣੀ ਕਹਾਣੀ ਸ਼ੁਰੂ ਕੀਤੀ...

ਇਹ ਕਹਾਣੀ ਮੇਰੇ ਦਾਦਾ ਜੀ ਤੋਂ ਸ਼ੁਰੂ ਹੁੰਦੀ ਹੈ। ਜਿਨ੍ਹਾਂ ਦਾ ਪੂਰਾ ਨਾਂ ਸੱਤਯਵ੍ਰਤ ਮਿਸ਼ਰਾ ਸੀ। ਸੱਤਯਵ੍ਰਤ ਮਿਸ਼ਰਾ ਜੀ ਦਾ ਮਨ ਸਵੇਰ ਤੋਂ ਹੀ ਉੱਖੜਿਆ ਸੀ। ਆਫ਼ਿਸ ਦੇ ਕਿਸੇ ਵੀ ਕੰਮ ਵਿਚ ਉਨ੍ਹਾਂ ਦਾ ਮਨ ਨਹੀਂ ਸੀ ਲੱਗ ਰਿਹਾ। ਸ਼ਾਮੀਂ ਪੰਜ ਵਜੇ ਉਨ੍ਹਾਂ ਡਾਕਟਰ ਕੁਲਦੀਪ ਸਿੰਘ ਤੋਂ ਰਿਪੋਰਟ ਲੈਣੀ ਸੀ। ਮਨ ਵਿਚ ਤਰ੍ਹਾਂ ਤਰ੍ਹਾਂ ਦੇ ਖ਼ਦਸ਼ੇ ਉਠ ਰਹੇ ਸਨ, ਜਿਨ੍ਹਾਂ ਤੋਂ ਖਹਿੜਾ ਛੁਡਾਉਣ ਲਈ ਉਨ੍ਹਾਂ ਸਾਰੇ ਤਰੀਕੇ ਵਰਤ ਕੇ ਵੇਖ ਲਏ ਸਨ। ਪ੍ਰਾਣਾਯਾਮ ਤੋਂ ਲੈ ਕੇ ਸ਼ਵਆਸਨ, ਯੋਗਆਸਨ, ਕਪਾਲਭਾਤੀ ਯਾਨੀ ਜਿਹੜੇ ਵੀ ਉਹ ਕਰ ਸਕਦੇ ਸੀ, ਕਰ ਕੇ ਵੇਖ ਲਏ ਸੀ। ਪਰ ਮਨ ਸੀ ਕਿ ਕਾਬੂ ਵਿਚ ਹੀ ਨਹੀਂ ਆ ਰਿਹਾ ਸੀ। ਪਿਛਲੇ ਛੇ ਮਹੀਨਿਆਂ ਤੋਂ ਉਹ ਏਸੇ ਉਲਝਣ ਵਿਚ ਫਸੇ ਸਨ। ਮਸਲਾ ਹੀ ਅਜਿਹਾ ਸੀ ਕਿ ਉਸ ਉੱਤੇ ਕਿਸੇ ਨਾਲ ਗੱਲ ਨਹੀਂ ਕਰ ਸਕਦੇ ਸੀ। ਇੱਥੋਂ ਤੱਕ ਕਿ ਆਪਣੇ ਅੰਦਰ ਉਠ ਰਹੀ ਸੁਨਾਮੀ ਨੂੰ ਉਹ ਇਕੱਲਿਆਂ ਹੀ ਝੇਲ ਰਹੇ ਸੀ। ਜਿਵੇਂ ਜਿਵੇਂ ਪੰਜ ਵੱਜਣ ਦਾ ਸਮਾਂ ਹੋ ਰਿਹਾ ਸੀ, ਉਨ੍ਹਾਂ ਦੇ ਅੰਦਰ ਇੱਕ ਤਿੱਖੇ ਰੌਲ਼ੇ ਨਾਲ ਇੱਕ ਅਜੀਬ ਜਿਹਾ ਖ਼ੌਫ਼ ਵਧਦਾ ਜਾ ਰਿਹਾ ਸੀ। ਓਸ ਛਿਣ ਉਹ ਆਪਣੇ ਆਪ ਨੂੰ ਹੱਦੋਂ ਵੱਧ ਕਮਜ਼ੋਰ ਮਹਿਸੂਸ ਕਰ ਰਹੇ ਸਨ। ਜਿੱਥੇ ਚਾਰੇ ਪਾਸੇ ਸਿਰਫ਼ ਗੂੜ੍ਹਾ ਹਨੇਰਾ ਹੀ ਦਿਸ ਰਿਹਾ ਸੀ। ਉਨ੍ਹਾਂ ਨੂੰ ਲੱਗ ਰਿਹਾ ਸੀ ਕਿ ਜਿਵੇਂ ਉਹ ਬਿਲਕੁਲ ਕਿਸੇ ਉਜਾੜ ਮਾਰੂਥਲ ਵਿਚ ਭਟਕ ਰਹੇ ਹਨ। ਇਹੋ ਜਿਹੀ ਗੱਲ ਵੀ ਨਹੀਂ ਸੀ ਕਿ ਉਨ੍ਹਾਂ ਦੇ ਸੰਗੀ ਸਾਥੀ ਜਾਂ ਰਿਸ਼ਤੇ ਨਾਤੇ ਵਾਲੇ ਕਦੇ ਉਨ੍ਹਾਂ ਨਾਲ ਖਲੋਤੇ ਨਹੀਂ ਸਨ, ਪਰ ਜਿਹੜਾ ਮਸਲਾ ਹੁਣ ਬਣਿਆ ਹੋਇਆ ਸੀ, ਉਸਨੂੰ ਉਹ ਕਿਸੇ ਨਾਲ ਸਾਂਝਾ ਨਹੀਂ ਕਰਨਾ ਚਾਹੁੰਦੇ ਸੀ, ਇੱਥੋਂ ਤੱਕ ਕਿ ਘਰਵਾਲੀ ਤੋਂ ਵੀ ਉਹ ਇਸ ਗੱਲ ਦਾ ਓਹਲਾ ਰੱਖ ਕੇ ਚੱਲ ਰਹੇ ਸਨ। ਸ਼ਾਇਦ ਏਸੇ ਲਈ ਉਹ ਇਕੱਲੇ ਪੈ ਗਏ ਸਨ। ਉਹ ਜਾਣਦੇ ਸੀ ਕਿ ਘਰਵਾਲੀ ਨੂੰ ਮਸਲਾ ਪਤਾ ਲੱਗਣ ਸਾਰ ਉਹ ਮਸਲੇ ਦੀ ਗੰਭੀਰਤਾ ਨੂੰ ਸਮਝਣ ਦੀ ਥਾਂ ਸਿਆਪਾ ਖੜ੍ਹਾ ਕਰ ਦੇਵੇਗੀ। ਜਿਨ੍ਹਾਂ ਗੁਆਂਢੀਆਂ ਅਤੇ ਰਿਸ਼ਤੇ-ਨਾਤੇ ਵਾਲਿਆਂ ਨੂੰ ਅਜੇ ਤੱਕ ਕੁਝ ਵੀ ਨਹੀਂ ਪਤਾ ਸੀ ਉਹ ਸਭ ਕੁਝ ਜਾਣ ਜਾਣਗੇ ਅਤੇ ਫੇਰ ਜੋ ਹੋਏਗਾ ਉਸਦੀ ਕਲਪਨਾ ਵੀ ਨਹੀਂ ਕਰ ਸਕੇਗੀ। ਇਸੇ ਉਧੇੜ-ਬੁਣ ਵਿਚ ਸੱਤਯਵ੍ਰਤ ਮਿਸ਼ਰਾ ਦੇ ਤਿੰਨ ਮਹੀਨੇ ਲੰਘ ਗਏ ਸਨ।

ਸਭ ਤੋਂ ਵੱਡੇ ਪੁੱਤਰ ਦੇ ਸਰੀਰ ਵਿਚ ਜਿਸ ਕਿਸਮ ਦਾ ਵਿਗਾੜ ਪੈਣਾ ਸ਼ੁਰੂ ਹੋ ਰਿਹਾ ਸੀ, ਉਸ ਬਾਰੇ ਸੱਤਯਵ੍ਰਤ ਮਿਸ਼ਰਾ ਵੱਡੇ ਤੋਂ ਵੱਡੇ ਡਾਕਟਰਾਂ, ਅਯੁਰਵੇਦ ਅਚਾਰਿਆਂ, ਵੈਦਾਂ, ਹਕੀਮਾਂ, ਫਾਂਡੇ ਵਾਲਿਆਂ, ਵਗੈਰਾ, ਦੇ ਚੱਕਰ ਕੱਟ ਚੁੱਕੇ ਸੀ। ਅਖੀਰ ਥੱਕ ਹਾਰ ਕੇ ਡਾਕਟਰ ਕੁਲਦੀਪ ਸਿੰਘ ਕੋਲ ਆਪਣੇ ਵੱਡੇ ਪੁੱਤਰ ਪੰਕਜ ਨੂੰ ਲੈ ਗਏ ਸੀ। ਡਾਕਟਰ ਕੁਲਦੀਪ

ਪੀਟਰ ਮਿਸ਼ਰਾ

ਸਿੰਘ ਨੇ ਪੰਕਜ ਦਾ ਚੈੱਕ ਅਪ ਕਰਨ ਤੋਂ ਬਾਅਦ ਕਿਹਾ ਸੀ ਕਿ ਮਿਸ਼ਰਾ ਜੀ, ਰੋਗ ਕਾਫ਼ੀ ਵਧ ਚੁੱਕਾ ਹੈ। ਇਸ ਵਿਚ ਬਹੁਤੀ ਦੇਰ ਕਰਨੀ ਹੁਣ ਠੀਕ ਨਹੀਂ। ਤੁਸੀਂ ਇਸ ਨੂੰ ਦਿੱਲੀ ਜਾਂ ਕਿਸੇ ਅਜਿਹੀ ਥਾਂ ਲੈ ਜਾਓ ਜਿੱਥੇ ਇਸ ਰੋਗ ਦੇ ਮਾਹਿਰ ਹੋਣ। ਅਜੇ ਮੈਂ ਕੁਝ ਨਹੀਂ ਕਰ ਸਕਦਾ, ਕਿਉਂਕਿ ਜੋ ਮੈਨੂੰ ਸ਼ੱਕ ਹੈ ਉਹ ਮੈਂ ਪੂਰੇ ਭਰੋਸੇ ਨਾਲ ਨਹੀਂ ਕਹਿ ਸਕਦਾ। ਇਸ ਵਿਸ਼ੇ ਦੇ ਡਾਕਟਰ ਨਾਲ ਗੱਲ ਕਰ ਕੇ ਹੀ ਮੈਂ ਤੁਹਾਨੂੰ ਪੂਰੇ ਦਾਅਵੇ ਨਾਲ ਕਹਿ ਸਕਾਂਗਾ। ਤੁਸੀਂ ਆ ਜਾਓ, ਮੈਂ ਪੂਰਾ ਖੋਲ੍ਹ ਕੇ ਤੁਹਾਨੂੰ ਦੱਸ ਦਿਆਂਗਾ ਕਿ ਅੱਗੇ ਕੀ ਕਰਨਾ ਹੈ''

ਸੱਤਯਵ੍ਰਤ ਮਿਸ਼ਰਾ ਦੀਆਂ ਰਗਾਂ ਵਿਚ ਖ਼ੂਨ ਦਾ ਵਹਿਣ ਠੰਢਾ ਪੈਣ ਲੱਗ ਪਿਆ ਸੀ। ਜ਼ਿੰਦਗੀ ਦੇ ਤਜਰਬੇ ਤੋਂ ਜਿੰਨਾ ਉਸ ਨੂੰ ਪਤਾ ਸੀ, ਜੇ ਓਹੀ ਹੋਇਆ, ਤਾਂ ਪੂਰੇ ਟੱਬਰ ਦੀ ਜ਼ਿੰਦਗੀ ਨਰਕ ਬਣ ਜਾਏਗੀ। ਉਸ ਦੇ ਚਿਹਰੇ 'ਤੇ ਹਵਾਈਆਂ ਉੱਡਣ ਲੱਗ ਪਈਆਂ ਸਨ। ਡਾਕਟਰ ਨੇ ਉਨ੍ਹਾਂ ਦੇ ਮਨ ਦੀ ਹਾਲਤ ਵੇਖ ਕੇ ਕਿਹਾ ਸੀ, ''ਪਰੇਸ਼ਾਨ ਨਾ ਹੋਵੋ, ਅੱਜ ਮੈਡੀਕਲ ਸਾਇੰਸ ਨੇ ਏਨੀ ਤਰੱਕੀ ਕਰ ਲਈ ਹੈ ਕਿ ਹੁਣ ਅਜਿਹੀਆਂ ਬਿਮਾਰੀਆਂ ਦਾ ਇਲਾਜ ਹੋ ਸਕਦਾ ਹੈ। ਥੋੜ੍ਹਾ ਸਮਾਂ ਲੱਗ ਸਕਦਾ ਹੈ, ਕਿਉਂਕਿ ਬਿਮਾਰੀ ਪੂਰੀ ਤਰ੍ਹਾਂ ਵਧ ਚੁੱਕੀ ਹੈ, ਫੇਰ ਵੀ ਇਲਾਜ ਸੰਭਵ ਹੈ।''

ਸੱਤਯਵ੍ਰਤ ਮਿਸ਼ਰਾ ਅੱਗੇ ਭਵਿੱਖ ਦਾ ਹਨੇਰਾ ਛਾਉਂਦਾ ਦਿਸਦਾ ਸੀ। ਉਸਨੂੰ ਡਾਕਟਰ ਦੀ ਆਖੀ ਪੂਰੀ ਗੱਲ ਸੁਣ ਨਹੀਂ ਸੀ ਰਹੀ, ਕਸ਼ਮਕਸ਼ ਦਾ ਡਰਾਉਣਾ ਸਮੁੰਦਰ ਆਪਣੇ ਬੰਨੇ ਤੋੜ ਉਸਦੇ ਜੀਵਨ ਵਿਚ ਵੜ ਚੁੱਕਾ ਸੀ। ਖ਼ੌਫ਼ ਦੀਆਂ ਵੱਡੀਆਂ ਵੱਡੀਆਂ ਸਮੁੰਦਰੀ ਲਹਿਰਾਂ ਦੇ ਉੱਠ-ਉੱਠ ਢਹਿਣ ਦੇ ਰੌਲ਼ੇ-ਰੱਪੇ ਵਿਚ ਡਾਕਟਰ ਦੀਆਂ ਗੱਲਾਂ ਉਸ ਨੂੰ ਸੁਣ ਨਹੀਂ ਸੀ ਰਹੀਆਂ।

ਉਹ ਆਪਣੇ ਦਫ਼ਤਰ ਵਿਚੋਂ ਨਿੱਕਲ ਬਾਹਰ ਆ ਗਿਆ ਸੀ। ਉਸਨੂੰ ਡਾਕਟਰ ਕੋਲ ਪਹੁੰਚਣ ਦੀ ਕਾਹਲ ਸੀ। ਉਸ ਨੂੰ ਲੱਗ ਰਿਹਾ ਸੀ ਕਿ ਹੋ ਸਕਦਾ ਹੈ ਕਿ ਡਾਕਟਰ ਦੀ ਰਾਇ ਬਦਲ ਜਾਏ ਅਤੇ ਜਿਹੜੇ ਸ਼ੰਕੇ ਕੱਲ੍ਹ ਦੱਸੇ ਸਨ ਉਹ ਗ਼ਲਤ ਹੋਣ। ਮਨ ਵਿਚ ਕਿਤੇ ਇੱਕ ਵਿਸ਼ਵਾਸ ਦੀ ਉਮੀਦ ਅਜੇ ਬਾਕੀ ਸੀ ਜਿਸਨੂੰ ਚੁੱਕੀ ਉਹ ਡਾਕਟਰ ਦੀ ਕਲਿਨਿਕ ਵੱਲ ਥੱਕੇ ਕਦਮੀਂ ਤੁਰ ਪਿਆ ਸੀ। ਅਜੇ ਸੂਰਜ ਢਲਣ ਵਿਚ ਦੇਰ ਸੀ, ਪਰ ਧੁੱਪ ਮੱਠੀ ਪੈਣ ਲੱਗ ਪਈ ਸੀ। ਸੱਤਯਵ੍ਰਤ ਮਿਸ਼ਰਾ ਦੇ ਮਨ ਵਿਚ ਇਸ ਵੇਲੇ ਡਾਕਟਰ ਦੀ ਰਿਪੋਰਟ ਅਤੇ ਟੱਬਰ ਦੀ ਇੱਜ਼ਤ ਖਲਬਲੀ ਹੀ ਪਾਈ ਜਾ ਰਹੀ ਸੀ, ਜਿਹੜੀ ਉਸ ਨੂੰ ਆਪਣੇ ਅੰਦਰ ਹੀ ਅੰਦਰ ਅੰਨ੍ਹੇ ਖੂਹ ਵਿਚ ਧੱਕ ਰਹੀ ਸੀ। ਏਸੇ ਉਧੇੜ-ਬੁਣ ਵਿਚ ਉਹ ਕਦੋਂ ਡਾਕਟਰ ਦੇ ਕਲਿਨਿਕ ਪੁੱਜਾ ਉਸਨੂੰ ਆਪ ਵੀ ਪਤਾ ਨਹੀਂ ਲੱਗਾ ਸੀ। ਡਾਕਟਰ ਨੇ ਸਾਫ਼ ਕਹਿ ਦਿੱਤਾ ਸੀ ਕਿ, ''ਤੁਹਾਡੇ ਪੁੱਤਰ ਨੂੰ ਕੋੜ੍ਹ ਹੈ, ਜਿਸਦਾ ਇਲਾਜ ਜੇ ਸਮੇਂ 'ਤੇ ਨਾ ਹੋਇਆ ਤਾਂ ਇਹ ਸਰੀਰ ਵਿਚ ਵੱਧ ਅੰਗਾਂ ਤੱਕ ਫੈਲ ਜਾਏਗਾ ਅਤੇ ਫੇਰ ਉਸਨੂੰ ਰੋਕ ਸਕਣਾ ਮੁਸ਼ਕਿਲ ਹੋਏਗਾ। ਇਹ ਕੁਝ ਨਾਂ ਹਨ, ਜਿੱਥੇ ਤੁਸੀਂ ਆਪਣੇ ਪੁੱਤਰ ਨੂੰ ਭਰਤੀ ਕਰਾਅ ਸਕਦੇ ਹੋ, ਆਸ ਹੈ ਛੇਤੀ ਠੀਕ ਹੋ ਕੇ ਤੁਹਾਡੇ ਕੋਲ ਪਰਤ ਆਏਗਾ ਅਤੇ ਇੱਕ ਆਮ ਜ਼ਿੰਦਗੀ ਜੀ ਸਕੇਗਾ। ਮੇਰੀ ਸਲਾਹ ਹੈ ਕਿ ਹੁਣ ਤੁਸੀਂ ਇਲਾਜ ਵਿਚ ਅਵੇਰ ਨਾ ਕਰੋ।"

ਸੱਤਯਵ੍ਰਤ ਮਿਸ਼ਰਾ ਲਈ ਇਹ ਇੱਕ ਬਹੁਤ ਦਰਦ-ਭਰਿਆ ਛਿਣ ਸੀ। ਕੋਹੜ ਦਾ ਨਾਂ ਸੁਣਦਿਆਂ ਹੀ ਆਂਢ-ਗੁਆਂਢ ਕੀ ਕੀ ਕਹੇਗਾ ਉਹ ਚੰਗੀ ਤਰ੍ਹਾਂ ਜਾਣਦਾ ਸੀ, ਉਸਦੇ ਟੱਬਰ ਨੂੰ ਇੱਕ ਛੇਕਿਆ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ ਜਾਏਗਾ। ਰਿਸ਼ਤੇਦਾਰ ਵੀ ਸਾਥ ਛੱਡ ਦੇਣਗੇ। ਵੱਡੇ ਪੁੱਤਰ ਪੰਕਜ ਦਾ ਤਾਂ ਜੋ ਹੋਏਗਾ ਹੋਏਗਾ ਹੀ, ਪਰ ਛੋਟੇ ਪੁੱਤਰ ਅਤੇ ਦੋ ਧੀਆਂ ਦੀ ਜ਼ਿੰਦਗੀ ਵੀ ਨਰਕ ਹੋ ਜਾਏਗੀ। ਸਮਾਜ ਵੱਲੋਂ ਛੋਹ ਤੋਂ ਦੂਰ ਰਹਿਣ ਲਈ ਛੇਕੇ ਜਾਣ ਨੂੰ ਜਿਊਂਦੇ ਜੀ ਭੋਗਣਾ ਪਏਗਾ। ਇਹ ਸੋਚ ਸੋਚ ਹੀ ਉਸਦਾ ਦਿਲ ਬੈਠੀ ਜਾ ਰਿਹਾ ਸੀ, ਇੱਕ ਇੱਕ ਕਦਮ ਉਸ ਨੂੰ ਦਸ ਦਸ ਸੇਰ ਦਾ ਲੱਗ ਰਿਹਾ ਸੀ। ਜਦੋਂ ਉਹ ਘਰ ਪੁੱਜਾ, ਹਨੇਰਾ ਪੂਰੀ ਤਰ੍ਹਾਂ ਲੱਥ ਚੁੱਕਾ ਸੀ। ਉਹ ਚੁਪਚਾਪ ਜਾ ਕੇ ਲੇਟ ਗਿਆ। ਘਰਵਾਲੀ ਨੇ ਪੁੱਛਣ ਦੀ ਕੋਸ਼ਿਸ਼ ਵੀ ਕੀਤੀ ਸੀ, ''ਜੀ, ਕੀ ਗੱਲ ਐ? ਆਉਂਦਿਆਂ ਹੀ ਪੈ ਗਏ। ਹੱਥ ਮੂੰਹ ਵੀ ਨਹੀਂ ਧੋਤਾ ਹੈ। ਸਭ ਠੀਕ ਤਾਂ ਐ? ਡਾਕਟਰ ਕੋਲ ਗਏ ਸੀ? ਕੀ ਕਹਿੰਦਾ ਐ? ਗੁੱਡੂ ਦੇ ਹੱਥ 'ਤੇ ਜਿਹੜੇ ਚਿਟਾਕ ਹਨ, ਉਹ ਠੀਕ ਤਾਂ ਹੋ ਜਾਣਗੇ ਨਾ? ਲਓ ਪਾਣੀ ਲਓ।'' ਘਰਵਾਲੀ ਨੇ ਇੱਕੋ ਸਾਹ ਵਿਚ ਸਾਰੇ ਸਵਾਲ ਪੁੱਛ ਲਏ ਸਨ। ਗੁੱਡੂ ਵੱਲੋਂ ਉਹ ਵੀ ਪਰੇਸ਼ਾਨ ਸੀ। ਸੱਤਯਵ੍ਰਤ ਗੁੰਮਿਆ ਜਿਹਾ ਘਰਵਾਲੀ ਹੱਥੋਂ ਪਾਣੀ ਲੈ ਕੇ ਪੀਣ ਲੱਗ ਪਿਆ ਸੀ। ਗਲਾਸ ਮੋੜਦਿਆਂ ਬੋਲਿਆ, ''ਠੀਕ ਐ ਸਭ ....ਬੱਚਿਆਂ ਦੀ ਅਵਾਜ਼ ਨਹੀਂ ਆ ਰਹੀ, ਕਿੱਥੇ ਨੇ?''

''ਜੀ, ਪੜ੍ਹ ਰਹੇ ਨੇ।'' ਘਰਵਾਲੀ ਨੇ ਹੌਲੀ ਜਿਹੇ ਕਿਹਾ। ਉਸ ਤੋਂ ਬਾਅਦ ਦੋਹਾਂ ਵਿਚਾਲੇ ਚੁੱਪੀ ਪੱਸਰ ਗਈ ਸੀ। ਕੁਝ ਚਿਰ ਘਰਵਾਲੀ ਖਲੋਤੀ ਰਹੀ, ਪਰ ਜਦੋਂ ਲੱਗਾ ਕਿ ਉਹ ਕੁਝ ਬੋਲ ਨਹੀਂ ਰਹੇ ਹਨ, ਤਾਂ ਚੁੱਪਚਾਪ ਜਾ ਕੇ ਰਸੋਈ ਦੇ ਕੰਮ ਵਿਚ ਲੱਗ ਗਈ ਸੀ। ਰਾਤ ਦਾ ਖਾਣਾ ਖਾਂਦਿਆਂ ਹੀ ਸੱਤਯਵ੍ਰਤ ਮਿਸ਼ਰਾ ਵੱਡੇ ਪੁੱਤਰ ਨੂੰ ਨਾਲ ਲੈ ਛੱਤ 'ਤੇ ਚਲੇ ਗਏ ਸਨ। ਬਾਕੀ ਬੱਚੇ ਅਤੇ ਘਰਵਾਲੀ ਟੀਵੀ ਸੀਰੀਅਲ ਵੇਖਣ ਵਿਚ ਰੁੱਝ ਗਏ ਸਨ। ਛੱਤ 'ਤੇ ਹਨੇਰਾ ਸੀ, ਗਲੀ ਵਿਚ ਲੱਗੀ ਰੌਸ਼ਨੀ ਹਨੇਰੇ ਨੂੰ ਜਿੱਚ ਕਰਨ ਦਾ ਬੇਫ਼ਾਇਦਾ ਜਤਨ ਕਰ ਰਹੀ ਸੀ। ਸੱਤਯਵ੍ਰਤ ਮਿਸ਼ਰਾ ਨੇ ਸੁਰ ਨੂੰ ਹੱਦੋਂ ਵੱਧ ਨਰਮ ਕਰਦਿਆਂ ਕਿਹਾ ਸੀ, ''ਮੈਂ ਡਾਕਟਰ ਕੋਲ ਗਿਆ ਸੀ...ਡਾਕਟਰ ਨੇ ਸਾਫ਼ ਕਰ ਦਿੱਤਾ ਹੈ ਕਿ ਤੈਨੂੰ ਕੋਹੜ ਦਾ ਰੋਗ ਹੈ, ਜਿਸਦਾ ਇਲਾਜ ਹੋ ਸਕਦਾ ਹੈ। ਮੈਂ ਵੀ ਜਾਣਦਾ ਹਾਂ ਕਿ ਅੱਜ ਕੱਲ੍ਹ ਇਸ ਬਿਮਾਰੀ ਨੂੰ ਪਹਿਲਾਂ ਵਾਂਗ ਛੂਤ ਦੀ ਬਿਮਾਰੀ ਨਹੀਂ ਮੰਨਿਆ

ਜਾਂਦਾ, ਪਰ ਬੇਟਾ ਜਿਸ ਸਮਾਜ ਵਿਚ ਅਸੀਂ ਰਹਿੰਦੇ ਹਾਂ ਉਹ ਅਜੇ ਤੱਕ ਪੁਰਾਣੀਆਂ ਮਨੌਤਾਂ ਨਾਲ ਬੱਝਾ ਹੈ। ਜਿਵੇਂ ਹੀ ਲੋਕਾਂ ਨੂੰ ਪਤਾ ਲੱਗਾ ਕਿ ਮੇਰੇ ਟੱਬਰ ਵਿਚ ਕਿਸੇ ਨੂੰ ਕੋਹੜ ਹੈ, ਓਸੇ ਵੇਲੇ ਤੋਂ ਮੇਰੇ ਟੱਬਰ ਦਾ ਹੁੱਕਾ-ਪਾਣੀ ਬੰਦ ਹੋ ਜਾਏਗਾ ਅਤੇ ਜਿਉਂਦੇ ਜੀ ਸਾਨੂੰ ਸਭ ਨੂੰ ਨਰਕ ਭੋਗਣਾ ਪੈਣਾ ਹੈ। ਤੇਰੀਆਂ ਦੋ ਭੈਣਾਂ ਹਨ, ਉਨ੍ਹਾਂ ਦੇ ਸ਼ਾਦੀ-ਵਿਆਹ ਵਿਚ ਵੀ ਅੜਿੱਕੇ ਖੜ੍ਹੇ ਹੋ ਜਾਣਗੇ। ਬ੍ਰਾਹਮਣ ਹੁੰਦਿਆਂ ਹੋਇਆਂ ਵੀ ਸਾਨੂੰ ਅਛੂਤਾਂ ਦੀ ਜ਼ਿੰਦਗੀ ਜਿਊਣ ਲਈ ਇਹ ਸਮਾਜ ਮਜਬੂਰ ਕਰ ਦਏਗਾ। ਕੀ ਤੂੰ ਚਾਹੇਂਗਾ ਕਿ ਤੇਰੀ ਮਾਂ, ਭੈਣਾਂ ਅਤੇ ਨਿੱਕਾ ਭਰਾ ਅਛੂਤਾਂ ਵਾਲਾ ਜੀਵਨ ਜਿਊਣ.. ਤੂੰ ਵੱਡਾ ਹੈਂ, ਚੰਗਾ-ਬੁਰਾ ਸਭ ਸਮਝਦਾ ਹੈਂ। ਇਲਾਜ ਵਿਚ ਜੋ ਵੀ ਖਰਚ ਆਏਗਾ ਮੈਂ ਕਰਾਂਗਾ, ਪਰ ਪੁੱਤਰ ਜ਼ਰਾ ਇਸ ਟੱਬਰ ਦੇ ਭਵਿੱਖ ਬਾਰੇ ਸੋਚ।''

ਸੱਤਯਵ੍ਰਤ ਮਿਸ਼ਰਾ ਦਾ ਗੱਚ ਭਰ ਆਇਆ ਸੀ। ਪੰਕਜ ਅੱਗੇ ਤਾਂ ਜਿਵੇਂ ਹਨੇਰੇ ਦਾ ਇੱਕ ਭਿਆਨਕ ਵਾਵਰੋਲਾ ਰਹਿ ਰਹਿ ਕੇ ਘੁੰਮਣ ਲੱਗ ਪਿਆ ਸੀ। ਉਂਝ ਵੀ ਜਦੋਂ ਤੋਂ ਉਸਦੇ ਹੱਥਾਂ ਪੈਰਾਂ ਉੱਤੇ ਇਹ ਚਿਟਾਕ ਨਿਕਲਣ ਲੱਗ ਪਏ ਸੀ, ਉਹ ਕਾਫ਼ੀ ਪਰੇਸ਼ਾਨ ਸੀ। ਉਸਨੂੰ ਸਮਝ ਨਹੀਂ ਸੀ ਆਉਂਦੀ ਪਈ ਕਿ ਉਸ ਨੂੰ ਇਹ ਸਭ ਕਿਉਂ ਹੋ ਰਿਹਾ ਹੈ। ਉਹ ਅਵਾਕ ਹੋ ਕੇ ਆਪਣੇ ਪਾਪਾ ਦੀ ਗੱਲ ਸੁਣ ਰਿਹਾ ਸੀ, ਪਰ ਉਹ ਕੁਝ ਵੀ ਬੋਲਣ ਦੀ ਹਾਲਤ ਵਿਚ ਨਹੀਂ ਸੀ, ਨਾ ਉਸਨੂੰ ਕੁਝ ਸੁੱਝ ਹੀ ਰਿਹਾ ਸੀ। ਉਸ ਅੱਗੇ ਤਾਂ ਬੇਯਕੀਨੀ ਦਾ ਸੰਘਣਾ ਹਨੇਰਾ ਛਾਈ ਜਾ ਰਿਹਾ ਸੀ, ਜਿਸ ਵਿਚ ਉਸ ਨੂੰ ਆਪਣੇ ਪਾਪਾ ਦਾ ਚਿਹਰਾ ਵੀ ਦਿਸ ਨਹੀਂ ਰਿਹਾ ਸੀ। ਕੁਝ ਚਿਰ ਬਾਪ-ਬੇਟਾ ਖ਼ਮੋਸ਼ੀ ਨਾਲ ਆਪਣੇ ਆਪਣੇ ਅੰਤਰਮਨ ਵਿੱਚ ਉੱਠਦਾ ਮਿੱਟੀ-ਘੱਟਾ ਫਰੋਲਣ ਦੀ ਕੋਸ਼ਿਸ਼ ਵਿਚ ਲੱਗੇ ਰਹੇ। ਅਚਾਨਕ ਸੱਤਯਵ੍ਰਤ ਮਿਸ਼ਰਾ ਨੇ ਉਸ ਨੂੰ ਸਮਝਾਉਂਦਿਆਂ ਕਿਹਾ, ''ਵੇਖ ਪੁੱਤਰ, ਟੱਬਰ ਵਾਸਤੇ ਮੈਂ ਤੇਰੇ ਅੱਗੇ ਹੱਥ ਜੋੜ ਕੇ ਮਾਫ਼ੀ ਮੰਗਦਾ ਆਖ ਰਿਹਾ ਹਾਂ, ਇਹ ਦਿੱਲੀ ਦੇ ਹਸਪਤਾਲ ਦਾ ਪਤਾ ਹੈ, ਇਹ ਕੁਝ ਰੁਪਏ ਹਨ, ਕੱਲ੍ਹ ਸਵੇਰੇ ਬਿਨਾ ਕਿਸੇ ਨੂੰ ਕੁਝ ਦੱਸਿਆਂ ਚੁੱਪਚਾਪ ਘਰੋਂ ਨਿੱਕਲ ਦਿੱਲੀ ਹਸਪਤਾਲ ਵਿਚ ਜਾ ਕੇ ਆਪਣਾ ਇਲਾਜ ਕਰਾਅ ਲਈਂ, ਪਰ ਇੱਥੇ ਪਰਤ ਕੇ ਘਰ ਨਾ ਆਈਂ। ਅਤੇ ਓਥੇ ਹਸਪਤਾਲ ਵਿਚ ਵੀ ਇੱਥੋਂ ਦਾ ਪਤਾ ਨਾ ਦੇਈਂ, ਨਹੀਂ ਤਾਂ ਸਾਰੇ ਪਰਿਵਾਰ ਤੇਰੀ ਬਦਕਿਸਮਤੀ ਦਾ ਡੰਗ ਹਮੇਸ਼-ਹਮੇਸ਼ ਲਈ ਸਹਿੰਦੇ ਰਹਿਣ ਲਈ ਸਰਾਪਿਆ ਰਹੇਗਾ, ਕਿਉਂਕਿ ਇਹ ਅਜਿਹੀ ਬਿਮਾਰੀ ਹੈ ਜਿਸ ਨੂੰ ਕਿਸੇ ਵੀ ਤਰ੍ਹਾਂ ਲੁਕਾਇਆ ਨਹੀਂ ਜਾ ਸਕਦਾ। ਕੁਝ ਸਮੇਂ ਬਾਅਦ ਤੇਰੇ ਸਰੀਰ ਵਿਚ ਜੋ ਵਿਗਾੜ ਪੈਣਗੇ ਉਹ ਕਿਸੇ ਤੋਂ ਵੀ ਲੁਕ ਨਹੀਂ ਸਕਣੇ। ਏਸੇ ਲਈ ਕਹਿ ਰਿਹਾ ਹਾਂ। ਬਿਨਾ ਕਿਸੇ ਨੂੰ ਦੱਸਿਆਂ ਚੁੱਪਚਾਪ ਘਰ ਛੱਡ ਕੇ ਦਿੱਲੀ ਚਲਾ ਜਾ। ਇਹ ਮੇਰੀ ਅਰਜ਼ ਸਮਝ ਲਈਂ ਜਾਂ ਮੇਰੀ ਮਜਬੂਰੀ ਸਮਝ ਮੈਨੂੰ ਮਾਫ਼ ਕਰ ਦੇਈਂ, ਕਿਉਂਕਿ ਜੇ ਤੂੰ ਅਜਿਹਾ ਨਹੀਂ ਕਰੇਂਗਾ, ਤਾਂ ਪੂਰੇ ਟੱਬਰ ਨੂੰ ਜੋ ਭੋਗਣਾ ਪੈਣਾ ਹੈ, ਉਸਦੀ ਤੂੰ ਕਲਪਨਾ ਵੀ ਨਹੀਂ ਕਰ ਸਕਦਾ। ਅੱਗੇ ਤੇਰੀ ਮਰਜ਼ੀ ਹੈ....'' ਸੱਤਯਵ੍ਰਤ ਮਿਸ਼ਰਾ ਨੇ ਕਹਿੰਦਿਆਂ ਹੋਇਆਂ ਲੰਮਾ ਸਾਹ ਲਿਆ। ਪੰਕਜ ਦੇ ਹੱਥ ਵਿਚ ਕਾਗਜ਼ ਦਾ ਇੱਕ ਟੁਕੜਾ, ਜਿਸ ਉੱਤੇ ਦਿੱਲੀ ਦੇ ਇੱਕ ਹਸਪਤਾਲ ਦਾ ਪਤਾ ਲਿਖਿਆ ਹੋਇਆ ਸੀ ਅਤੇ ਕੁਝ ਰੁਪਏ ਫੜਾਅ ਉਹ ਨਿਢਾਲ ਕਦਮਾਂ ਨਾਲ ਥੱਲੇ ਚਲੇ ਗਏ ਸਨ।

ਪੰਕਜ ਛੱਤ ਉੱਤੇ ਇਕੱਲਾ ਖੜ੍ਹਾ ਸੀ। ਉਸ ਨੂੰ ਲੱਗਾ ਜਿਵੇਂ ਉਹ ਕਿਸੇ ਵਾਵਰੋਲੇ ਵਿਚ ਫਸ ਗਿਆ ਹੈ, ਜਿੱਥੋਂ ਨਿੱਕਲਣਾ ਉਸ ਲਈ ਸੰਭਵ ਨਹੀਂ ਹੈ। ਉਸ ਨੂੰ ਲੱਗ ਰਿਹਾ ਸੀ ਜਿਵੇਂ ਸਮੁੱਚਾ ਅਕਾਸ਼ ਇੱਕ ਹੀ ਝਟਕੇ ਨਾਲ ਉਸ ਉੱਤੇ ਆ ਡਿੱਗਾ ਹੈ, ਚਾਰੇ ਪਾਸੇ ਜਿਵੇਂ ਲੰਮੀਆਂ-ਚੌੜੀਆਂ ਡੂੰਘੀਆਂ ਖੱਡਾਂ ਪੁੱਟ ਦਿੱਤੀਆਂ ਗਈਆਂ ਹਨ, ਜਿਨ੍ਹਾਂ ਦੇ ਪਾਰ ਜਾਣਾ ਉਸ ਲਈ ਔਖਾ ਹੈ। ਉਹ ਲਚਾਰ-ਹਤਾਸ਼ ਹੋ ਛੱਤ 'ਤੇ ਬਹਿ ਗਿਆ। ਐਨ ਇਕੱਲਾ। ਉਸਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਰੇ, ਉਸਦੇ ਸਾਹਮਣੇ ਬਜ਼ਾਰ ਵਿਚ ਕੌਲਾ ਫੜੀ ਭੀਖ ਮੰਗਦੇ ਕੋੜ੍ਹੀਆਂ ਦੀਆਂ ਕਤਾਰਾਂ ਘੁੰਮ ਗਈਆਂ। ਉਸ ਨੂੰ ਲੱਗਾ ਉਸਦੇ ਜਿਸਮ ਤੋਂ ਕਿਸੇ ਨੇ ਸਾਰਾ ਖ਼ੂਨ ਚੂਸ ਲਿਆ ਹੈ ਅਤੇ ਉਸਦੀ ਹੋਸ਼ ਸੁੰਨ ਹੋ ਰਹੀ ਹੈ। ਉਹ ਅਚਾਨਕ ਢਹਿ ਪਿਆ ਸੀ। ਕੁਝ ਚਿਰ ਬਾਅਦ ਜਦੋਂ ਉਸਨੂੰ ਹੋਸ਼ ਆਈ ਤਾਂ ਉਹ ਛੱਤ 'ਤੇ ਇਕੱਲਾ ਹੀ ਸੀ। ਉਸ ਨੇ ਸੋਚਣ ਦੀ ਕੋਸ਼ਿਸ਼ ਕੀਤੀ ਕਿ ਹੁਣ ਕੀ ਕਰੇ। ਕੋਹੜ ਨਾਲ ਲੜੇ ਜਾਂ ਟੱਬਰ ਦੀ ਇੱਜ਼ਤ ਲਈ ਆਪਣਾ ਆਪਾ ਉਜਾੜ ਜੰਗਲ ਵਿਚ ਇਕੱਲਾ ਛੱਡ ਦੇਵੇ....ਆਖਿਰ ਉਸਦਾ ਕਸੂਰ ਹੀ ਕੀ ਸੀ, ਜਿਸ ਲਈ ਏਨੀ ਵੱਡੀ ਸਜ਼ਾ ਉਸਨੂੰ ਦਿੱਤੀ ਜਾ ਰਹੀ ਸੀ। ਜ਼ਿੰਦਗੀ ਦੀ ਅਸਲੀਅਤ ਉਸਦੇ ਸਾਹਮਣੇ ਡੈਣ ਬਣੀ ਖੜ੍ਹੀ ਸੀ, ਜਿਸ ਨਾਲ ਉਸ ਨੇ ਇਕੱਲਿਆਂ ਹੀ ਲੜਨਾ ਸੀ। ਸਾਰੀ ਰਾਤ ਉਹ ਛੱਤ 'ਤੇ ਇਕੱਲਾ ਬੈਠਾ ਆਪਣੇ ਆਪ ਨਾਲ ਲੜਦਾ ਰਿਹਾ। ਸਵੇਰ ਦੇ ਚਾਰ ਵੱਜੇ ਹੋਣਗੇ, ਬਾਹਰ ਸੜਕ ਉੱਤੇ ਇੱਕ ਅੱਧੀ ਗੱਡੀ ਦੀ ਆਵਾਜਾਈ ਦੀ ਅਵਾਜ਼ ਆਉਣ ਲੱਗ ਪਈ ਸੀ। ਉਹ ਚੁੱਪਚਾਪ ਉੱਠ ਖਲੋਤਾ, ਖੁੱਲ੍ਹੇ ਅਸਮਾਨ ਵਿਚ ਸਾਝਰੇ ਦੀ ਤਾਜ਼ੀ ਹਵਾ ਉਸ ਨੇ ਆਪਣੇ ਸਾਹਾਂ ਵਿਚ ਭਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਵੀ ਉਸ ਨੂੰ ਕਸੈਲੀ ਲੱਗੀ। ਉਹ ਛੱਤ ਤੋਂ ਉੱਤਰ ਵਿਹੜੇ ਵਿਚ ਆ ਗਿਆ ਸੀ, ਕੁਝ ਚਿਰ ਚੁੱਪਚਾਪ ਵਿਹੜੇ ਵਿਚ ਖੜ੍ਹਾ ਰਿਹਾ। ਮੁੱਠੀ ਵਿਚ ਕਾਗ਼ਜ਼ ਦਾ ਟੁਕੜਾ ਅਤੇ ਰੁਪਏ ਛੇਤੀ ਕੁਝ ਕਰਨ ਨੂੰ ਕਹਿੰਦੇ ਲੱਗ ਰਹੇ ਸਨ। ਜਾਣ ਤੋਂ ਪਹਿਲਾਂ ਭਰਾ-ਭੈਣਾਂ ਅਤੇ ਮਾਂ ਨੂੰ ਇੱਕ ਵਾਰ ਵੇਖ ਲੈਣ ਦੀ ਇੱਛਾ ਉਸਦੇ ਮਨ ਵਿਚ ਉੱਠੀ ਸੀ, ਪਰ ਅੰਦਰ ਜਾਣ ਦਾ ਦਰਵਾਜ਼ਾ ਬੰਦ ਸੀ। ਉਸ ਨੇ ਦਰਵਾਜ਼ਾ ਖੜਕਾਉਣ ਲਈ ਹੱਥ ਅੱਗੇ ਵਧਾਇਆ, ਪਰ ਰੁਕ ਗਿਆ। ਹੱਥ ਵਿਚ ਫੜੇ ਰੁਪਏ ਅਤੇ ਦਿੱਲੀ ਦਾ ਪਤਾ, ਉਸ ਨੇ ਦਰਵਾਜ਼ੇ

ਪੀਟਰ ਮਿਸ਼ਰਾ

ਦੀ ਝੀਥ ਵਿੱਚੀਂ ਘਰ ਦੇ ਅੰਦਰ ਵੱਲ ਨੂੰ ਧੱਕ ਦਿੱਤੇ ਅਤੇ ਚੁੱਪਚਾਪ ਬਾਹਰ ਸੜਕ 'ਤੇ ਆ ਗਿਆ। ਉਸ ਅੱਗੇ ਰਾਤ ਦਾ ਸੰਘਣਾ ਹਨੇਰਾ ਹੀ ਨਹੀਂ ਜੀਵਨ ਦਾ ਹਨੇਰਾ ਹੋਰ ਵੱਧ ਸੰਘਣਾ ਹੋ ਗਿਆ ਸੀ। ਉਸਨੇ ਬਿਨਾ ਸੋਚੇ-ਸਮਝੇ ਇੱਕ ਦਿਸ਼ਾਹੀਣ ਰਾਹ ਫੜ ਲਿਆ ਸੀ। ਉਸਨੂੰ ਨਹੀਂ ਸੀ ਪਤਾ ਕਿ ਉਸਨੇ ਜਾਣਾ ਕਿੱਥੇ ਹੈ। ਬੱਸ ਉਹ ਕਿਸੇ ਇੱਕ ਪਾਸੇ ਵੱਲ ਨੂੰ ਚੱਲੀ ਜਾ ਰਿਹਾ ਸੀ। ਸੁਨਸਾਨ ਸੜਕ ਉੱਤੇ ਜਦੋਂ ਕੋਈ ਕੋਲੋਂ ਦੀ ਲੰਘਦਾ ਤਾਂ ਉਸਨੂੰ ਲੱਗਦਾ ਕਿ ਉਹ ਇਕੱਲਾ ਨਹੀਂ ਹੈ, ਪਰ ਪਲ ਭਰ ਵਿਚ ਹੀ ਉਸਦਾ ਇਹ ਭਰਮ ਮਿਟ ਜਾਂਦਾ। ਸਵੇਰ ਹੋਣ ਵਿਚ ਅਜੇ ਦੇਰ ਸੀ, ਸੜਕ ਕੋਲ ਜਾਣੇ-ਪਛਾਣੇ ਮਕਾਨ ਵੀ ਉਸ ਨੂੰ ਕੋੜ੍ਹੀਆਂ ਦੀ ਕਤਾਰ ਜਿਹੇ ਵਿਖ ਰਹੇ ਸਨ। ਉਹ ਇਸ ਕਲਪਨਾ ਨਾਲ ਹੀ ਕੰਬ ਉੱਠਿਆ ਸੀ। ਉਸਦਾ ਦਿਲ ਬੈਠੀ ਜਾ ਰਿਹਾ ਸੀ। ਉਸਨੂੰ ਲੱਗਾ ਜਿਵੇਂ ਕਿਸੇ ਨੇ ਉਸਦੇ ਜਿਸਮ ਵਿਚ ਪੰਘਰਿਆ ਗਰਮ ਸ਼ੀਸ਼ਾ ਪਾ ਦਿੱਤਾ ਹੈ, ਜੋ ਉਸਦੀਆਂ ਲਹੂ ਦੀਆਂ ਨਾੜਾਂ ਅੰਦਰ ਹੀ ਅੰਦਰ ਸਾੜ ਰਿਹਾ ਹੈ। ਉਹ ਜ਼ੋਰ ਜ਼ੋਰ ਦੀ ਚੀਕਣਾ ਚਾਹੁੰਦਾ ਸੀ, ਪਰ ਇਹ ਕਰਨ ਦੀ ਹਿੰਮਤ ਵੀ ਜਵਾਬ ਦੇ ਚੁੱਕੀ ਸੀ।

ਅਚਾਨਕ ਉਸ ਨੂੰ ਲੱਗਾ ਕਿ ਉਹ ਰੇਲਵੇ ਲਾਈਨ ਦੇ ਨੇੜੇ ਆ ਗਿਆ ਹੈ, ਉਸਦੇ ਮਨ ਵਿਚ ਤੇਜ਼ੀ ਨਾਲ ਇੱਕ ਵਿਚਾਰ ਲੰਘਿਆ, ਕੋਈ ਨਾ ਕੋਈ ਟ੍ਰੇਨ ਇਸ ਰਸਤੇ ਜ਼ਰੂਰ ਆਏਗੀ। ਕਿਉਂ ਨਾ ਰੇਲ ਦੀ ਪਟਰੀ ਉੱਤੇ ਲੇਟ ਕੇ ਇਸ ਸਰਾਪੇ ਜੀਵਨ ਨੂੰ ਖ਼ਤਮ ਕਰ ਦਿੱਤਾ ਜਾਏ। ਪਿਤਾ ਜੀ ਦਾ ਡਰ ਵੀ ਮੁੱਕ ਜਾਏਗਾ। ਅਤੇ ਭਰਾ-ਭੈਣਾਂ, ਮਾਂ ਨੂੰ ਵੀ ਜ਼ਲਾਲਤ ਨਹੀਂ ਸਹਿਣੀ ਪਏਗੀ। ਉਹ ਰੇਲ ਦੀ ਪਟੜੀ 'ਤੇ ਬੈਠ ਕੇ ਰੇਲਗੱਡੀ ਦੀ ਉਡੀਕ ਕਰਨ ਲੱਗ ਪਿਆ ਸੀ। ਓਥੇ ਬੈਠਿਆਂ ਉਸਨੂੰ ਕਾਫ਼ੀ ਚਿਰ ਹੋ ਗਿਆ ਸੀ, ਦੂਰ ਦੂਰ ਤੱਕ ਵੀ ਕਿਸੇ ਰੇਲਗੱਡੀ ਦੇ ਆਉਣ ਦਾ ਕੋਈ ਇਸ਼ਾਰਾ ਨਹੀਂ ਸੀ। ਅਚਾਨਕ ਉਸਨੂੰ ਮਾਂ ਚੇਤੇ ਆਉਣ ਲੱਗ ਪਈ, ਕੀ ਰਾਤੀਂ ਮੈਨੂੰ ਘਰ ਨਾ ਵੇਖ ਮਾਂ ਨੇ ਪਿਤਾ ਜੀ ਤੋਂ ਪੁੱਛਗਿੱਛ ਕੀਤੀ ਹੋਏਗੀ? ਪਿਤਾ ਜੀ ਨੇ ਕੀ ਕਿਹਾ ਹੋਏਗਾ? ਉਹ ਕਲਪਨਾ ਕਰਨ ਦੀ ਕੋਸ਼ਿਸ਼ ਕਰਨ ਲੱਗ ਪਿਆ ਸੀ।

ਦਿਨ ਦੀ ਲੋਅ ਵਧ ਰਹੀ ਸੀ। ਰੇਲਵੇ ਲਾਈਨ 'ਤੇ ਪਏ ਰੋੜੇ ਸਾਫ਼ ਸਾਫ਼ ਦਿਸਣ ਲੱਗ ਪਏ ਸਨ। ਚੜ੍ਹਦੇ ਵੱਲ ਸੂਰਜ ਦਾ ਗੋਲਾ ਵੀ ਹੁਣ ਹੌਲੀ ਹੌਲੀ ਉਤਾਂਹ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਵੇਰ ਦੀ ਤਾਜ਼ਗੀ ਨਾਲ ਉਸਦੇ ਮਨ ਉੱਤੇ ਛਾਈ ਨਿਰਾਸਤਾ ਦੀ ਪਰਤ ਕੁਝ ਢਿੱਲੀ ਪੈਣ ਲੱਗ ਪਈ ਸੀ। ਉਸਦੇ ਸੋਚਣ-ਸਮਝਣ ਦੀ ਸ਼ਕਤੀ ਵਿਚ ਜਿਵੇਂ ਅਚਾਨਕ ਤਬਦੀਲੀ ਆ ਗਈ ਸੀ। ਮਨ ਵਿਚ ਪਿਤਾ ਜੀ ਵਾਸਤੇ ਜਿਹੜੀ ਨਫ਼ਰਤ ਪੈਦਾ ਹੋਈ ਸੀ, ਉਸ ਨੂੰ ਸਮਝਣ ਅਤੇ ਪਿਤਾ ਜੀ ਦੀ ਦਲੀਲ ਨੂੰ ਜਾਨਣ ਦੀ ਉਹ ਕੋਸ਼ਿਸ਼ ਕਰਨ ਲੱਗ ਪਿਆ ਸੀ। ਅਚਾਨਕ ਮਾਂ ਦਾ ਖ਼ਿਆਲ ਉਸਦੇ ਮਨ ਦਾ ਬੂਹਾ ਖੜਕਾਉਣ ਲੱਗਾ ਪਿਆ ਸੀ। ਮੈਨੂੰ ਘਰ ਨਾ ਵੇਖ ਮਾਂ ਕੀ ਕਰੇਗੀ? ਰੋਏਗੀ-ਧੋਏਗੀ, ਪਿਤਾ ਜੀ ਤੋਂ ਝਿੜਕਾਂ ਪੈਣ 'ਤੇ ਚੁੱਪ ਕਰ ਕੇ ਰਸੋਈ ਵਿਚ ਚਲੇ ਜਾਏਗੀ ਅਤੇ ਫੇਰ ਇਕੱਲ ਵਿਚ ਹੰਝੂ ਵਹਾਏਗੀ....ਉਸਨੂੰ ਲੱਗਾ ਜਿਵੇਂ ਮਾਂ ਅਵਾਜ਼ ਮਾਰ ਰਹੀ ਹੈ...ਗੁੱਡੂ ਕਿੱਥੇ ਹੈਂ...? ਉਹ ਅਜੇ ਸੋਚ ਹੀ ਰਿਹਾ ਸੀ ਕਿ ਰੇਲਗੱਡੀ ਦੇ ਆਉਣ ਦੀ ਅਵਾਜ਼ ਆਈ, ਉਹ ਉੱਠ ਕੇ ਖੜ੍ਹਾ ਹੋ ਗਿਆ ਸੀ, ਮਾਂ ਦਾ ਖ਼ਿਆਲ ਅਜੇ ਵੀ ਉਸਦੇ ਦਿਲ-ਦਿਮਾਗ 'ਤੇ ਛਾਇਆ ਹੋਇਆ ਸੀ... ਉਸਨੂੰ ਲੱਗਾ ਮਰ ਕੇ ਵੀ ਕੀ ਹੋਏਗਾ। ਜੇ ਜ਼ਿੰਦਗੀ ਏਸੇ ਤਰ੍ਹਾਂ ਚੱਲਣੀ ਹੈ ਤਾਂ ਇਸਨੂੰ ਵੀ ਜੀ ਕੇ ਵੇਖਦੇ ਹਾਂ।

ਉਸ ਇੱਕ ਝਟਕੇ ਨਾਲ ਖ਼ੁਦਕੁਸ਼ੀ ਦਾ ਖ਼ਿਆਲ ਆਪਣੇ ਦਿਮਾਗ਼ ਵਿਚੋਂ ਬਾਹਰ ਕੱਢ ਸੁੱਟ ਦਿੱਤਾ ਸੀ, ਉਹ ਹੌਲੀ ਹੌਲੀ ਰੇਲ ਦੀ ਪਟਰੀ ਦੇ ਨਾਲ ਨਾਲ ਚੱਲਣ ਲੱਗ ਪਿਆ ਸੀ।

ਕੁਝ ਹੀ ਚਿਰ ਬਾਅਦ ਟ੍ਰੇਨ ਐਨ ਨੇੜੇ ਆ ਗਈ। ਉਸ ਨੇ ਟ੍ਰੇਨ ਵੱਲ ਵੇਖਿਆ। ਟ੍ਰੇਨ ਤੇਜ਼ ਰਫ਼ਤਾਰੀ ਨਾਲ ਨਾ ਆ ਰਹੀ ਸੀ। ਉਹ ਪਟਰੀ ਤੋਂ ਥੋੜ੍ਹਾ ਦੂਰ ਹੋ ਕੇ ਖੜ੍ਹ ਗਿਆ। ਕੁਝ ਦੂਰ ਜਾ ਕੇ ਟ੍ਰੇਨ ਅਚਾਨਕ ਰੁਕ ਗਈ ਸੀ ਅਤੇ ਜ਼ੋਰ ਜ਼ੋਰ ਦੀ ਸੀਟ੍ਹੀ ਵਜਾਅ ਰਹੀ ਸੀ। ਸ਼ਾਇਦ ਅੱਗੇ ਜਾਣ ਦਾ ਸਿਗਨਲ ਨਹੀਂ ਮਿਲਿਆ ਸੀ, ਉਸ ਨੂੰ ਲੱਗਾ ਟ੍ਰੇਨ ਓਸੇ ਲਈ ਹੀ ਰੁਕੀ ਹੈ, ਉਸਨੇ ਟ੍ਰੇਨ ਵੱਲ ਦੌੜ ਲਾ ਦਿੱਤੀ ਸੀ। ਟ੍ਰੇਨ ਲਗਾਤਾਰ ਸੀਟ੍ਹੀ ਵਜਾਅ ਰਹੀ ਸੀ। ਸੰਜੋਗ ਨਾਲ ਇੱਕ ਡੱਬੇ ਦਾ ਦਰਵਾਜ਼ਾ ਖੁੱਲ੍ਹਾ ਸੀ, ਉਹ ਛੇਤੀ ਛੇਤੀ ਉਸ ਵਿਚ ਚੜ੍ਹ ਗਿਆ ਸੀ। ਡੱਬੇ ਵਿਚ ਕਾਫ਼ੀ ਭੀੜ ਸੀ, ਕਿਤੇ ਵੀ ਬੈਠਣ ਦੀ ਥਾਂ ਖਾਲੀ ਨਹੀਂ ਸੀ। ਰਸਤੇ ਵਿਚ ਵੀ ਸਮਾਨ ਪਿਆ ਹੋਇਆ ਸੀ। ਉਹ ਦਰਵਾਜ਼ੇ ਕੋਲ ਹੀ ਕੰਧ ਨਾਲ ਜੁੜ ਕੇ ਖੜ੍ਹ ਗਿਆ ਸੀ। ਉਸਨੂੰ ਪਤਾ ਹੀ ਨਹੀਂ ਸੀ ਕਿ ਇਹ ਗੱਡੀ ਕਿੱਥੇ ਜਾ ਰਹੀ ਹੈ। ਉਸਦੇ ਮਨ ਵਿਚ ਇਹ ਜਾਨਣ ਦੀ ਬਹੁਤੀ ਉਤਾਵਲ ਵੀ ਨਹੀਂ ਸੀ। ਉਸਨੇ ਖ਼ੁਦ ਨੂੰ ਹਲਾਤ ਦੇ ਹਵਾਲੇ ਕਰ ਦਿੱਤਾ ਸੀ, ਉਸਦੇ ਦਿਮਾਗ਼ ਵਿਚ ਇਹ ਗੱਲ ਬੈਠ ਗਈ ਸੀ: ਜਦੋਂ ਪਿਓ ਨੇ ਹੀ ਮੇਰੇ ਬਾਰੇ ਏਨਾ ਵੱਡਾ ਫ਼ੈਸਲਾ ਲੈਣ ਵੇਲੇ ਮੇਰੇ ਜੀਵਨ ਬਾਰੇ ਕੁਝ ਨਹੀਂ ਸੋਚਿਆ ਤਾਂ ਫੇਰ ਹੁਣ ਕੀ ਫ਼ਰਕ ਪੈਂਦਾ ਹੈ ਕਿ ਇਹ ਰੇਲਗੱਡੀ ਕਿੱਥੇ ਜਾਏਗੀ। ਕਿਤੇ ਤਾਂ ਜਾਏਗੀ ਹੀ। ਇੱਥੋਂ ਤਾਂ ਬਾਹਰ ਲੈ ਜਾਏਗੀ। ਕੁਝ ਇਸ ਤਰ੍ਹਾਂ ਦੀ ਉਧੇੜ-ਬੁਣ ਵਿਚ ਡੁੱਬਿਆ ਹੋਇਆ ਸੀ ਉਹ। ਜੇਬ ਵਿਚ ਇੱਕ ਵੀ ਪੈਸਾ ਨਹੀਂ ਸੀ, ਪਿਤਾ ਜੀ ਨੇ ਜਿਹੜੇ ਦਿੱਤੇ ਸਨ ਉਹ ਵੀ ਛੱਡ ਕੇ ਨਿਕਲ ਆਇਆ ਸੀ।

ਇਨ੍ਹਾਂ ਹੀ ਵਿਚਾਰਾਂ ਵਿਚ ਗੁਆਚਿਆ ਉਹ ਅੱਗੇ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਬਹੁਤਾ ਨਹੀਂ ਸੋਚ ਰਿਹਾ ਸੀ। ਇੱਕ-ਟੱਕ ਬਾਹਰ ਵੇਖ ਰਿਹਾ ਸੀ। ਜੰਗਲ, ਰਾਹ-ਰਸਤੇ, ਘਰ, ਪਿੰਡ, ਸਾਰਾ ਕੁਝ ਜਿਵੇਂ ਟ੍ਰੇਨ ਤੋਂ ਪੁੱਠੇ ਪਾਸੇ ਵੱਲ ਨੂੰ ਦੌੜ ਰਿਹਾ

ਓਮ ਪ੍ਰਕਾਸ਼ ਵਾਲਮੀਕੀ

ਸੀ। ਉਹ ਹਰੇਕ ਬੰਧਨ ਤੋਂ ਅਜ਼ਾਦ ਹੋ ਚੁੱਕਾ ਸੀ। ਜੋ ਵੀ ਹੋਏਗਾ ਵੇਖਿਆ ਜਾਏਗਾ। ਹੁਣ ਇਸੇ ਜ਼ਿੰਦਗੀ ਨੂੰ ਜਿਊਣਾ ਹੈ ਤਾਂ ਫੇਰ ਕਿਉਂ ਡਰਨਾ, ਇਹੀ ਵਿਚਾਰ ਉਸਨੂੰ ਤਾਕਤ ਦੇ ਰਿਹਾ ਸੀ।

ਉਸਨੂੰ ਚੇਤੇ ਨਹੀਂ ਕਿ ਕਦੋਂ ਅਤੇ ਕਿਵੇਂ ਉਹ ਟ੍ਰੇਨ ਤੋਂ ਉੱਤਰ ਸਟੇਸ਼ਨ ਦੇ ਬਾਹਰ ਆ ਗਿਆ ਸੀ। ਸਿੱਧਾ ਰੇਲਵੇ ਲਾਈਨ ਦੇ ਨਾਲ ਨਾਲ ਚੱਲਦਾ ਸ਼ਹਿਰ ਦੀ ਅਜਿਹੀ ਥਾਂ ਪਹੁੰਚ ਗਿਆ ਸੀ, ਜਿੱਥੇ ਵਾਹਵਾ ਹੀ ਭੀੜ-ਭੜੱਕਾ ਸੀ। ਸੜਕ ਦੇ ਦੋਏ ਬੰਨੇ ਪਰਾਤਾਂ-ਖੇਮਚੇ ਵਾਲਿਆਂ ਦੀਆਂ ਲੰਮੀਆਂ ਕਤਾਰਾਂ ਸਨ। ਸੜਕ ਉੱਤੇ ਗੱਡੀਆਂ ਏਨੀ ਤੇਜ਼ੀ ਨਾਲ ਦੌੜ ਰਹੀਆਂ ਸਨ ਕਿ ਵੇਖ ਕੇ ਹੀ ਉਹ ਅੰਦਰ ਤੱਕ ਹਿੱਲ ਗਿਆ ਸੀ। ਏਸੇ ਥਾਂ ਆ ਕੇ ਉਹ ਰੁਕ ਗਿਆ ਸੀ। ਓਸ ਨੂੰ ਨਹੀਂ ਪਤਾ ਸੀ ਕਿ ਉਸ ਜਾਣਾ ਕਿੱਥੇ ਹੈ।

ਉਸਨੂੰ ਘਰ ਛੱਡਿਆਂ ਤਿੰਨ ਮਹੀਨੇ ਹੋ ਗਏ। ਇਹ ਤਿੰਨ ਮਹੀਨੇ ਉਸ ਸੜਕਾਂ ਉੱਤੇ ਭਟਕਦਿਆਂ, ਛੋਟੇ ਮੋਟੇ ਕੰਮ ਕਰ ਕੇ ਪੇਟ ਦੀ ਭੁੱਖ ਸ਼ਾਂਤ ਕਰਦਿਆਂ, ਕਦੇ ਦੋ ਦੋ ਦਿਨ ਸਿਰਫ਼ ਪਾਣੀ ਪੀ ਰਹਿਣਾ, ਜਿੱਥੇ ਥਾਂ ਮਿਲੇ ਸੌਂ ਜਾਣਾ। ਕਈ ਥਾਂਈਂ ਉਸਨੇ ਕੰਮ ਵੀ ਮੰਗਿਆ, ਪਰ ਉਸ ਦੇ ਸਰੀਰ ਵਿਚ ਹੋ ਰਹੀਆਂ ਤਬਦੀਲੀਆਂ ਹੁਣ ਸਾਫ਼ ਸਾਫ਼ ਦਿਸਣ ਲੱਗ ਪਈਆਂ ਸੀ, ਜਿਨ੍ਹਾਂ ਨੂੰ ਲੁਕਾਉਣਾ ਬਹੁਤ ਮੁਸ਼ਕਲ ਸੀ, ਜਿਸਦੀ ਵਜ੍ਹਾ ਕਰਕੇ ਲੋਕ ਉਸ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਦੇ ਅਤੇ ਕੋਈ ਵੀ ਉਸਨੂੰ ਕੰਮ ਦੇਣ ਨੂੰ ਤਿਆਰ ਨਾ ਹੁੰਦਾ। ਕੋੜ੍ਹ ਬਾਰੇ ਸਮਾਜ ਵਿਚ ਫੈਲੇ ਭਰਮਾਂ ਕਰਕੇ ਹੀ ਅਜਿਹਾ ਹੁੰਦਾ ਸੀ। ਕਈ ਵਾਰ ਉਸਨੂੰ ਉਹ ਉਹ ਕੰਮ ਵੀ ਕਰਨੇ ਪਏ ਜਿਨ੍ਹਾਂ ਨੂੰ ਉਸਦੇ ਪਰਿਵਾਰਕ ਸੰਸਕਾਰਾਂ ਵਿਚ ਘਿਰਣਾ-ਯੋਗ ਮੰਨਿਆ ਜਾਂਦਾ ਸੀ। ਇੱਕ ਦਿਨ ਦਾ ਇੱਕ ਰੁਪਿਆ ਮਿਲਣਾ ਹੁੰਦਾ, ਪਰ ਉਸਨੇ ਉਸ ਦਿਨ ਸਫ਼ਾਈ ਕਰ ਕੇ ਦੋ ਰੁਪਏ ਕਮਾਅ ਲਏ ਸਨ। ਉਂਝ ਅਕਸਰ ਲੋਕ ਉਸਨੂੰ ਕੰਮ ਦੇਣ ਦੀ ਥਾਂ ਭਜਾਅ ਦਿੰਦੇ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਕੋੜ੍ਹੀ ਨੂੰ ਨੇੜੇ ਰੱਖਣ ਨਾਲ ਲਾਗ ਲੱਗ ਸਕਦੀ ਹੈ। ਭੁੱਖ ਨਾਲ ਲੜਨ ਲਈ ਉਹ ਕੋਈ ਵੀ ਕੰਮ ਕਰਨ ਨੂੰ ਤਿਆਰ ਸੀ, ਪਰ ਸਮਾਜਕ ਧਾਰਨਾਵਾਂ ਕਰਕੇ ਉਸਨੂੰ ਕੋਈ ਕੰਮ ਵੀ ਨਹੀਂ ਮਿਲ ਰਿਹਾ ਸੀ। ਕਦੇ ਕਦੇ ਅਜਿਹੀ ਹਾਲਤ ਵੀ ਆਈ ਜਦੋਂ ਉਸਨੂੰ ਕਈ ਕਈ ਦਿਨ ਕੁਝ ਵੀ ਖਾਣ ਨੂੰ ਨਹੀਂ ਮਿਲਿਆ ਸੀ, ਏਧਰ ਓਧਰ ਭੁੱਖਾ-ਪਿਆਸਾ ਭਟਕਦਾ ਰਿਹਾ। ਉਸਨੇ ਕਦੇ ਇਸ ਘਿਰਣਾਭਰੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਸੀ, ਪਰ ਹਲਾਤ ਨੇ ਉਸਨੂੰ ਮਜਬੂਰ ਕਰ ਦਿੱਤਾ ਸੀ।

ਇੱਕ ਦਿਨ ਉਸਨੇ ਸੜਕ ਦੇ ਬੰਨੇ ਬੰਨੇ ਇੱਕ ਕਤਾਰ ਵਿਚ ਜਾਂਦੇ ਕਿੰਨੇ ਹੀ ਮਰਦ ਅਤੇ ਜ਼ਨਾਨੀਆਂ ਵੇਖੇ, ਸਾਰੇ ਦੇ ਸਾਰੇ ਕੋੜ੍ਹ ਦੇ ਰੋਗੀ। ਉਹ ਉਨ੍ਹਾਂ ਦੇ ਪਿੱਛੇ ਪਿੱਛੇ ਤੁਰ ਪਿਆ ਸੀ। ਉਹ ਸਾਰੇ ਇੱਕ ਮੰਦਰ ਕੋਲ ਜਾ ਠਹਿਰੇ ਸੀ। ਉਹ ਵੀ ਉਨ੍ਹਾਂ ਨਾਲ ਹੀ ਠਹਿਰ ਗਿਆ। ਨਵਾਂ ਮੁੰਡਾ ਵੇਖ ਇੱਕ ਬਜ਼ੁਰਗ ਕੋੜ੍ਹੀ ਉਸ ਕੋਲ ਆਇਆ। ਉਸਨੂੰ ਓਥੇ ਬੈਠਾ ਵੇਖ ਕੇ ਕਹਿੰਦਾ, "ਤੂੰ ਕੌਣ ਹੈਂ? ਇੱਥੇ ਕਿਸ ਤਰ੍ਹਾਂ ਆ ਗਿਆ?" ਪਹਿਲਾਂ ਤਾਂ ਉਹ ਚੁੱਪ ਹੀ ਰਿਹਾ, ਪਰ ਫੇਰ ਕਾਫ਼ੀ ਡਾਂਟ-ਫਟਕਾਰ ਪੈਣ ਤੋਂ ਬਾਅਦ ਉਸ ਨੇ ਮੂੰਹ ਖੋਲ੍ਹਿਆ ਅਤੇ ਆਪਣੀ ਹੋਈ-ਬੀਤੀ ਬਿਆਨ ਕਰ ਦਿੱਤੀ, ਜਿਸਨੂੰ ਸੁਣ ਉਸ ਬਜ਼ੁਰਗ ਦੇ ਚਿਹਰੇ ਦੇ ਭਾਵ ਬਦਲ ਗਏ ਸਨ। ਉਸਨੂੰ ਨਵੇਂ ਮੁੰਡੇ ਨਾਲ ਥੋੜ੍ਹੀ ਜਿਹੀ ਹਮਦਰਦੀ ਹੋਈ ਸੀ। ਉਸਨੇ ਕਿਹਾ,

"ਕਿੰਨੇ ਚਿਰ ਤੋਂ ਇਹ ਤਕਲੀਫ਼ ਹੈ?"

"ਜੀ, ਕੋਈ ਅੱਠ-ਨੌਂ ਮਹੀਨੇ ਹੋ ਗਏ ਹਨ," ਮੁੰਡੇ ਨੇ ਡਰਦਿਆਂ ਡਰਦਿਆਂ ਕਿਹਾ।

"ਕੋਈ ਨਹੀਂ, ਕੱਲ੍ਹ ਚੱਲ ਕੇ ਡਾਕਟਰ ਨਾਲ ਗੱਲ ਕਰਦੇ ਹਾਂ। ਫ਼ਿਕਰ ਨਾ ਕਰ। ਠੀਕ ਹੋ ਜਾਏਂਗਾ।" ਬਜ਼ੁਰਗ ਨੇ ਸ਼ਾਂਤ ਮਨ ਨਾਲ ਕਿਹਾ। "ਕਿਤੇ ਜਾਈਂ ਨਾ, ਇੱਥੇ ਹੀ ਰਹੀਂ। ਮੈਂ ਡਾਕਟਰ ਨਾਲ ਗੱਲ ਕਰਾਂਗਾ।"

ਇਸ ਤਰ੍ਹਾਂ ਹਲਾਤ ਤੋਂ ਤੰਗ ਆ ਕੇ ਉਹ ਕੋੜ੍ਹੀਆਂ ਦੀ ਜਮਾਤ ਵਿਚ ਸ਼ਾਮਲ ਹੋ ਕੇ ਕੁਸ਼ਠ ਰੋਗ ਹਸਪਤਾਲ ਪਹੁੰਚ ਗਿਆ ਸੀ, ਜਿੱਥੇ, ਬਕਾਇਦਾ ਇੰਤਜ਼ਾਮ ਹੇਠ ਉਸਦਾ ਇਲਾਜ ਸ਼ੁਰੂ ਹੋ ਗਿਆ ਸੀ।

ਹਸਪਤਾਲ ਵਿਚ ਬਹੁਤ ਸਾਰੇ ਅਜਿਹੇ ਰੋਗੀ ਵੀ ਸਨ, ਜਿਨ੍ਹਾਂ ਦੀ ਉਮਰ ਬਹੁਤ ਘੱਟ ਸੀ ਅਤੇ ਸਰੀਰਕ ਰੂਪ ਵੱਲੋਂ ਕਾਫ਼ੀ ਕੋਝੇ ਹੋ ਚੁੱਕੇ ਸਨ, ਪਰ ਤਾਂ ਵੀ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ ਅਤੇ ਉਹ ਵੱਲ ਹੋ ਕੇ ਇੱਕ ਆਮ ਜ਼ਿੰਦਗੀ ਜਿਊਣ ਦੀ ਆਸ ਲਾਈ ਬੈਠੇ ਸਨ। ਪੰਕਜ ਦੀ ਉਮਰ ਦੇ ਕਈ ਮੁੰਡੇ ਕੁੜੀਆਂ ਹਸਪਤਾਲ ਵਿਚ ਸਨ। ਉਨ੍ਹਾਂ ਸਭ ਦੀ ਕਹਾਣੀ ਪੰਕਜ ਵਰਗੀ ਸੀ। ਘਰ-ਪਰਿਵਾਰ ਵੱਲੋਂ ਤਿਆਗੇ, ਉਨ੍ਹਾਂ ਵਿਚੋਂ ਬਹੁਤਿਆਂ ਆਪਣਾ ਨਾਂ ਅਤੇ ਪਰਿਵਾਰ ਦੀ ਪਛਾਣ ਦੱਸਣ ਤੋਂ ਇਨਕਾਰ ਕਰ ਦਿੱਤਾ ਸੀ, ਯਾਨੀ ਉਨ੍ਹਾਂ ਦੀ ਸਿਰਫ਼ ਇੱਕ ਹੀ ਪਛਾਣ ਸੀ -ਕੋਹੜੀ। ਜਿਸ ਦਰਦ ਅਤੇ ਮਾਨਸਿਕ ਤਸੀਹੇ ਨਾਲ ਉਹ ਜੂਝ ਰਹੇ ਸਨ, ਉਸਨੂੰ ਸਮਝ ਸਕਣਾ ਸੌਖਾ ਨਹੀਂ ਸੀ। ਉਨ੍ਹਾਂ ਨੂੰ ਸਿਰਫ਼ ਸਰੀਰਕ ਹੀ ਨਹੀਂ ਮਾਨਸਿਕ ਤਕਲੀਫ਼ਾਂ ਵਿਚੋਂ ਵੀ ਲੰਘਣਾ ਪੈ ਰਿਹਾ ਸੀ। ਹਰੇਕ ਦਾ ਜੀਵਨ ਭਿਆਣਕ ਤਰਾਸਦੀਆਂ ਨਾਲ ਭਰਿਆ ਹੋਇਆ ਸੀ, ਜਿੱਥੇ ਸਿਰਫ਼ ਮਘਦੇ ਅੰਗਾਰੇ ਹੀ ਅੰਗਾਰੇ ਸਨ। ਪਿੱਛੇ ਛੁੱਟ ਗਏ ਪਹਿਲੇ ਪਿਛੋਕੜ ਨੂੰ ਕੋਈ ਵੀ ਚੇਤੇ ਕਰਨ ਲਈ ਤਿਆਰ ਨਹੀਂ ਸੀ। ਬੀਤਿਆ ਉਨ੍ਹਾਂ ਲਈ ਇੱਕ ਹਨੇਰੀ ਦਲਦਲ ਸੀ, ਜਿਸ ਵਿੱਚੋਂ ਬਾਹਰ ਨਿੱਕਲ ਸਕਣਾ ਉਨ੍ਹਾਂ ਨੂੰ ਏਨਾ ਸੌਖਾ ਨਹੀਂ ਲੱਗਦਾ ਸੀ ਅਤੇ ਸੱਚਾਈ ਵੀ ਇਹੀ ਸੀ ਕਿ ਘਰ-ਪਰਿਵਾਰ, ਸਮਾਜ ਉਨ੍ਹਾਂ ਨੂੰ ਇਨਸਾਨ ਮੰਨਣ ਨੂੰ ਤਿਆਰ ਨਹੀਂ ਸੀ। ਅਜਿਹੇ ਵਿਚ, ਕੋੜ੍ਹ ਦੇ ਰੋਗ ਦਾ ਹਸਪਤਾਲ ਅਤੇ ਡਾਕਟਰ ਉਨ੍ਹਾਂ ਲਈ ਬੜੀ ਨਿਆਮਤ ਸਨ, ਜਿਨ੍ਹਾਂ ਕਰਕੇ ਉਹ ਆਪਣੇ ਦੁੱਖ-ਦਰਦ ਭੁੱਲ ਜਾਣਾ ਚਾਹੁੰਦੇ ਸੀ।

ਪੀਟਰ ਮਿਸ਼ਰਾ

ਕੁਝ ਮਹੀਨਿਆਂ ਦੇ ਇਲਾਜ ਬਾਅਦ ਪੰਕਜ ਠੀਕ ਹੋ ਗਿਆ ਸੀ, ਪਰ ਇਲਾਜ ਵਿਚ ਕਾਫ਼ੀ ਦੇਰ ਹੋ ਜਾਣ ਕਰਕੇ, ਸਰੀਰ ਦੇ ਅੰਗਾਂ ਵਿਚ ਜੋ ਵਿਗਾੜ ਪੈ ਗਏ ਸਨ, ਉਹ ਠੀਕ ਨਹੀਂ ਹੋ ਸਕਦੇ ਸੀ। ਉਸਨੂੰ ਹਸਪਤਾਲ ਤੋਂ ਇੱਕ ਮੁੜ-ਬਹਾਲੀ ਕੇਂਦਰ ਵਿਚ ਭੇਜਿਆ ਗਿਆ ਸੀ। ਉਸ ਦੇ ਨਾਲ ਹੋਰ ਵੀ ਕਈ ਮਰਦ-ਜ਼ਨਾਨੀਆਂ ਹੈ ਸਨ, ਸੁਨੀਤਾ ਵੀ ਸੀ, ਜੋ ਉਸੇ ਦੀ ਉਮਰ ਦੀ ਸੀ। ਉਹ ਇਲਾਜ ਦੇ ਦੌਰਾਨ ਇੱਕ ਦੂਜੇ ਦੇ ਵਾਕਫ਼ ਬਣੇ ਸਨ, ਪਰ ਦੋਹਾਂ ਆਪਣਾ ਬੀਤਿਆ ਅਜੇ ਤੱਕ ਇੱਕ-ਦੂਜੇ ਨੂੰ ਨਹੀਂ ਦੱਸਿਆ ਸੀ। ਮੁੜ-ਬਹਾਲੀ ਕੇਂਦਰ ਵਿਚ ਉਨ੍ਹਾਂ ਨੂੰ ਖ਼ੁਦ-ਮੁਖ਼ਤਾਰ ਬਨਾਉਣ ਦੇ ਕੁਝ ਪ੍ਰੋਗ੍ਰਾਮ ਸਨ, ਜਿੱਥੇ ਉਨ੍ਹਾਂ ਕੁਝ ਦਿਨ ਰਹਿਣਾ ਸੀ। ਉਸ ਤੋਂ ਬਾਅਦ ਉਹ ਜਿੱਥੇ ਜਾਣਾ ਚਾਹੁਣ ਜਾ ਸਕਦੇ ਸੀ। ਇਨ੍ਹਾਂ ਪ੍ਰੋਗਰਾਮਾਂ ਦੇ ਦੌਰਾਨ ਹੀ ਪੰਕਜ ਅਤੇ ਸੁਨੀਤਾ ਵਿਚ ਨੇੜਤਾ ਵਧਣ ਲੱਗ ਪਈ ਸੀ, ਪਰ ਦੋਹਾਂ ਨੇ ਆਪਣੇ ਪਿੱਛੇ ਉੱਤੇ ਕੋਈ ਵੀ ਚਰਚਾ ਇੱਕ ਦੂਜੇ ਨਾਲ ਨਹੀਂ ਕੀਤੀ ਸੀ। ਸ਼ਾਇਦ ਉਹ ਦੋਹਾਂ ਦੇ ਜੀਵਨ ਦਾ ਉਹ ਦੁਖਾਵਾਂ ਪਹਿਲੂ ਸੀ ਜਿਸ ਨੂੰ ਚੇਤੇ ਕਰਨ ਤੋਂ ਦੋਨੋਂ ਹੀ ਬਚ ਰਹੇ ਸਨ।

ਕੁਝ ਦਿਨਾਂ ਬਾਅਦ ਉਹ ਦੋਏ ਕੋੜ੍ਹੀਆਂ ਲਈ ਬਣੀ ਬਸਤੀ ਵਿਚ ਆ ਗਏ ਸਨ, ਜਿੱਥੇ ਉਨ੍ਹਾਂ ਨੂੰ ਵੀ ਥੋੜ੍ਹੀ ਜਿਹੀ ਥਾਂ ਮਿਲ ਗਈ ਸੀ ਅਤੇ ਨਵੇਂ ਸਿਰਿਓਂ ਹੁਣ ਉਨ੍ਹਾਂ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਕਰਨੀ ਸੀ।
ਪੰਕਜ ਅਤੇ ਸੁਨੀਤਾ ਨੇ ਇਕੱਠੇ ਰਹਿਣਾ ਸ਼ੁਰੂ ਕਰ ਦਿੱਤਾ ਸੀ ਅਤੇ ਖ਼ੁਦ ਆਪਣੇ ਪੈਰਾਂ ਉੱਤੇ ਹੋਣ ਦੇ ਜੀਵਨ ਵੱਲ ਵਧਣ ਲੱਗ ਪਏ ਸਨ। ਪੰਕਜ ਨੂੰ ਪੜ੍ਹਨਾ-ਲਿਖਣਾ ਆਉਂਦਾ ਸੀ। ਸੁਨੀਤਾ ਨੂੰ ਸਕੂਲ ਜਾਣ ਦਾ ਵੀ ਮੌਕਾ ਨਹੀਂ ਮਿਲਿਆ ਸੀ, ਪਰ ਫੇਰ ਵੀ ਉਨ੍ਹਾਂ ਦੋਹਾਂ ਵਿਚ ਇੱਕ ਸਹਿਮਤੀ ਬਣ ਗਈ ਸੀ।
ਉਨ੍ਹਾਂ ਦਾ ਜੀਵਨ ਇੱਕ ਖ਼ਾਸ ਲੀਹੇ ਪੈ ਗਿਆ ਸੀ। ਬਾਕੀ ਕੁਸ਼ਠ ਰੋਗੀਆਂ ਵਾਂਗ ਉਹ ਭੀਖ ਉੱਤੇ ਨਹੀਂ ਸੀ ਆਸਰਾ ਕਰ ਰਹੇ। ਦੋਏ ਆਪਣੇ ਬੀਤੇ ਤੋਂ ਅਜ਼ਾਦ ਹੋ ਕੇ ਜਿਊਣ ਦੀ ਕੋਸ਼ਿਸ਼ ਕਰਨ ਲੱਗ ਪਏ ਸਨ।

ਇੱਕ ਦਿਨ ਕੁਝ ਅਜਿਹਾ ਵਾਪਰਿਆ ਕਿ ਸੁਨੀਤਾ ਆਪਣੇ ਆਪ ਨੂੰ ਰੋਕ ਨਹੀਂ ਸਕੀ ਸੀ, ਅਜਿਹੇ ਹੀ ਭਾਵੁਕ ਛਿਣਾਂ ਵਿਚ ਉਸਨੇ ਪੰਕਜ ਅੱਗੇ ਆਪਣੇ ਬੀਤੇ ਨੂੰ ਅਣਕੱਜਿਆਂ ਕਰ ਦਿੱਤਾ ਸੀ। ਕੁਝ ਵੀ ਨਹੀਂ ਲੁਕਾਇਆ ਸੀ।

ਇੱਕ ਨਿੱਕੇ ਜਿਹੇ ਪਿੰਡ ਦੇ ਦਲਿਤ ਪਰਿਵਾਰ ਵਿਚ ਜੰਮੀ ਸੁਨੀਤਾ ਦੇ ਹੱਥਾਂ-ਪੈਰਾਂ ਵਿਚ ਜਦੋਂ ਕੋਹੜ ਦੇ ਰੋਗ ਦੇ ਲੱਛਣ ਦਿਸਣ ਲੱਗੇ ਤਾਂ ਉਸ ਦੇ ਬਾਪੂ, ਹਸਪਤਾਲ ਲਿਜਾਣ ਦੇ ਬਹਾਨੇ ਕਿਸੇ ਅਣਜਾਣ ਥਾਂ ਛੱਡ ਕੇ ਚੁੱਪਚਾਪ ਗ਼ਾਇਬ ਹੋ ਗਏ ਸੀ; ਉਹ ਇਕੱਲੀ ਖੜ੍ਹੀ ਸਾਹਮਣਿਓਂ ਆਉਂਦੇ ਤੂਫ਼ਾਨ ਨੂੰ ਵੇਖ ਰਹੀ ਸੀ। ਉਸਨੂੰ ਯਕੀਨ ਨਹੀਂ ਹੋ ਰਿਹਾ ਸੀ ਕਿ ਉਸਦੇ ਬਾਪੂ, ਜੋ ਉਸਨੂੰ ਹੱਦੋਂ ਵੱਧ ਪਿਆਰ ਕਰਦੇ ਸਨ, ਇਸ ਤਰ੍ਹਾਂ ਬਿਨ ਦੱਸਿਆਂ ਛੱਡ ਕੇ ਚਲੇ ਜਾਣਗੇ। ਉਹ ਓਸੇ ਥਾਂ ਬੈਠੀ, ਭੁੱਖੀ ਪਿਆਸੀ ਆਪਣੇ ਬਾਪੂ ਦੇ ਪਰਤ ਆਉਣ ਦੀ ਉਡੀਕ ਕਰਦੀ ਰਹੀ ਸੀ।
ਅਖੀਰ ਬਾਪੂ ਨਾ ਹੀ ਆਏ, ਤਾਂ ਉਸ ਆਪਣੇ ਇਸ ਰੋਗ ਨੂੰ ਹੀ ਆਪਣਾ ਸਾਥੀ ਬਣਾਅ ਲਿਆ ਸੀ।
ਉਸਦੀਆਂ ਅੱਖਾਂ ਵਿਚ ਜੋ ਪਹਿਲੇ ਦਿਨ ਹੰਝੂ ਸਨ, ਉਹ ਹੁਣ ਸੁੱਕ ਚੁੱਕੇ ਸਨ।
ਸਾਰੀਆਂ ਨਿਰਾਸਤਾਵਾਂ ਦੇ ਬਾਅਦ ਵੀ ਉਸ ਨੇ ਜੀਵਨ ਨਾਲ ਲੜਨ ਦੀ ਠਾਣ ਲਈ ਸੀ। ਕਈ ਮਹੀਨਿਆਂ ਦੇ ਸੰਘਰਸ਼ ਅਤੇ ਜਿਊਣ ਦੀ ਸ਼ਾਨਦਾਰ ਲਲਕ, ਖਿੱਚ, ਨੇ ਉਸ ਨੂੰ ਕੁਸ਼ਠ ਰੋਗ ਹਸਪਤਾਲ ਪਹੁੰਚਾਅ ਦਿੱਤਾ ਸੀ, ਜਿੱਥੇ ਉਸਦੀ ਮੁਲਾਕਾਤ ਪੰਕਜ ਨਾਲ ਹੋਈ ਸੀ।
ਉਸ ਦੀ ਤਰਸਯੋਗ ਕਹਾਣੀ ਵਿਚ ਅਤੇ ਪੰਕਜ ਦੀ ਦੁੱਖ ਭਰੀ ਕਹਾਣੀ ਵਿਚ ਕਾਫ਼ੀ ਕੁਝ ਇੱਕੋ ਜਿਹਾ ਸੀ।
ਇੱਕ ਅਜਿਹਾ ਸਮਾਂ ਵੀ ਆਇਆ ਜਦੋਂ ਦੋਹਾਂ ਦੀਆਂ ਖ਼ੁਸ਼ੀਆਂ ਨੂੰ ਖੰਭ ਲੱਗ ਗਏ ਸਨ। ਉਨ੍ਹਾਂ ਦੇ ਜੀਵਨ ਵਿਚ ਇੱਕ ਬੱਚਾ ਆ ਗਿਆ ਸੀ, ਜਿਹੜਾ ਕੋੜ੍ਹ ਦੇ ਲੱਛਣਾਂ ਤੋਂ ਅਜ਼ਾਦ ਸੀ। ਡਾਕਟਰ ਨੇ ਸਾਫ਼ ਕਹਿ ਦਿੱਤਾ ਸੀ ਕਿ ਉਹ ਐਨ ਪੂਰਾ ਸਿਹਤਮੰਦ ਹੈ।

ਉਨ੍ਹਾਂ ਦੋਹਾਂ ਦੀ ਜ਼ਿੰਦਗੀ ਦਾ ਮਕਸਦ ਹੀ ਬਦਲ ਗਿਆ ਅਤੇ ਉਨ੍ਹਾਂ ਦਾ ਪੂਰਾ ਧਿਆਨ ਆਪਣੇ ਪੁੱਤਰ ਦੀ ਪਰਵਰਿਸ਼ ਉੱਤੇ ਟਿਕ ਗਿਆ ਸੀ। ਸੁਨੀਤਾ ਨੇ ਭਵਿੱਖ ਲਈ ਖ਼ਿਆਲ -ਉਡਾਰੀਆਂ ਵੀ ਮਾਰ ਛੱਡੀਆਂ ਸਨ। ਉਸਨੂੰ ਪੜ੍ਹਾਅ ਲਿਖਾਅ ਕੇ ਇੱਕ ਵੱਡਾ ਆਦਮੀ ਬਨਾਉਣਾ ਹੈ। ਪਰ ਪੰਕਜ ਜਾਣਦਾ ਸੀ ਕਿ ਇਹ ਏਨਾ ਸੌਖਾ ਨਹੀਂ ਹੈ। ਬਹੁਤ ਕੰਡਿਆਂ ਭਰਿਆ ਰਾਹ ਹੈ।

ਜਦੋਂ ਉਹ ਸਕੂਲ ਜਾਣ ਜੋਗਾ ਹੋਇਆ ਤਾਂ ਪੰਕਜ ਉਸਨੂੰ ਸਕੂਲ ਦਾਖਲ ਕਰਾਉਣ ਲੈ ਗਿਆ। ਸਕੂਲ ਨੇ ਸਾਫ਼ ਮਨ੍ਹਾਂ ਕਰ ਦਿੱਤਾ ਸੀ ਕਿ ਕੋੜ੍ਹ ਦੇ ਰੋਗੀਆਂ ਦੇ ਬੱਚੇ ਨੂੰ ਅਸੀਂ ਸਕੂਲ ਵਿਚ ਦਾਖਲਾ ਨਹੀਂ ਦੇ ਸਕਦੇ। ਪੰਕਜ ਅਤੇ ਸੁਨੀਤਾ ਨੇ ਕੋਈ ਅਜਿਹਾ ਸਕੂਲ ਨਾ ਛੱਡਿਆ ਜਿੱਥੇ ਉਹ ਜਾ ਕੇ ਪੁੱਛ ਸਕਦੇ ਸੀ, ਪਰ ਸਾਰੀਆਂ ਥਾਹਾਂ ਤੋਂ ਨਿਰਾਸ਼ਾ ਹੀ ਹੱਥ ਲੱਗੀ। ਉਹ ਹਤਾਸ਼ ਹੋ ਗਏ ਸਨ। ਇੱਕ ਵਾਰ ਫੇਰ ਉਹ ਸਮਾਜ ਦੀ ਠੱਗੀ ਅਤੇ ਇਸ ਵੱਲੋਂ ਅਣਡਿੱਠ ਕੀਤੇ ਜਾਣ ਦੇ ਸ਼ਿਕਾਰ ਹੋ ਕੇ ਡੂੰਘੀ ਨਿਰਾਸ਼ਾ ਵਿਚ ਚਲੇ ਗਏ ਸਨ।
ਉਨ੍ਹਾਂ ਨੂੰ ਲੱਗਾ ਕਿ ਉਨ੍ਹਾਂ ਦੇ ਸਰਾਪੇ ਜੀਵਨ ਨੇ ਉਨ੍ਹਾਂ ਦੇ ਬੱਚੇ ਦੇ ਭਵਿੱਖ ਨੂੰ ਵੀ ਖਰਾਬ ਕਰ ਦਿੱਤਾ ਹੈ। ਉਸ ਦਿਨ ਸੁਨੀਤਾ ਨੂੰ ਪਹਿਲੀ ਵਾਰ ਲੱਗਾ ਸੀ ਕਿ ਉਹ ਹਾਰ ਗਈ ਹੈ। ਇਸੇ ਦੌਰਾਨ ਪੰਕਜ ਦੀ ਮੁਲਾਕਾਤ ਇੱਕ ਮਿਸ਼ਨਰੀ ਸੰਸਥਾ ਦੇ ਕਿਸੇ ਜਣੇ ਨਾਲ ਹੋਈ। ਜਦੋਂ ਉਸਨੇ ਪੰਕਜ ਦੀ ਦੁੱਖ ਭਰੀ ਕਹਾਣੀ ਸੁਣੀ ਤਾਂ ਉਸਨੇ ਕਿਹਾ

ਕਿ ਮੈਂ ਆਪਣੀ ਸੰਸਥਾ ਨਾਲ ਗੱਲ ਕਰ ਕੇ ਵੇਖਦਾ ਹਾਂ, ਸ਼ਾਇਦ ਕੋਈ ਰਾਹ ਨਿੱਕਲ ਆਏ। ਸੰਸਥਾ ਨੇ ਪੰਕਜ ਅਤੇ ਸੁਨੀਤਾ ਅੱਗੇ ਇੱਕ ਸ਼ਰਤ ਰੱਖ ਦਿੱਤੀ ਸੀ। ਅਸੀਂ ਤੁਹਾਡੇ ਬੇਟੇ ਨੂੰ ਸਿਰਫ਼ ਸਕੂਲ ਵਿਚ ਦਾਖ਼ਲ ਹੀ ਨਹੀਂ ਕਰਾਵਾਂਗੇ ਸਗੋਂ ਉਸਦੀ ਪੜ੍ਹਾਈ ਦਾ ਸਾਰਾ ਖਰਚਾ ਵੀ ਦਿਆਂਗੇ, ਪਰ ਤੁਹਾਡੇ ਪੁੱਤਰ ਨੂੰ ਈਸਾਈ ਬਨਣਾ ਪਏਗਾ। ਜੇ ਮਨਜ਼ੂਰ ਹੈ ਤਾਂ ਠੀਕ ਹੈ। ਇਹ ਕੋਈ ਸੌਦਾ ਨਹੀਂ ਹੈ, ਗੱਲ ਇਹ ਹੈ ਕਿ ਜਿਹੜੇ ਸਮਾਜਕ ਡੰਗ ਤੁਸੀਂ ਦੋਹਾਂ ਹੰਢਾਏ ਹਨ, ਉਨ੍ਹਾਂ ਤੋਂ ਤੁਹਾਡਾ ਬੇਟਾ ਅਜ਼ਾਦ ਹੋ ਕੇ ਇੱਕ ਆਮ ਵਰਗਾ ਜੀਵਨ ਜੀਏਗਾ। ਪੰਕਜ ਨੇ ਸੁਨੀਤਾ ਵੱਲ ਵੇਖਿਆ। ਸੁਨੀਤਾ ਨੇ ਕਿਹਾ, "ਜਿਸ ਧਰਮ ਵਿਚ ਅਸੀਂ ਪੈਦਾ ਹੋਏ ਹਾਂ ਉਸ ਨੇ ਤਾਂ ਸਾਨੂੰ ਇਨਸਾਨ ਵੀ ਨਹੀਂ ਮੰਨਿਆ। ਧਰਮ ਹੀ ਨਹੀਂ, ਪਰਿਵਾਰ ਨੇ ਵੀ ਤਾਂ ਸਾਨੂੰ ਲਵਾਰਸ ਬਣਾਅ ਕੇ ਛੱਡ ਦਿੱਤਾ, ਸੜਕਾਂ ਉੱਤੇ ਮਰ ਜਾਣ ਲਈ। ਜੇ ਮੇਰੇ ਬੇਟੇ ਨੂੰ ਚੰਗੀ ਜ਼ਿੰਦਗੀ ਮਿਲਦੀ ਹੈ, ਤਾਂ ਮੈਂ ਕੁਝ ਵੀ ਕਰਨ ਨੂੰ ਤਿਆਰ ਹਾਂ।" ਸੁਨੀਤਾ ਨੇ ਇਹ ਵੀ ਕਿਹਾ, "ਪਰ ਉਹ ਰਹੇਗਾ ਤਾਂ ਸਾਡੇ ਕੋਲ ਹੀ ਨਾ?"

"ਹਾਂ ਬੇਟਾ, ਪੁੱਤਰ ਉਹ ਤੁਹਾਡਾ ਹੀ ਰਹੇਗਾ, ਬੱਸ ਚਰਚ ਵਿਚ ਜਾ ਕੇ ਉਸ ਦਾ ਬਪਤਿਸਮਾ ਹੋਏਗਾ ਅਤੇ ਉਸ ਤੋਂ ਬਾਅਦ ਇੱਕ ਚੰਗੇ ਸਕੂਲ ਵਿਚ ਉਸਦਾ ਦਾਖਲਾ ਕਰਾਅ ਦਿੱਤਾ ਜਾਏਗਾ।" ਸੰਸਥਾ ਦੇ ਨੁਮਾਇੰਦੇ ਨੇ ਯਕੀਨ ਦੁਆਇਆ ਸੀ।

ਬਪਤਿਸਮੇ ਵੇਲੇ ਉਨ੍ਹਾਂ ਦੇ ਬੇਟੇ ਦਾ ਨਾਂ ਪੀਟਰ ਹੋ ਗਿਆ ਸੀ। ਸਕੂਲ ਦਾ ਫ਼ਾਰਮ ਭਰਨ ਵੇਲੇ ਜਦੋਂ ਫ਼ਾਦਰ ਨੇ ਪੰਕਜ ਅਤੇ ਸੁਨੀਤਾ ਦਾ ਨਾਂ ਪੁੱਛਿਆ ਸੀ ਤਾਂ ਦੋਹਾਂ ਨੇ ਚੁੱਪੀ ਸਾਧ ਲਈ ਸੀ। ਪੰਕਜ ਨੇ ਸਿਰਫ਼ ਏਨਾ ਹੀ ਕਿਹਾ ਸੀ- "ਜੋ ਚਾਹੇ ਲਿਖ ਦਿਓ, ਸਾਡਾ ਕੋਈ ਨਾਂ ਨਹੀਂ। ਸਿਰਫ਼ ਕੋੜ੍ਹੀ ਵਾਂਗ ਹੀ ਪਛਾਣੇ ਜਾਂਦੇ ਹਾਂ। ਹਾਂ, ਹਸਪਤਾਲ ਵਿਚ ਇੱਕ ਨੰਬਰ ਸੀ, ਤੁਸੀਂ ਚਾਹੋ ਤਾਂ ਓਹੀ ਲਿਖ ਲਓ।" ਫ਼ਾਦਰ ਨੇ ਉਨ੍ਹਾਂ ਵੱਲ ਡੂੰਘੇ ਦੁੱਖ ਨਾਲ ਤੱਕਿਆ। ਕੁਝ ਛਿਣਾਂ ਦੀ ਚੁੱਪੀ ਬਾਅਦ ਕਹਿੰਦਾ, "ਅੱਛਾ, ਸਰਨੇਮ ਕੀ ਲਿਖਣਾ ਹੈ?"

ਪੰਕਜ ਨੇ ਸੁਨੀਤਾ ਵੱਲ ਵੇਖ ਕੇ ਕਿਹਾ, "ਤੁਹਾਡਾ ਕੋਈ ਸਰਨੇਮ ਹੁੰਦਾ ਹੋਏਗਾ ਓਹੀ ਲਿਖ ਦਿੰਦੇ ਹਾਂ।" "ਮੇਰਾ ਜਨਮ ਦਲਿਤ ਪਰਿਵਾਰ ਵਿਚ ਹੋਇਆ ਸੀ, ਜਿਸਨੂੰ ਮੈਂ ਬਹੁਤ ਪਿੱਛੇ ਛੱਡ ਆਈ ਹਾਂ। ਹੁਣ ਉਸਦਾ ਚੇਤਾ ਨਾ ਕਰਾਓ। ਤੁਹਾਡਾ ਕੋਈ ਹੈ ਤਾਂ ਓਹੀ ਲਿਖਾਅ ਦਿਓ।" ਸੁਨੀਤਾ ਨੇ ਦੁਖੀ ਅਵਾਜ਼ ਵਿਚ ਕਿਹਾ।

ਪੰਕਜ ਵੀ ਕੁਝ ਪਲਾਂ ਲਈ ਖ਼ਾਮੋਸ਼ ਹੋ ਗਿਆ ਸੀ। ਉਹ ਡੂੰਘੇ ਅੰਦਰੂਨੀ ਦੁਫਾੜ ਵਿਚ ਫਸ ਗਿਆ ਸੀ, ਜਿਸ ਵਿਚੋਂ ਬਾਹਰ ਨਿੱਕਲਣ ਵਿਚ ਉਸਨੂੰ ਸਮਾਂ ਲੱਗਾ ਸੀ।

ਆਪਣੇ ਅੰਦਰ ਦੀ ਅ-ਲੰਘ ਪੀੜ ਨੂੰ ਸਮੇਟਦਿਆਂ ਉਸ ਨੇ ਕਿਹਾ ਸੀ, "ਫ਼ਾਦਰ, ਮਿਸ਼ਰਾ ਲਿਖ ਦਿਓ।" ਇਸ ਤਰ੍ਹਾਂ ਪੰਕਜ ਅਤੇ ਸੁਨੀਤਾ ਦੇ ਬੇਟੇ ਦਾ ਨਾਂ ਹੋ ਗਿਆ- "ਪੀਟਰ ਮਿਸ਼ਰਾ'।

"ਬੱਸ ਇਹੀ ਹੈ ਮੇਰੀ ਕਹਾਣੀ। ਤੁਸੀਂ ਇਸ ਬਾਰੇ ਕੀ ਸੋਚਦੇ ਹੋ ਮੈਨੂੰ ਨਹੀਂ ਪਤਾ, ਪਰ ਮੇਰੇ ਲਈ ਇਹ ਕਿਸੇ ਵੀ ਤਰ੍ਹਾਂ ਘਟੀਆ ਚੀਜ਼ ਨਹੀਂ, ਸਗੋਂ ਮੇਰੀ ਪ੍ਰੇਰਣਾ ਹੈ," ਕਹਿ ਕੇ ਪੀਟਰ ਚੁੱਪ ਹੋ ਗਿਆ ਸੀ।

ਉਸਦਾ ਉਹ ਕਿੱਸਾ ਸੁਣ ਕੇ ਮੈਂ ਬਹੁਤ ਡੂੰਘੀ ਤਰ੍ਹਾਂ ਹਿੱਲ ਗਿਆ ਸੀ। ਮੈਨੂੰ ਲੱਗਾ ਜਿਵੇਂ ਮੇਰੇ ਪੈਰਾਂ ਹੇਠ ਦੀ ਜ਼ਮੀਨ ਖਿਸਕ ਰਹੀ ਹੈ ਅਤੇ ਮੈਂ ਕਿਸੇ ਡੂੰਘੀ ਖੱਡ ਵਿਚ ਡਿੱਗ ਰਿਹਾ ਹਾਂ।

ਪੀਟਰ ਸਾਂਤ ਮੁੱਦਰਾ ਵਿਚ ਮੇਰੇ ਵੱਲ ਵੇਖ ਰਿਹਾ ਸੀ, ਜਿਸ ਨਾਲ ਨਜ਼ਰਾਂ ਮਿਲਾਉਣ ਦੀ ਹਿੰਮਤ ਮੇਰੇ ਵਿਚ ਨਹੀਂ ਬਚੀ ਸੀ।

ਅਨੁਵਾਦ: ਪੂਨਮ ਸਿੰਘ

"ਓਮ ਪ੍ਰਕਾਸ਼ ਵਾਲਮੀਕੀ ਕੀ ਸਾਰੀ ਕਹਾਨੀਆਂ"

ਪਿਆਰੀਆਂ ਨਿਸ਼ਾਨੀਆਂ

ਦੇਵਿੰਦਰ ਬਿਮਰਾ

ਕਿੱਥੇ ਗਏ ਰੁਮਾਲ
ਜਿਨ੍ਹਾਂ ਤੇ
ਕਢੇ ਹੁੰਦੇ ਸੀ
ਫੁੱਲ, ਪੱਤੀਆਂ, ਨਾਂਅ
ਹਰੇ ਲਾਲ ਪੀਲ਼ੇ ਕਾਲੇ
ਕਢਾਈ ਵਾਲੇ
ਧਾਗਿਆਂ ਦੇ ਨਾਲ

ਨਹੀਂ ਬਣੇ ਹੁੰਦੇ ਸਨ
ਦਿਲ ਦੁਲ ਜਾਂ ਤੀਰ
ਬੱਸ ਪਿਆਰ ਦੀ ਖ਼ੁਸ਼ਬੂ ਨਾਲ
ਭਰੇ ਹੁੰਦੇ ਸਨ
ਇਹ ਕਢਾਈ ਵਾਲੇ ਫੁੱਲ

ਹੁੰਦੀਆਂ ਸੀ
ਇਹ ਖ਼ੂਬਸੂਰਤ ਨਿਸ਼ਾਨੀਆਂ
ਪਿਆਰ ਦੀਆਂ
ਕੰਧਾਂ-ਅੰਗੀਠੀਆਂ
ਆਲ਼ਿਆਂ 'ਤੇ ਵੀ ਸਜਦੀਆਂ ਸਨ

ਕਰੋਸ਼ੀਏ ਦੀ
ਕਢਾਈ ਵਾਲੀਆਂ ਝਾਲਰਾਂ
ਸਿਰਿਆਂ ਨੂੰ ਲਿਸ਼ਕਾਉਂਦੀਆਂ
ਕੰਧ 'ਤੇ ਲੱਗੇ ਹੁੰਦੇ ਸਨ
ਕੇਸਮੰਟ ਉੱਤੇ ਕਢਾਈ ਵਾਲੇ
ਸ਼ੇਰ ਜਾਂ ਹਿਰਨ ਨਾਲ ਸਜੇ
ਲਿਖਿਆ ਹੁੰਦਾ ਸੀ
ਥੱਲੇ
ਇਹ ਸ਼ੇਰ ਹੈ
ਇਹ ਹਿਰਨ ਹੈ
ਉੱਡ ਪੁੱਡ ਗਈਆਂ
ਚਿੜੀਆਂ ਤੋਤਿਆਂ ਘੁੱਗੀਆਂ
ਵਾਲੀਆਂ
ਪਿਆਰੀਆਂ ਨਿਸ਼ਾਨੀਆਂ
ਰੁਮਾਲਾਂ ਤੇ ਗੁੰਦੀਆਂ
ਪਿਆਰ ਦੀਆਂ ਕਹਾਣੀਆਂ

9814118345

ਮੋਦੀਨੋਮਿਕਸ (ਮੋਦੀ ਸਰਕਾਰ ਦੀਆਂ ਆਰਥਕ ਨੀਤੀਆਂ) ਦੀਆਂ ਕਈ ਸ਼ਕਲਾਂ ਆਰ.ਜਗਨ ਨਾਥਨ

ਸਭ ਤੋਂ ਪਹਿਲਾਂ 1991 ਵਿਚ ਭਾਜਪਾ ਦੇ ਜਨਰਲ ਸਕੱਤਰ K. N. Govindacharya ਨੇ ਕਿਹਾ ਸੀ ਕਿ "ਅਸੀਂ ਹੀ ਅਗਲੀ ਕਾਂਗ੍ਰਸ ਬਣਾਂਗੇ"। ਕੁਝ ਸਾਲਾਂ ਬਾਅਦ ਮੁੜ ਕਿਹਾ ਕਿ ਇਨ੍ਹਾਂ ਦੋਨਾਂ ਪਾਰਟੀਆਂ ਦਾ ਰਾਜਨੀਤਕ ਸਭਿਆਚਾਰ ਹੁਣ ਏਨਾ ਇੱਕੋ-ਜਿਹਾ ਹੈ ਕਿ ਰਲ਼ ਕੇ ਕੰਮ ਕਰਨਾ ਚਾਹੀਦਾ ਹੈ! ਐਨਡੀਏ ਸਰਕਾਰ ਦੇ 12 ਸਾਲ ਪੂਰੇ ਹੋਣ ਮੌਕੇ ਆਓ ਇਸਦੀ ਆਰਥਕ ਪੇਸ਼ਕਾਰੀ ਵੇਖੀਏ। The Tribune ਦਾ ਲੇਖ, ਨੁਕਤਾ-ਵਾਰ ਕੀਤਾ ਗਿਆ- ਸੰ.

ਸੀਨੀਅਰ ਪੱਤਰਕਾਰ (@TheJaggi),

1. ਕੁੱਲ ਘਰੇਗੀ ਪੈਦਾਵਾਰ ਦੇ ਨਵੇਂ ਅੰਕੜੇ ਅਸਰਦਾਰ ਹਨ- 2025-26 ਵਿਚ 7.7%, ਜਿਸਦੇ ਅਖੀਰਲੇ ਤਿੰਨ ਮਹੀਨਿਆਂ (ਜਨਵਰੀ-ਮਾਰਚ) ਵਿਚ 7.8%- ਜਿਸ ਸਮੇਂ ਵਿਚ ਕਿ ਪੱਛਮੀ ਏਸ਼ੀਆ ਮਸਲੇ ਦੇ ਪਾਏ ਵਿਗਾੜਾਂ ਦਾ ਇੱਕ ਮਹੀਨਾ ਵੀ ਸ਼ਾਮਲ ਹੈ। ਇਸ ਸਾਰੇ ਸਾਲ ਵਿਚ ਹੋਰ ਬੜਾ ਕੁਝ ਵੀ ਪਾਸਾ ਪੁੱਠਾ ਕਰਨ ਵਾਲਾ ਸੀ- ਅਪਰੇਸ਼ਨ ਸੰਧੂਰ, ਯੂਕਰੇਨ ਜੰਗ, ਯੂਐੱਸ ਦੇ ਟੈਰਿਫ਼ਾਂ ਵੱਲੋਂ ਮਿਲੀ ਵੰਗਾਰ ਅਤੇ ਚੀਨ ਵੱਲੋਂ ਆਪਣੇ ਵਿਰਲੇ-ਅਨਸਰਾਂ (rare earths; 17 ਧਾਤ-ਤੱਤ ਜੋ ਵਰਤੇ ਜਾ ਸਕਣ ਦੇ ਰੂਪ ਵਿਚ ਵਿਰਲੇ ਲੱਭਦੇ ਹਨ, ਉਂਝ ਭਾਵੇਂ ਧਰਤੀ ਵਿਚ ਬਹੁਤ ਹਨ -ਸੰ.) ਉੱਤੇ ਆਪਣੀ ਵਿਸ਼ਵੀ-ਚੌਧਰ ਨੂੰ ਹਥਿਆਰ ਵਾਂਗ ਵਰਤਿਆ ਜਾਣਾ।

2. 2014-2026 ਤੱਕ ਦੇ ਆਰਥਕ ਮਹੌਲ ਉੱਤੇ ਸੰਖੇਪ ਨਿਗਾਹ ਮਾਰੀਏ। ਦੋ ਸਾਲ ਮੌਨਸੂਨ ਲਗਾਤਾਰ ਮਾੜੇ ਰਹੇ, 2014-15 ਅਤੇ 2015-16, ਉੱਤੋਂ ਆਪ ਸਹੇੜੀ ਮੁਸ਼ਕਲ, ਨੋਟਬੰਦੀ, ਇਸ ਮੁਸ਼ਕਲ ਸਮੇਂ ਨੂੰ ਹੋਰ ਮੁਸ਼ਕਲ ਬਣਾਅ ਦਿੱਤਾ ਸੀ। ਆਮ ਚੋਣਾਂ ਤੋਂ ਇੱਕ ਸਾਲ ਪਹਿਲਾਂ, 2018 ਵਿਚ, ਆਰਥਕ ਮਹੌਲ ਇਹੋ ਜਿਹਾ ਸੀ ਕਿ ਕਾਰੋਬਾਰਾਂ ਆਪਣਾ ਭਰੋਸਾ ਗੁਆ ਰਹੇ ਸਨ। 2019 ਵਿਚ ਇਸ ਤਸਵੀਰ ਨੂੰ ਬਦਲਣ ਲਈ, ਭਾਰਤ ਦੇ ਕਾਰਪੋਰੇਟੀ ਅਤੇ ਵਪਾਰਕ ਖੇਤਰ ਨੂੰ, ਇਸਦੀ ਸਭ ਤੋਂ ਵੱਡੀ ਟੈਕਸ ਛੋਟ ਦਿੱਤੀ ਗਈ। ਪਰ 2020 ਵਿਚ ਚੀਨ ਨਾਲ ਗਲਵਾਨ ਟਾਕਰੇ ਨੇ ਅਤੇ ਫੇਰ ਕੋਵਿਡ ਨੇ ਅਰਥਚਾਰੇ ਨੂੰ ਅਜਿਹਾ ਲੀਹੋਂ ਲਾਹਿਆ ਕਿ ਮੁੜ ਲੀਹ 'ਤੇ ਲਿਆਉਣ ਲਈ ਤਿੰਨ ਸਾਲ ਲੱਗੇ। 2024 ਤੋਂ ਬਾਅਦ ਟਰੰਪ ਦੇ ਟੈਰਿਫ਼ਾਂ ਅਤੇ ਗਲਫ਼ ਜੰਗ ਨੇ ਵਾਧੇ ਨੂੰ ਠੱਲ੍ਹ ਪਾਈ। AI ਦੀ ਵੰਗਾਰ ਨੂੰ ਕਬੂਲਣ ਵੱਲੋਂ ਭਾਰਤ ਨੇ ਅਵੇਰ ਕਰ ਦਿੱਤੀ। ਮੰਡੀ ਵੀ ਅਤੇ ਰੁਪਿਆ ਵੀ ਢਹਿ ਗਿਆ।

3. ਦੂਜੇ ਪਾਸੇ, 1991 ਤੋਂ ਬਾਅਦ- ਏਨੇ ਲਗਾਤਾਰ ਸੁਧਾਰ ਲਿਆਉਣ ਵੱਲੋਂ ਕਿਸੇ ਹੋਰ ਸਰਕਾਰ ਦੀ ਮਿਸਾਲ ਨਹੀਂ ਦਿੱਤੀ ਜਾ ਸਕਦੀ। ਵੇਖਿਆ ਜਾਏ ਤਾਂ, ਯੂਪੀਏ ਨੇ ਕੋਈ ਸੁਧਾਰ ਕੀਤੇ ਹੀ ਨਹੀਂ ਸਨ, ਪਰ ਇਸ ਸਰਕਾਰ ਨੇ ਸੁਧਾਰਾਂ ਨੂੰ ਲੀਹ ਤੋਂ ਲੱਥਣ ਨਹੀਂ ਦਿੱਤਾ- ਸਬਸਿਡੀ ਢਾਂਚੇ ਨੂੰ ਸਾਫ਼ ਕਰਨ ਤੋਂ ਲੈ ਕੇ ਦੀਵਾਲੀਏਪੁਣੇ ਬਾਰੇ ਕਨੂੰਨ ਬਣਾਉਣ ਤੱਕ। 2017 ਤੋਂ ਲੈ ਕੇ ਅਗਲੇ ਕੁਝ ਸਾਲਾਂ ਵਿਚ, ਬੈਂਕਾਂ ਅਤੇ ਕਾਰਪੋਰੇਟਾਂ ਦੀਆਂ ਬੈਲੰਸ ਸ਼ੀਟਾਂ ਸਾਫ਼ ਕੀਤੀਆਂ ਗਈਆਂ। ਬੁਨਿਆਦੀ-ਸਹੂਲਤੀ-ਢਾਂਚੇ (ਇਨਫ੍ਰਾਸਟ੍ਰੱਕਚਰ) ਉੱਤੇ ਜਿੰਨਾ ਪੈਸਾ ਦੇਸ਼ ਵਿੱਚ ਲੱਗਾ, ਓਨਾ ਕਦੇ ਪਹਿਲਾਂ ਨਹੀਂ ਸੀ ਵੇਖਿਆ ਗਿਆ- ਸੜਕਾਂ, ਏਅਰਪੋਰਟ, ਬੰਦਰਗਾਹਾਂ, ਰੱਖਿਆ ਅਤੇ ਡਿਜੀਟਲ ਸੂਚਨਾਰਾਹਾਂ ਉੱਤੇ ਵੀ।

4. "ਮੋਦੀਨੋਮਿਕਸ" (ਮੋਦੀਆਰਥਕਤਾ) ਇੱਕ ਬੇਲਚਕ ਵਿਚਾਰਧਾਰਾ ਨਹੀਂ ਹੈ। ਇਸਦੇ ਆਰਥਕ ਅਤੇ ਰਾਜਨੀਤਕ ਅਸਲੀਅਤਾਂ ਨਾਲ ਮੇਲ ਖਾਂਦੀ ਰਹਿਣ ਲਈ, ਇਸ ਵਿਚ ਲਗਾਤਾਰ ਤਬਦੀਲੀਆਂ ਲਿਆਂਦੀਆਂ ਗਈਆਂ। ਸਪੱਸ਼ਟ ਹੀ ਪ੍ਰਧਾਨ ਮੰਤ੍ਰੀ ਅਤੇ ਮੁੱਖ ਮੰਤ੍ਰੀ ਮੋਦੀ ਵੱਖਰੇ-ਵੱਖਰੇ ਹੋਏ ਦਿਸੇ ਹਨ। ਮਿਸਾਲ ਦੇ ਲਈ, ਜਦੋਂ ਮੁੱਖ ਮੰਤ੍ਰੀ ਸਨ- ਪ੍ਰਧਾਨ ਮੰਤ੍ਰੀ ਬਣਨ ਦੀ ਕਤਾਰ ਵਿਚ ਖਲੋਤੇ- ਤਾਂ ਕਿਹਾ ਸੀ ਕਿ ਸਰਕਾਰ ਦਾ ਕਾਰੋਬਾਰ ਵਿਚ ਕੋਈ ਕੰਮ ਨਹੀਂ ਹੈ। ਇਹ ਵੀ ਕਿਹਾ ਸੀ ਕਿ ਮੇਰੀ ਸਰਕਾਰ "ਘੱਟੋ ਘੱਟ ਸਰਕਾਰ, ਵੱਧ ਤੋਂ ਵੱਧ ਚੰਗਾ ਰਾਜਕਰਨ" ਵਾਲੀ ਹੈ। ਓਦੋਂ ਸ਼ਾਇਦ ਇਹ ਲੱਗਦਾ ਸੀ ਕਿ ਉਹ ਮਾਰਗਰੇਟ ਥੈਚਰ ਜਾਂ ਰੀਗਨ ਦਾ ਭਾਰਤੀ ਰੂਪ ਹਨ - ਯਾਨੀ ਸਰਕਾਰ ਦੇ ਫੈਲਣ ਉੱਤੇ ਰੋਕ ਲਾਉਣ ਅਤੇ ਸਰਕਾਰੀ ਕਾਰੋਬਾਰਾਂ ਦਾ ਨਿੱਜੀਕਰਨ ਕਰਨ ਵਾਲੀ। ਉਨ੍ਹਾਂ ਇਹ ਵੀ ਇਸ਼ਾਰਾ ਦਿੱਤਾ ਸੀ ਕਿ ਉਹ ਲੋਕਾਂ ਨੂੰ 'ਮੁਫ਼ਤ ਮਾਲ', ਇੱਕ ਹੱਕ ਵਾਂਗ, ਵਧ ਵਧ ਕੇ ਦੇਈ ਜਾਣ ਦੀ ਥਾਂ, ਉਨ੍ਹਾਂ ਨੂੰ ਆਪਣੇ ਪੈਰਾਂ ਉੱਤੇ ਖਲੋਣ ਵਾਲੇ ਬਨਾਉਣ ਨੂੰ ਤਰਜੀਹ ਦਿੰਦੇ ਹਨ।

5. ਅੱਜ ਹੋਇਆ ਇਹ ਹੈ ਕਿ ਨਾ ਸਿਰਫ਼ ਬਹੁਤ ਘੱਟ ਨਿੱਜੀਕਰਨ ਕੀਤਾ ਗਿਆ ਹੈ (ਏਅਰ ਇੰਡੀਆ ਵਰਗੀ ਗੱਲ ਨੂੰ ਛੱਡ ਕੇ), ਸਗੋਂ ਕਈ ਖੇਤਰਾਂ ਵਿਚ ਸਰਕਾਰ ਦਾ ਕੰਮਕਾਰ ਵਧ ਗਿਆ ਹੈ। ਸਰਕਾਰੀ ਹਿੱਸੇਦਾਰੀ ਦੇ ਬਹੁਤ ਵੱਡੇ ਵੱਡੇ ਟੀਕਿਆਂ ਦੇ ਨਾਲ ਹੀ ਸਰਕਾਰੀ ਮਾਲਕੀ ਵਾਲੇ ਬੈਂਕਾਂ ਨੂੰ ਫ਼ੇਲ੍ਹ ਹੋਣੋਂ ਬੋਚ ਲਿਆ ਗਿਆ। ਕਈ ਸਾਰੀਆਂ ਪ੍ਰਮੁੱਖ ਸਰਕਾਰੀ ਕੰਪਨੀਆਂ ਜਿਵੇਂ ਭਾਰਤ ਪੈਟ੍ਰੋਲੀਅਮ, ਕੌਨਕੋਰ, ਸ਼ਿਪਿੰਗ ਕਾਰਪੋਰੇਸ਼ਨ ਅਤੇ IDBI ਬੈਂਕ ਦਾ ਨਿੱਜੀਕਰਨ ਕਰਨ ਦੇ ਮਨਸੂਬੇ ਤਾਂ ਬਣਾਏ -ਪਰ ਚੁੱਪਚਾਪ ਤਿਆਗ ਦਿੱਤੇ ਗਏ। "ਮੁਫ਼ਤ ਮਾਲ" ਵਿਚ ਕਾਟ ਤਾਂ ਕੀ ਕਰਨੀ ਸੀ, ਵੋਟਾਂ ਲੈਣ ਲਈ ਇਸ ਦਾ ਫ਼ਾਇਦਾ ਹੁੰਦਾ ਵੇਖ, ਭਾਜਪਾ ਨੇ ਜੋਸ਼ ਨਾਲ ਇਸ ਨੂੰ ਅਪਣਾਅ ਲਿਆ ਹੈ, ਬੇਸ਼ਕ ਮੋਦੀ ਅਕਸਰ "ਰਿਓੜੀਆਂ", "ਰਿਓੜੀਆਂ" ਦੇ ਖ਼ਿਲਾਫ਼ ਮਹੌਲ ਬਣਾਉਂਦੇ ਰਹਿੰਦੇ ਹਨ।

ਦੂਜੇ ਪਾਸੇ, ਮੋਦੀ ਸਰਕਾਰ ਦਾ ਹੱਥ ਘੁੱਟ ਘੁੱਟ ਕੇ ਚੱਲਣਾ ਹੀ, ਕੋਵਿਡ ਤੋਂ ਬਾਅਦ, ਆਰਥਕ ਮੁੜ-ਜੀਵਨ ਲਿਆਉਣ ਦੀ ਵੱਡੀ ਵਜ੍ਹਾ ਬਣਿਆ। ਕਈ ਪਰਮੰਨੇ ਅਰਥਸ਼ਾਸਤ੍ਰੀਆਂ ਦੀ ਸਲਾਹ ਦੇ ਸਗੋਂ ਉਲਟ ਚੱਲ ਕੇ, ਮੋਦੀ ਨੇ ਹੱਕਦਾਰੀਆਂ ਉੱਤੇ ਖੁੱਲ੍ਹਾ ਪੈਸਾ ਨਾ ਵਹਾਇਆ- ਜਿਸਦਾ ਹੀ ਨਤੀਜਾ ਹੈ ਕਿ ਕੇਂਦ੍ਰੀ ਮਾਲੀ ਹਾਲਤ ਉਸ ਨਾਲੋਂ ਕਿਤੇ ਵੱਧ ਚੰਗੀ ਹੈ, ਜੋ ਉਨ੍ਹਾਂ ਦਾ ਆਖਾ ਮੰਨ ਕੇ ਹੋਣੀ ਸੀ।

6. 2014-15 ਤੋਂ ਬਾਅਦ ਜਦੋਂ ਕੱਚੇ ਤੇਲ ਦੀਆਂ ਕੀਮਤਾਂ ਡਿੱਗੀਆਂ, ਤਾਂ ਇਸ ਮੌਕੇ ਨੂੰ ਪਟਰੋਲ, ਡੀਜ਼ਲ,

ਮਿੱਟੀ ਦਾ ਤੇਲ ਅਤੇ ਖਾਣਾ ਪਕਾਉਣ ਵਾਲੀ ਗੈਸ ਉੱਤੇ ਟੈਕਸ ਲਾਉਣ ਅਤੇ ਯੂਪੀਏ ਸਰਕਾਰ ਵੇਲੇ ਦੇ ਟੁੱਟੇ-ਭੱਜੇ ਵਿੱਤੀ ਮਾਮਲਿਆਂ ਨੂੰ ਗੰਢਣ ਲਈ ਵਰਤ ਲਿਆ ਗਿਆ। ਆਪਣੀ ਪਹਿਲੀ ਹੀ ਸਰਕਾਰ ਦੇ ਸਮੇਂ-ਕਾਲ ਵਿਚ ਸਬਸਿਡੀ ਢਾਂਚਾ ਸੁਧਾਰਿਆ ਗਿਆ (ਜਨ ਧਨ-ਆਧਾਰ-ਮੋਬਾਇਲ) ਅਤੇ ਕਰਜ਼ੇ ਦੇ ਡਿਫ਼ਾਲਟਰਾਂ ਨੂੰ ਕਰਜ਼ਾ ਮੋੜਨ ਲਈ ਮਜਬੂਰ ਕਰਨ ਲਈ ਅਦਾਲਤਾਂ ਲੱਗੀਆਂ। ਭਾਰਤ ਵਿਚ ਪਹਿਲੀ ਵਾਰ ਸੀ ਕਿ ਇਓਂ, ਡਿਫ਼ਾਲਟਰਾਂ ਨੂੰ ਬਖ਼ਸ਼ਿਆ ਨਹੀਂ ਗਿਆ ਸੀ।

7. ਆਪਣੇ ਪਹਿਲੇ ਸਮੇਂ-ਕਾਲ ਵਿਚ, ਜਦੋਂ ਮੋਦੀ ਇਹ ਸਾਬਤ ਕਰਨ ਲਈ ਤੁਲੇ ਹੋਏ ਸਨ ਕਿ ਉਹ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਨੂੰ ਨਹੀਂ ਬਖ਼ਸ਼ਣਗੇ, ਓਦੋਂ, ਕਾਰੋਬਾਰੀ-ਭਰੋਸੇ ਵਿਚ ਇੱਕ ਦਿਸ ਰਹੀ ਕਮੀ ਆਈ। ਆਪਣਾ ਕਾਲਾ ਧਨ ਆਪ ਜ਼ਾਹਰ ਕਰਨ ਲਈ 2015, 2016 ਵਿਚ ਦੋ ਸਕੀਮਾਂ ਆਈਆਂ, ਪਰ ਨਤੀਜਾ ਖ਼ਾਸ ਨਹੀਂ ਸੀ ਕਿਉਂਕਿ ਸਜ਼ਾ ਦੇ ਟੈਕਸ ਰੇਟ ਬਹੁਤ ਉੱਚੇ ਸਨ। ਜਾਇਦਾਦ ਦੀ ਬੇਨਾਮੀ ਲੈ-ਦੇ ਨੂੰ ਕਨੂੰਨੀ ਠੱਲ੍ਹ ਪਾਈ ਗਈ।

8. 2016 ਦੇ ਅਖੀਰ ਵਿਚ ਨੋਟਬੰਦੀ ਆਈ, ਜਿਸ ਨੇ ਨਕਦੀ ਨੀਂਹਾਂ ਵਾਲੇ ਅਰਥਚਾਰੇ ਨੂੰ ਕਾਫ਼ੀ ਸੱਟ ਪਹੁੰਚਾਈ। ਹਾਲਾਂਕਿ ਇਸ ਦਾ ਇੱਕ ਹੋਰ ਹੀ ਫਾਇਦਾ ਮਿਲ ਗਿਆ – ਕਿ ਡਿਜੀਟਲ ਹੋਣ ਵੱਲ ਛੇਤੀ ਛੇਤੀ ਤਬਦੀਲੀ ਆਉਂਦੀ ਗਈ (ਅੱਜ ਛੋਟੇ ਲੈਣ ਦੇਣ ਲਈ UPI ਨੂੰ ਹੀ ਤਰਜੀਹ ਮਿਲ ਰਹੀ ਹੈ) – ਪਰ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕਈ ਨਿੱਕੇ ਅਤੇ ਵਿਚਲੀ ਪੱਧਰ ਦੇ ਕਾਰੋਬਾਰ ਅਜੇ ਵੀ ਤਕੜੇ ਹੋਣ ਦੀ ਕੋਸ਼ਿਸ਼ ਵਿਚ ਹਨ।

9. 2019 ਦੀਆਂ ਚੋਣਾਂ ਤੋਂ ਪਹਿਲਾਂ ਪਹਿਲਾਂ ਹੀ ਮੋਦੀ ਨੇ 'ਮੁਫ਼ਤਮਾਲ' ਦੇਣ ਤੋਂ ਆਪਣਾ ਹੱਥ ਮੋੜ ਲਿਆ ਸੀ ਅਤੇ ਕਿਸਾਨਾਂ ਨੂੰ "ਪ੍ਰਧਾਨ ਮੰਤ੍ਰੀ ਕਿਸਾਨ ਸਨਮਾਨ ਨਿਧੀ" ਅਦਾਇਗੀਆਂ ਸ਼ੁਰੂ ਕਰ ਦਿੱਤੀਆਂ (ਹਰ ਚਾਰ ਮਹੀਨਿਆਂ ਬਾਅਦ 2000 ਰੁਪਿਆ)। ਇਸ ਤੋਂ ਪਹਿਲਾਂ, ਸੂਬਿਆਂ ਨੂੰ ਆਪਣੇ ਵੱਲੋਂ ਅਜਿਹਾ ਮੁਫ਼ਤਮਾਲ ਦੇਣ ਦੀ ਇੱਕ ਤਰ੍ਹਾਂ ਇਜਾਜ਼ਤ ਦੇ ਦਿੱਤੀ ਗਈ ਅਤੇ ਯੂਪੀ ਅਤੇ ਮਹਾਰਾਸ਼ਟਰ ਨੇ ਕਿਸਾਨੀ ਨੂੰ ਕਰਜ਼ਾ-ਛੋਟਾਂ ਪੇਸ਼ ਕੀਤੀਆਂ। ਹੁਣ ਤਾਂ ਖ਼ੈਰ ਇਹ ਹਰ ਚੋਣਾਂ ਦਾ ਜ਼ਰੂਰੀ ਅੰਗ ਹੋ ਨਿੱਬੜੀਆਂ ਹਨ।

ਤਿੰਨ ਖੇਤੀ ਕਨੂੰਨਾਂ ਨੂੰ ਵਾਪਸ ਲਏ ਜਾਣ ਨਾਲ, ਜਿਨ੍ਹਾਂ ਕਨੰਨਾਂ ਦੀ ਮੁਖ਼ਾਲਫ਼ਤ ਅਮੀਰ ਕਿਸਾਨ ਕਰ ਰਹੇ ਸਨ, ਬਹੁਤ ਵੱਡੀ ਕਿਸਮ ਦੇ ਸੁਧਾਰ ਕਰਨ ਵਾਲੇ ਜੋਸ਼ ਦੀ ਫੂਕ ਨਿੱਕਲ ਗਈ, ਕਿਉਂਕਿ, ਨਹੀਂ ਤਾਂ, ਬਹੁਤ ਵੱਡੀ ਪੱਧਰ ਉੱਤੇ ਵੋਟਰਾਂ ਉੱਤੇ ਮਾੜਾ ਅਸਰ ਪੈ ਜਾਣਾ ਸੀ।

10. ਅੱਜ, ਅਜਿਹੇ ਸੁਧਾਰਾਂ ਉੱਤੇ ਧਿਆਨ ਟਿਕਾਇਆ ਗਿਆ ਹੈ ਜੋ ਹੌਲੀ ਹੌਲੀ ਹੋਣ-ਵਧਣ, ਜਿਵੇਂ ਇੰਕਸਾਰ-ਕੰਟ੍ਰੋਲ ਤੋਂ ਅਜ਼ਾਦੀ, ਲੇਬਰ ਕਨੂੰਨਾਂ ਦਾ ਲਾਗੂਕਰਨ, "ਪੈਦਾਵਾਰ ਨਾਲ ਜੁੜੀ ਹੱਲਾਸ਼ੇਰੀ" (PLI) ਸਕੀਮ ਰਾਹੀਂ ਮੈਨੂਫ਼ੈਕਚਰ ਕਰਨ ਦਾ ਹੌਂਸਲਾ ਵਧਾਉਣਾ। ਇਲੈਕਟ੍ਰੌਨਿਕਸ ਦੇ ਪਾਸੇ ਤਾਂ ਇਹ ਸਕੀਮ ਬਹੁਤ ਸਫ਼ਲ ਹੋਈ ਹੈ, ਜਿੱਥੇ Apple ਸਭ ਤੋਂ ਵੱਧ ਚੰਗਾ ਚੱਲ ਰਿਹਾ ਹੈ।

11. ਨੌਕਰੀਆਂ – ਇੱਥੇ ਹੈ ਮੋਦੀ ਸਰਕਾਰ ਨੂੰ ਸਭ ਤੋਂ ਵੱਡੀ ਚੁਣੌਤੀ। ਜਿੱਥੇ ਵਧੇ ਹੋਏ ਪ੍ਰਾਵੀਡੈਂਟ ਫ਼ੰਡ ਅਕਾਊਂਟ ਤਾਂ ਇਹ ਦੱਸ ਰਹੇ ਹਨ ਕਿ ਨੌਕਰੀਆਂ ਮਿਲੀਆਂ ਹਨ, ਓਥੇ, AI ਅਤੇ ਬਿਨ-ਮਨੁੱਖ ਚੱਲਦੀਆਂ ਮਸ਼ੀਨਾਂ ਨੇ, ਸਭ ਤੋਂ ਵੱਡੀ ਪੱਧਰ ਉੱਤੇ ਨੌਕਰੀਆਂ ਦੇਣ ਵਾਲੇ ਛੋਟੇ ਕਾਰੋਬਾਰਾਂ ਵਿਚ, ਵਿਚਲੇ ਦਰਜੇ ਦੇ ਹੁਨਰ ਵਾਲੀਆਂ ਨੌਕਰੀਆਂ ਨੂੰ ਸੱਟ ਮਾਰਨੀ ਹੈ- ਸਾਫ਼ਟ ਵੇਅਰ ਸਰਵਿਸਿਜ਼, ਬੈਂਕਿੰਗ ਅਤੇ ਫ਼ਾਈਨਾਂਸ, ਟੈਲੀਕੌਮ ਅਤੇ ਮੈਨੂਫ਼ੈਕਚਰਿੰਗ।

ਨੌਕਰੀਆਂ ਵਿਚ ਅਸਲੀ ਵਾਧਾ ਤਾਂ ਪਲੈਟਫ਼ਾਰਮ ਕੰਮਾਂ (Swiggy, Zomato, Uber) ਅਤੇ ਪਰਚੂਨ ਅਤੇ ਲਾਜਿਸਟਿਕ ਖੇਤਰ (ਮਾਲ ਦੀ ਸਪਲਾਈ, ਲਿਜਾਣ, ਸਾਂਭਣ, ਆਦਿ) ਵਿਚ ਹੋਇਆ ਹੈ, ਜਿੱਥੇ, ਘੱਟ ਕੀਮਤ ਉੱਤੇ ਮਜ਼ਦੂਰੀ ਮਿਲ ਜਾਂਦੀ ਹੈ।

ਮੁਫ਼ਤਮਾਲ ਦੇਣ ਉੱਤੇ ਹੁੰਦੇ ਖਰਚੇ ਨੇ- ਕੇਂਦਰ ਵਿਚ ਅਤੇ ਸੂਬਿਆਂ ਵਿਚ ਵੀ – ਸਰਕਾਰੀ ਨੌਕਰੀਆਂ ਦੇਣ ਦੀ ਕਾਬਲੀਅਤ ਨੂੰ ਘਟਾਅ ਦਿੱਤਾ ਹੈ।

12. ਨੌਕਰੀਆਂ ਵੱਲੋਂ ਮੋਦੀ ਨੇ ਅਸਲੀਅਤ-ਨਾਲ ਜੁੜੀ ਨੀਤੀ ਅਪਣਾਈ ਹੈ- ਭਾਵੇਂ ਉਹ ਇਹ ਕਬੂਲਦੇ ਨਹੀਂ ਹਨ। ਉਨ੍ਹਾਂ ਨੂੰ ਇਹ ਸਮਝ ਆ ਗਈ ਹੈ ਕਿ ਜੱਥੇਬੰਦ ਖੇਤਰ ਵਿਚ ਨੌਕਰੀਆਂ ਸੌਖੀਆਂ ਨਹੀਂ ਮਿਲਣ ਲੱਗੀਆਂ, ਜਿਹੜਾ ਕਿ ਆਟੋਮੈਟਿਕ ਮਸ਼ੀਨਾਂ ਲਾ, ਮਜ਼ਦੂਰ-ਮੁਲਾਜ਼ਮ ਘਟਾਅ, ਓਨੇ ਹੀ ਮਾਲ ਨੂੰ ਤਿਆਰ ਕਰਨ ਲਈ ਘੱਟ ਮਜ਼ਦੂਰਾਂ ਨਾਲ ਆਪਣਾ ਕੰਮ ਚਲਾਅ ਸਕਦਾ ਹੈ। ਅਤੇ, ਭਵਿੱਖ ਵਿਚ, ਛੋਟੇ ਕਾਰੋਬਾਰਾਂ, ਸਵੈ-ਰੋਜ਼ਗਾਰਾਂ ਅਤੇ ਸਟਾਰਟ-ਅੱਪਸ ਤੋਂ ਹੀ ਆਸ ਹੈ। ਸਟੱਾਰਟ-ਅੱਪਸ ਬਾਰੇ ਸੋਚਦੇ ਹਾਂ ਤਾਂ, ਨੌਜਵਾਨ ਪੜ੍ਹੇ ਲਿਖੇ, ਅਤਿ-ਆਧੁਨਿਕ ਪਾਸਿਆਂ ਨੂੰ ਵਰਤਦੇ ਲੋਕਾਂ ਦਾ ਖ਼ਿਆਲ ਆਉਂਦਾ ਹੈ – ਪਰ ਕਰੋੜਾਂ ਆਮ ਲੋਕਾਂ ਲਈ ਵੀ ਇਹ ਓਨੀ ਹੀ ਸਹੀ ਹੈ- ਜੋ ਸਵੈ-ਰੋਜ਼ਗਾਰ ਨਾਲ ਆਪਣਾ ਗੁਜ਼ਾਰਾ ਠੀਕ-ਠਾਕ ਚਲਾਅ ਰਹੇ ਹੋਣ (ਪਕੌੜੇ ਵੇਚਣ ਵਾਲਾ)। ਜਿਸ ਕਰਕੇ ਹੀ ਮੋਦੀ ਨੇ, ਆਪਣੀ ਪਹਿਲੀ ਸਰਕਾਰ ਵੇਲੇ ਹੀ, ਸਵੈ-ਰੋਜ਼ਗਾਰ ਲਈ "ਮੁਦ੍ਰਾ" ਕਰਜ਼ਿਆਂ ਉੱਤੇ ਬਹੁਤ ਜ਼ੋਰ ਦਿੱਤਾ ਸੀ। ਕਿਸੇ ਨੂੰ ਇਹ ਹਾਸੇ ਵਾਲੀ ਗੱਲ ਲੱਗ ਸਕਦੀ ਹੈ, ਪਰ ਇਹ ਉਸ ਢੌਂਗ ਨਾਲੋਂ ਤਾਂ ਬਿਹਤਰ ਹੈ ਕਿ ਹਰ ਇੱਕ ਨੂੰ ਹੀ ਕੋਈ ਅਰਾਮਦੇਹ ਪੱਕੀ ਨੌਕਰੀ ਮਿਲ ਸਕਦੀ ਹੈ।

13. ਮੋਦੀ-ਅਰਥਚਾਰਾ, ਪ੍ਰਧਾਨ ਮੰਤ੍ਰੀ ਦੀਆਂ ਸਭ ਤੋਂ ਪਹਿਲੀਆਂ ਆਸਾਂ ਨੂੰ ਪੇਸ਼ ਆਈਆਂ ਅਸਲੀ ਆਰਥਕ, ਰਾਜਨੀਤਕ ਔਕੜਾਂ ਨਾਲ ਖਹਿ ਖਹਿ ਕੇ, ਕੁਝ ਅਸਲ-ਕਰਨਯੋਗ ਬਣਿਆ ਹੈ। ਇਹ ਸਾਡੇ ਵੱਲੋਂ ਕੋਈ ਨੁਕਸ-ਕੱਢਣਾ ਨਹੀਂ ਹੈ। ਸੱਚ ਤਾਂ ਇਹ ਹੈ ਕਿ ਦੇਸ਼ ਦਾ ਆਰਥਕ ਭਵਿੱਖ ਸੁਧਾਰਨ ਲਈ ਕਿਸੇ ਵੀ ਹੋਰ ਪਾਰਟੀ ਕੋਲ ਕੋਈ ਵੀ ਬਿਹਤਰ ਵਿਚਾਰ ਨਹੀਂ ਹੈ। ਇਸੇ ਨਾਲ ਮੋਦੀ ਆਪਣੇ ਮੁਕਾਬਲੇ ਦਿਆਂ ਤੋਂ ਅੱਗੇ ਰਹਿੰਦਾ ਹੈ।

ਨਿਚੋੜ: ਹੁਣ ਅੱਗੇ ਰਾਹ ਖੁੱਲ੍ਹਦਾ ਹੈ – ਹੌਲੀ ਹੌਲੀ ਵਧਦੀ ਤਬਦੀਲੀ ਅਤੇ ਛੋਟੇ, ਚੁਪੀਤੇ, ਬਾਕਾਇਦਾ ਸੁਧਾਰਾਂ ਲਈ। ਸਾਫ਼ ਹੈ ਕਿ ਮੋਦੀ ਸਰਕਾਰ ਵੱਡੀ ਉਥੱਲ ਪੁਥੱਲ ਅਤੇ ਰਾਜਨੀਤਕ ਝੱਖੜ-ਝਾਂਜਾ ਨਹੀਂ ਚਾਹੁੰਦੀ। ਮੋਦੀ-ਅਰਥਚਾਰਾ ਕੀ ਹੈ – ਆਰਥਕ ਤਬਦੀਲੀ ਨੂੰ ਅਤੇ ਰਾਜਨੀਤਕ ਲੰਮੀ ਉਮਰ ਨੂੰ ਨਾਲੋ ਨਾਲ ਸੰਭਵ ਕਰਨਾ –ਵਰਤਾਉਣਾ।

ਅਨੁਵਾਦ ਅਤੇ ਮੁੜ-ਪੇਸ਼ਕਾਰੀ: ਪੂਰਨ ਸਿੰਘ 'ਦਿ ਟ੍ਰਿਬਿਊਨ": 10/6/26

ਬਕਲੀ'ਜ਼ ਚਾਂਸ!
ਯਾਨੀ ਘੱਟ ਜਾਂ ਕੋਈ ਚਾਂਸ ਨਾ ਹੋਣਾ

ਮੇਰੀ ਨਿਗਾਹ ਵਿੱਚ ਅਜੀਬ ਸ਼ਖ਼ਸ ਆਇਆ ਹੈ, ਜਿਸ ਦਾ ਖਾਨਾਬਦੋਸ਼ ਜਿਹਾ ਜੀਵਨ ਰਿਹਾ!

ਹੋਇਆ ਇਹ, ਮੈਂ ਬੋਲੀ ਦੀਆਂ ਕੁਝ ਪਰਤਾਂ ਫਰੋਲਦਾ ਫਰੋਲਦਾ "slang" (ਅਪਬੋਲੀ)* ਉੱਤੇ ਟਿਕਿਆ ਹੋਇਆ ਸੀ। ਓਦੋਂ ਅਪਬੋਲੀ ਦੇ ਤਰ੍ਹਾਂ ਤਰ੍ਹਾਂ ਦੇ ਸ਼ਬਦਾਂ ਉੱਤੇ ਝਾਤ ਮਾਰਦਿਆਂ ਮੈਂ ਕੁਝ ਅਜਿਹੇ ਸ਼ਬਦਾਂ ਦੇ ਮਕੜ-ਜਾਲ ਵਿੱਚ ਫਸ ਗਿਆ ਜੋ ਮੈਨੂੰ ਪ੍ਰਭਾਵਤ ਵੀ ਕਰੀ ਜਾਂਦੇ ਸਨ ਅਤੇ ਹੈਰਾਨ ਵੀ!

ਮਿਸਾਲ ਦੀ ਤੌਰ 'ਤੇ, ਅਸਟਰੇਲੀਆ ਦੇ ਸੌ ਡਾਲਰ ਦੇ ਕਰੰਸੀ ਨੋਟ ਨੂੰ "ਵਾਟਰ ਮੈਲਨ" (ਤਰਬੂਜ਼) ਕਿਹਾ ਜਾਂਦਾ ਹੈ! -ਕਿਉਂਕਿ ਦੋਹਾਂ ਦਾ ਰੰਗ ਗੂੜ੍ਹਾ ਹਰਾ ਹੈ। ਇਸੇ ਤਰ੍ਹਾਂ, ਅਸਟਰੇਲੀਆ ਦੇ ਪੰਜਾਹ ਡਾਲਰ ਦੇ ਕਰੰਸੀ ਨੋਟ ਨੂੰ "ਪਾਈਨਐਪਲ" (ਅਨਾਨਾਸ) ਕਿਹਾ ਜਾਂਦਾ ਹੈ- ਕਿਉਂਕਿ ਦੋਹਾਂ ਦਾ ਰੰਗ ਪਿਲੱਤਣ ਵਿੱਚ ਹੈ! ਅਤੇ, 143 ਲਿਖਿਆ ਹੋਏ ਤਾਂ ਇਸ ਦਾ ਮਤਲਬ ਹੈ: "ਆਈ ਲਵ ਯੂ" (I Love You) - ਕਿਉਂਕਿ ਇਹ ਤਿੰਨੇ ਸ਼ਬਦ ਵੀ, ਸਿਲਸਿਲੇਵਾਰ, ਇੱਕ ਅੱਖਰ, ਚਾਰ ਅੱਖਰਾਂ ਅਤੇ ਤਿੰਨ ਅੱਖਰਾਂ ਨਾਲ ਬਣਦੇ ਹਨ!! ਯਾਨੀ- 'I' (ਇੱਕ ਅੱਖਰ), 'Love' (ਚਾਰ ਅੱਖਰ) ਅਤੇ 'ਯੂ' (ਤਿੰਨ ਅੱਖਰ)!

"ਸਲੈਂਗ" ਹੇਠ ਦਿੱਤੇ ਸ਼ਬਦਾਂ ਦੀ ਲਿਸਟ ਉੱਤੇ ਧਿਆਨ ਮਾਰਦਿਆਂ, ਮੇਰੀ ਨਜ਼ਰ ਵੱਖਰੇ ਹੀ ਲੱਗਦੇ ਸ਼ਬਦਾਂ ਉੱਤੇ ਪਈ - "ਬਕਲੀ'ਜ਼ ਚਾਂਸ" (Buckley's Chance)! "ਹੁਣ ਇਹ ਕੀ ਹੈ ਬਈ?" ਮੈਂ ਸੋਚਿਆ।

ਇਸ ਦਾ ਮਤਲਬ ਦਿੱਤਾ ਸੀ- ਕੋਈ ਚਾਂਸ ਨਾ ਹੋਣਾ- ਅਸੰਭਵ (ਜਿਹਾ) ਯਾਨੀ ਬਹੁਤ ਘੱਟ ਸੰਭਵ।

ਮੈਂ ਸੋਚਣ ਲੱਗ ਪਿਆ ਕਿ ਭਲਾ ਇਹ ਸਲੈਂਗ ਬਣਿਆ ਕਿਵੇਂ ਹੋਏਗਾ? ਇਸ ਦਾ ਇਤਿਹਾਸ ਕੀ ਹੋਏਗਾ? ਇਹ "ਬਕਲੀ'ਜ਼" ਕੀ ਹੋਇਆ?

ਜਦ ਮੈਂ ਕੁਝ ਪਰਤਾਂ ਫੋਲੀਆਂ ਤਾਂ ਇਸ ਸਲੈਂਗ ਦੇ ਹੋਂਦ ਵਿੱਚ ਆਉਣ ਪਿੱਛੇ ਇੱਕ ਬੜਾ ਲੰਮਾ ਚੌੜਾ ਪਰ ਅੱਜ ਆਮ ਨਾ ਜਾਣਿਆ ਜਾਂਦਾ ਇਤਿਹਾਸ ਲੱਭਾ- ਕਿਸੇ ਵਿਲੀਅਮ ਬਕਲੀ (William Buckley) ਨਾਲ ਜੁੜਿਆ।

ਵਿਲੀਅਮ ਬਕਲੀ ਕੌਣ ਸੀ?
ਬੜਾ ਦਿਲਚਸਪ ਕਿੱਸਾ ਹੈ, ਸੁਣੋ:

ਵਿਲੀਅਮ ਬਕਲੀ ਨਾਂ ਦਾ ਆਦਮੀ 1776 ਵਿੱਚ, ਇੰਗਲੈਂਡ, ਚੈਸ਼ਾਇਰ ਦੇ ਮੈਕਲੀਜ਼ਫੀਲਡ ਇਲਾਕੇ ਦੇ ਪਿੰਡ ਮਰਟਨ ਜੰਮਿਆ। ਛੋਟੇ ਹੁੰਦੇ ਨੂੰ ਨਾਨੇ ਨੇ ਪਾਲਿਆ। ਵੱਡਾ ਹੋ ਕੇ ਰਾਜ ਮਿਸਤਰੀ ਦਾ ਕੰਮ ਕਰਨ ਲੱਗਾ। ਕੱਦ ਛੇ ਫੁੱਟ ਛੇ ਇੰਚ ਸੀ! ਵਾਲ ਆਲੇ-ਦੁਆਲੇ ਦਿਆਂ ਨਾਲੋਂ ਵੱਧ ਗੂੜ੍ਹੇ ਰੰਗ ਦੇ, ਛੋਟਾ ਮੱਥਾ, ਅੱਖਾਂ ਉੱਤੇ ਲਟਕੇ ਵਧਵੇਂ ਭਰਵੱਟੇ .. ਚਿਹਰੇ ਉੱਤੇ ਮਾਤਾ ਦੇ ਵੱਡੇ ਵੱਡੇ ਦਾਗ। ਕਹਿੰਦੇ- ਦੇਖਣ ਨੂੰ ਇਹ ਨਿਰਾ ਡਾਕੂ ਅਤੇ ਕਾਤਲ ਲੱਗਦਾ ਸੀ। ਉਂਝ ਉਸਦੀ ਉਸੇ ਡਰਾਉਣੀ, ਬੇਢੱਬੀ ਸ਼ਕਲ ਨੇ ਉਸਨੂੰ 19 ਸਾਲ ਦੀ ਉਮਰੇ ਇੰਗਲੈਂਡ ਦੀ ਫ਼ੌਜ ਵਿੱਚ ਭਰਤੀ ਦੁਆ ਦਿੱਤੀ - ਕਿਉਂਕਿ ਫ਼ੌਜ ਵਿੱਚ ਡਰਾਉਣੀ ਸ਼ਕਲ ਵਾਲਿਆਂ ਦੀ ਉਦੋਂ ਖ਼ਾਸ ਜ਼ਰੂਰਤ ਸਮਝੀ ਜਾਂਦੀ ਸੀ! 1799 ਵਿੱਚ ਫ਼ੌਜ, ਨੈਪੋਲੀਅਨ ਬੋਨਾਪਾਰਟ ਨਾਲ ਲੜਨ ਨੀਦਰਲੈਂਡ ਗਈ। ਲੜਾਈ ਵਿੱਚ ਬਕਲੀ ਦੀ ਸੱਜੀ ਬਾਂਹ ਕਾਫ਼ੀ ਨਕਾਰਾ ਹੋ ਗਈ; ਉਹ ਕੁਝ ਮਾੜੇ ਸਿਪਾਹੀਆਂ ਦੀ ਸੰਗਤ ਵਿੱਚ ਵੀ ਪੈ ਗਿਆ ਸੀ...(ਯਾਨੀ ਫ਼ੌਜ ਵਿੱਚੋਂ ਛੁੱਟੀ!)

ਅੱਗੇ- ਉਸਦੇ ਹੀ ਦੱਸੇ ਮੁਤਾਬਕ, ਇੱਕ ਨਾਰੀ ਨੇ ਉਸ ਨੂੰ ਕੱਪੜੇ ਦਾ ਇੱਕ ਥਾਨ ਦਿੱਤਾ, ਇੱਕ ਥਾਂ ਤੋਂ ਦੂਜੀ ਲਿਜਾਅ ਕਿਸੇ ਨੂੰ ਦੇਣ ਲਈ। ਇਹ ਤਾਂ ਬਾਅਦ ਵਿੱਚ ਪਤਾ ਲੱਗਾ ਕਿ ਉਹ ਥਾਨ ਚੋਰੀ ਦਾ ਸੀ! ਚੋਰੀ ਦੇ ਦੋਸ਼ ਵਿਚ ਉਸਨੂੰ 14 ਸਾਲ ਦੀ ਕੈਦ ਹੋ ਗਈ!

ਤਾਂ ਕੀ ਏਨੀ ਹੀ ਕਹਾਣੀ ਸੀ ਬਕਲੀ ਦੀ? .....ਨਹੀਂ ਜੀ! ਅਜੇ ਤਾਂ ਸ਼ੁਰੂ ਹੋਈ ਹੈ!

ਅਸਲੀ ਚਿਹਰਾ

ਉਸ ਸਮੇਂ, ਇੰਗਲੈਂਡ ਦੇ ਅਪਰਾਧੀਆਂ ਨੂੰ ਸਜ਼ਾ ਕੱਟਣ ਅਸਟਰੇਲੀਆ ਭੇਜਿਆ ਜਾਂਦਾ ਸੀ।

1803 ਵਿੱਚ ਬਕਲੀ ਨੂੰ ਵੀ ਸਮੁੰਦਰੀ ਜਹਾਜ਼ ਵਿੱਚ ਸੁੱਟ, ਅਸਟ੍ਰੇਲੀਆ ਦੀ ਪੋਰਟ ਫ਼ਿਲਿਪ ਖਾੜੀ ਭੇਜ ਦਿੱਤਾ ਗਿਆ। ਇਸ ਖਾੜੀ ਵਿਚ ਚੰਗੇ ਭੋਜਨ ਅਤੇ ਤਾਜ਼ੇ ਪਾਣੀ ਦੀ ਬਹੁਤ ਕਿੱਲਤ ਸੀ। ਇਥੇ ਕੈਦੀ, ਕਾਫ਼ੀ ਗਿਣਤੀ ਵਿੱਚ, ਝੌਂਪੜੀਆਂ ਬਣਾਅ ਕੇ ਰਹਿੰਦੇ ਸਨ। ਇੱਥੇ ਕੁਝ ਮਹੀਨੇ ਇੱਕ ਘਟੀਆ ਪੱਧਰ ਦਾ ਜੀਵਨ ਕੱਢ ਕੇ- ਇਨ੍ਹਾਂ ਵਿਚੋਂ ਕੁਝ ਮੁਜਰਮ, ਤਸਮਾਨੀਆ ਜਾ ਪਹੁੰਚੇ। (ਅਸਟ੍ਰੇਲੀਆ ਦਾ ਇਕਲੌਤਾ ਟਾਪੂ-ਸੂਬਾ -ਅੰਗ੍ਰੇਜ਼ ਇਸ ਨੂੰ ਵੈਨ ਡੇਮੀਅਨਜ਼ ਲੈਂਡ ਸੱਦਦੇ ਸਨ।)

ਖ਼ੈਰ, ਇਨ੍ਹਾਂ ਕੁਝ ਕੈਦੀਆਂ ਵਿਚ ਬਕਲੀ ਵੀ ਸੀ। ਬਕਲੀ ਅਤੇ ਪੰਜ ਹੋਰ ਕੈਦੀ, ਬੜੀ ਚੁਸਤੀ ਨਾਲ, ਬਾਕੀਆਂ ਤੋਂ ਅੱਡ ਹੋ ਕੇ ਸਿਡਨੀ ਵਾਲੇ ਪਾਸੇ ਨੂੰ ਨਿੱਕਲ ਗਏ- ਭੱਜ ਨਿਕਲਣ ਦੀ ਕੋਸ਼ਿਸ਼ ਵਿਚ! (ਇਨ੍ਹਾਂ ਵਿੱਚੋਂ ਤਿੰਨਾਂ ਨੂੰ ਅਫ਼ਸਰਾਂ ਵੱਲੋਂ ਚਲਾਈਆਂ ਗਈਆਂ ਗੋਲੀਆਂ ਨੇ ਉਸੇ ਵੇਲੇ ਮਾਰ ਦਿੱਤਾ ਸੀ)।

ਹੁਣ, ਬਕਲੀ ਅਤੇ ਉਸਦੇ ਇਨ੍ਹਾਂ ਦੋ ਸਾਥੀਆਂ ਅੱਗੇ ਸਭ ਤੋਂ ਵੱਡਾ ਮਸਲਾ ਖੁਰਾਕ ਸੀ! ਅਫ਼ਸਰਾਂ ਨੂੰ ਪਤਾ ਸੀ ਕਿ ਜਿਹੜੇ ਭੱਜ ਗਏ ਹਨ, ਉਨ੍ਹਾਂ ਨੂੰ ਉਨ੍ਹਾਂ ਤੋਂ ਪਹਿਲਾਂ "ਜੰਗਲੀ ਝਾੜ 'ਚ ਜਾ ਨਿਕਲਣ" ਵਾਲੇ ਉਨ੍ਹਾਂ ਵਰਗਿਆਂ ਵਾਂਗ- ਭੁੱਖ ਪਿਆਸ ਨੇ ਹੀ ਮਾਰ ਦੇਣਾ ਸੀ!

ਖ਼ੈਰ, ਆਪਣੇ ਮਰ ਚੁੱਕੇ ਸਾਥੀਆਂ ਦੀ ਖੁਰਾਕ ਵੀ ਆਪਣੇ ਨਾਲ ਚੁੱਕ, ਸਮੁੰਦਰ ਤੋਂ ਮਿਲਦੇ ਹਰ ਤਰ੍ਹਾਂ ਦੇ

---

*(Slang; ਰਸਮੀ ਵਰਤੋਂ ਵਿਚ ਨਾ ਆਉਂਦੇ ਸ਼ਬਦ- ਅਕਸਰ ਕੁਝ ਗੁੱਟਾਂ ਵਿਚ ਹੀ ਖ਼ਾਸ- ਵਿਦਿਆਰਥੀਆਂ, ਨੌਜਵਾਨਾਂ, ਮੁਜਰਮਾਂ, ਆਦਿ। ਕਈ ਵਾਰ ਅਸਭਿਅ ਵੀ-ਸੰ.)

(ਬਕਲੀ ਉੱਤੇ ਬਣੀ ਫ਼ਿਲਮ ਵਿਚ ਬਕਲੀ)

ਭੋਜਨ ਉੱਤੇ ਇਹ ਤਿੰਨੋਂ ਕਿਸੇ ਤਰ੍ਹਾਂ ਗੁਜ਼ਾਰਾ ਕਰਦੇ ਰਹੇ।

ਉਹ ਟਾਪੂ ਉੱਤੇ ਜਿੱਧਰ ਨੂੰ ਵੀ ਜਾਣ ਦੀ ਕੋਸ਼ਿਸ਼ ਕਰਦੇ, ਓਥੇ ਵਸਦੇ ਆਦਿਵਾਸੀਆਂ ਦਾ ਡਰ ਉਨ੍ਹਾਂ ਨੂੰ ਹਮੇਸ਼ਾ ਸਤਾਉਂਦਾ ਰਹਿੰਦਾ! ਆਦਿਵਾਸੀ ਗੋਰਿਆਂ 'ਤੇ ਹਮਲੇ ਜੋ ਕਰਦੇ ਸਨ!

ਬਕਲੀ, ਬਚਣ-ਬਚਾਉਣ ਦੀ ਇਸ ਭੱਜ-ਦੌੜ ਵਿੱਚ, ਕਿਸੇ ਤਰ੍ਹਾਂ ਇਕੱਲਾ ਰਹਿ ਗਿਆ। ਭੋਜਨ-ਪਾਣੀ ਠੀਕ ਨਾ ਮਿਲਣ ਕਾਰਨ ਬਿਮਾਰ ਹੋ ਗਿਆ। ਮੁਸ਼ਕਿਲ ਨਾਲ ਮਰਨ ਤੋਂ ਬਚਿਆ।

ਅੰਤਾਂ ਦੀਆਂ ਮੁਸ਼ਕਿਲਾਂ ਝੱਲ ਕੇ ਮਰਨ ਕੰਢੇ ਹੋਏ ਦਾ, ਵਿਕਟੋਰੀਆ ਸੂਬੇ ਨੇੜੇ ਤਿੰਨ ਆਦਿਵਾਸੀਆਂ ਨਾਲ ਸਾਹਮਣਾ ਹੋ ਗਿਆ ਸੀ, ਜਿਨ੍ਹਾਂ ਕੋਲ ਵੱਡੇ ਵੱਡੇ ਮਾਰੂ-ਸੂਲ ਸਨ!

ਹੈਰਾਨੀ ਦੀ ਗੱਲ, ਉਨ੍ਹਾਂ ਬਕਲੀ ਨੂੰ ਆਪਣੇ ਵਡੇਰਿਆਂ ਦੀ ਰੂਹ ਸਮਝ ਲਿਆ!! ਉਨ੍ਹਾਂ ਉਸਨੂੰ ਵੀ ਆਪਣੇ ਵਰਗਾ ਆਦਿਵਾਸੀ ਹੀ ਸਮਝ ਲਿਆ- ਅਤੇ ਇਨ੍ਹਾਂ ਆਦਿਵਾਸੀਆਂ ਉਸ ਦਾ ਨਾਂ "ਮੁੜਨਗਰਕ" ਰੱਖ ਦਿੱਤਾ -ਓਹੀ ਨਾਂ ਜੋ ਕਿਸੇ ਵੇਲੇ ਉਹਨਾਂ ਦੇ ਕਬੀਲੇ ਦੇ ਮੁਖੀ ਦਾ ਹੁੰਦਾ ਸੀ! ਇਸ ਸ਼ਬਦ ਦਾ ਆਦਿਵਾਸੀ ਭਾਸ਼ਾ ਵਿੱਚ ਅਰਥ ਸੀ: ਜਿਹੜਾ ਮਰ ਕੇ ਮੁੜ ਜਿਉਂਦਾ ਹੋ ਜਾਵੇ!

ਲਓ ਜੀ, ਕਬੀਲੇ ਨੇ ਬੜੀਆਂ ਹੀ ਖੁਸ਼ੀਆਂ ਮਣਾਈਆਂ, ਨੱਚੇ ਅਤੇ ਗੰਵੇਂ- ਕਿ ਕਬੀਲੇ ਦਾ ਮੁਖੀ ਮੁੜ ਜਿਊਂਦਾ ਹੋ ਗਿਆ ਹੈ! ਇਸ ਵਾਲਾਰੰਗਾ ਕਬੀਲੇ (Wallaranga Tribe) ਨੇ ਬਕਲੀ ਨੂੰ ਬਹੁਤ ਆਦਰ, ਮਾਣ-ਸਤਿਕਾਰ ਦਿੱਤਾ; ਆਪਣੀ ਬੋਲੀ ਸਿਖਾਈ; ਆਪਣੇ ਰਸਮ-ਰਿਵਾਜ ਅਤੇ ਜੀਵਨ ਸ਼ੈਲੀ ਦੇ ਤਰੀਕਿਆਂ ਤੋਂ ਜਾਣੂ ਕਰਵਾਅ ਦਿੱਤਾ।

ਬਕਲੀ, ਇਸ ਕਬੀਲੇ ਦੇ ਲੋਕਾਂ ਨਾਲ ਮਿਲ ਕੇ ਮੱਛੀਆਂ ਫੜਦਾ, ਭੋਜਨ ਬਣਾਉਂਦਾ, ਪਹਿਨਣ ਲਈ ਖੱਲਾਂ ਤਿਆਰ ਕਰਵਾਉਂਦਾ ਤੇ ਸ਼ਿਕਾਰ 'ਤੇ ਵੀ ਜਾਂਦਾ।

ਇੱਥੇ ਰਹਿ ਕੇ ਬਕਲੀ ਨੂੰ ਖਾਣ-ਪੀਣ ਦੀ ਪੂਰੀ ਮੌਜ ਲੱਗੀ ਰਹੀ- ਉਸਦੀ ਸਿਹਤ ਵੀ ਸੁਹਣੀ ਹੋ ਗਈ। 32 ਸਾਲ ਇਨ੍ਹਾਂ ਆਦਿਵਾਸੀਆਂ ਨਾਲ ਹੀ ਰਿਹਾ, ਇਹ ਬਕਲੀ!!

ਇਹ ਲੋਕ ਬਾਰਵਨ ਦਰਿਆ ਦੇ ਨੇੜ ਤੇੜ ਵਿਚ ਹੀ ਰਹਿੰਦੇ ਸਨ। ਇਨ੍ਹਾਂ ਨੂੰ ਹਾਦਸਾਗ੍ਰਸਤ ਹੋਏ ਕਈ ਜਹਾਜ਼ ਲੱਭ ਜਾਂਦੇ, ਜਿਨ੍ਹਾਂ ਵਿੱਚੋਂ ਤਰ੍ਹਾਂ ਤਰ੍ਹਾਂ ਦੇ ਪੁਰਜ਼ੇ, ਕੰਬਲ ਅਤੇ ਹੋਰ ਚੀਜ਼ਾਂ ਕੱਢ ਲਿਆਉਂਦੇ।

ਇਸ ਕਬੀਲੇ ਵਿੱਚ ਰਹਿੰਦਿਆਂ ਬਕਲੀ ਨੂੰ ਇੱਕ ਪਤਨੀ ਦਾ ਸਾਥ ਵੀ ਦਿੱਤਾ ਗਿਆ। ਇਨ੍ਹਾਂ ਦੀ ਇੱਕ ਧੀ ਹੋਈ। ਇਹ ਪਤਨੀ ਬਕਲੀ ਤੋਂ 15 ਸਾਲ ਵੱਡੀ ਸੀ- ਕੁਝ ਦੇਰ ਬਾਅਦ ਇਹ ਪਤਨੀ ਇਸ ਤੋਂ ਖੋਹ ਵੀ ਲਈ ਗਈ!

ਬਕਲੀ ਦਾ ਕਬੀਲੇ ਵਿੱਚ ਫਿਰ ਵੀ ਰਸੂਖ ਬਣਿਆ ਰਿਹਾ। ਜਦੋਂ ਕੋਈ ਆਪਣੇ ਵਰਗੇ ਚਿੱਟੇ ਲੋਕ ਇਸ ਨੂੰ ਦਿਸ ਪੈਣੇ, ਇਹ ਉਨ੍ਹਾਂ ਨੂੰ ਮਿਲਣ ਤੋਂ ਗੁਰੇਜ਼ ਕਰਦਾ! ਆਦਿਵਾਸੀ ਚਿੱਟਿਆਂ ਨੂੰ ਆਪਣਾ ਦੁਸ਼ਮਣ ਜੋ ਸਮਝਦੇ ਸਨ।

1835 ਵਿੱਚ, ਚਿੱਟੇ-ਅਪਰਾਧੀਆਂ ਨੂੰ ਲਿਆ ਰਿਹਾ ਇੱਕ ਜਹਾਜ਼, "ਇੰਡੈਂਟਡ ਹੈੱਡ" ਵਾਲੀ ਥਾਂ ਪਹੁੰਚਿਆ। ਬਕਲੀ ਨੂੰ ਪਤਾ ਲੱਗਾ ਕਿ ਆਦਿਵਾਸੀਆਂ ਨੇ, ਇਸ ਜਹਾਜ਼ ਵਿਚਲੇ ਚਿੱਟਿਆਂ ਦਾ ਕਤਲ ਕਰ, ਜਹਾਜ਼ ਲੁੱਟਣਾ ਹੈ।

ਬਕਲੀ ਅਤੇ ਇਸ ਦੇ ਆਦਿਵਾਸੀ ਸਾਥੀ, ਕੰਗਾਰੂ ਦੀਆਂ ਖੱਲਾਂ ਪਹਿਨੀਂ, ਮਾਰੂ ਹਥਿਆਰਾਂ ਨਾਲ, ਜੌਹਨ ਵੈੱਜ ਹੇਠ ਲੜਾਈ ਦਿੰਦੇ ਚਿੱਟੇ ਅਪਰਾਧੀਆਂ ਦੇ ਕੈਂਪ ਵਿੱਚ ਜਾ ਵੜੇ। ਚਿੱਟੇ ਅਪਰਾਧੀਆਂ ਦੇ ਇੱਕ ਨੁਮਾਇੰਦੇ, ਵਿਲੀਅਮ ਟੌਡ, ਨੇ ਬਕਲੀ ਦੀ ਬਾਂਹ 'ਤੇ ਖੁਣਿਆ ਹੋਇਆ 'FB' ਦੇਖ ਲਿਆ -ਅਤੇ ਉਹ ਸਮਝ ਗਿਆ ਕਿ

ਅਵਤਾਰ ਐਸ. ਸੰਘਾ

ਇਹ ਓਹੀ ਬਕਲੀ ਹੈ ਜੋ ਪਿਛਲੇ ਲੰਬੇ ਸਮੇਂ ਤੋਂ ਆਦਿਵਾਸੀਆਂ ਨਾਲ ਰਹਿ ਰਿਹਾ ਹੈ! ਓਹੀ ਬਕਲੀ ਜਿਸ ਬਾਰੇ ਆਮ ਚਰਚਾ ਚੱਲਦੀ ਸੀ ਕਿ ਉਹ ਮਰ ਚੁੱਕਾ ਹੈ...!

ਬਕਲੀ ਤਾਂ ਹੁਣ ਆਦਿਵਾਸੀ ਭਾਸ਼ਾ ਵੱਧ ਬੋਲਦਾ ਸੀ ਅਤੇ ਅੰਗਰੇਜ਼ੀ ਬੱਸ ਥੋੜ੍ਹੀ ਥੋੜ੍ਹੀ। ਕਨੂੰਨੀ ਤੌਰ 'ਤੇ ਉਹ ਅਜੇ ਵੀ ਅਪਰਾਧੀ ਸੀ ਤੇ ਉਸ ਨੂੰ ਕਿਸੇ ਵੀ ਸਮੇਂ ਗ੍ਰਿਫ਼ਤਾਰ ਕੀਤਾ ਜਾ ਸਕਦਾ ਸੀ।

ਬਕਲੀ ਨੇ ਇਨ੍ਹਾਂ ਆਦਿਵਾਸੀਆਂ ਦਾ ਲਾਡਲਾ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਗੋਰਿਆਂ ਦਾ ਕਤਲ ਕਰਨ ਤੋਂ ਰੋਕ ਲਿਆ। ਦੋਹਾਂ ਪਾਸਿਆਂ ਨੇ ਦੁਸ਼ਮਣੀ ਛੱਡ ਇੱਕ ਦੂਜੇ ਵੱਲ ਦੋਸਤੀ ਦਾ ਹੱਥ ਵਧਾਇਆ!

ਚਿੱਟੇ ਸਿਆਸੀ ਹਾਕਮਾਂ ਉਸਨੂੰ ਚਿੱਟਿਆਂ ਅਤੇ ਆਦਿਵਾਸੀਆਂ ਦਰਮਿਆਨ ਦੁ-ਭਾਸ਼ੀਏ ਦੀ ਨੌਕਰੀ ਦਿੱਤੀ! ਮੈਲਬੌਰਨ ਵਿੱਚ ਘਰ ਵੀ! ਬਕਲੀ ਨੇ ਚਿੱਟਿਆਂ ਅਤੇ ਆਦਿਵਾਸੀਆਂ ਵਿੱਚ ਨੇੜਤਾ ਲਿਆਉਣ ਲਈ ਕਈ ਬੜੇ ਵਧੀਆ ਕੰਮ ਕੀਤੇ- ਦੋਹਾਂ ਧਿਰਾਂ ਵਿਚਕਾਰ ਇੱਕ ਨਰੋਈ ਕੜੀ ਬਣ ਗਿਆ।

1817 ਵਿੱਚ ਬਕਲੀ ਮੁੜ ਤਸਮਾਨੀਆ, ਯਾਨੀ ਵੈਨ ਡੇਮੀਅਨ ਲੈਂਡ ਆਇਆ। ਉਥੇ, 27 ਜੂਨ 1840 ਨੂੰ ਉਸ ਦਾ ਵਿਆਹ ਕੱਦ ਦੀ ਬਹੁਤ ਛੋਟੀ ਜੂਲੀਆ ਹਿਗਨਸ ਨਾਲ ਹੋਇਆ। ਜੂਲੀਆ ਦਾ ਵਿਆਹ ਪਹਿਲਾਂ ਵੀ ਹੋਇਆ ਹੋਇਆ ਸੀ ਪਰ ਉਸਦੇ ਪਤੀ ਦਾ ਕਤਲ ਹੋ ਗਿਆ ਸੀ।

1856 ਵਿੱਚ, ਬਕਲੀ ਦੇ ਸੱਟ ਲੱਗ ਗਈ- 76 ਸਾਲ ਵਿਚ ਮੌਤ ਹੋ ਗਈ।



ਓਮ ਪ੍ਰਕਾਸ਼ ਵਾਲਮੀਕੀ- 4 ਕਵਿਤਾਵਾਂ

ਤਰਜਮਾ: ਪੂਨਮ ਸਿੰਘ

ਮਸ਼ਹੂਰ ਲੇਖਕ ਓਮ ਪ੍ਰਕਾਸ਼ ਵਾਲਮੀਕੀ (1950-2013) ਸਮਾਜ ਨੂੰ ਅਸਲੀ ਰੰਗਾਂ ਵਿਚ ਰੰਗਦੀਆਂ, ਦੇਸ਼ ਕਾਲ ਦੇ ਸਭ ਤੋਂ ਲਤਾੜੇ ਵਰਗ (ਦਲਿਤ) ਦੀ ਚੇਤਨਾ ਨਾਲ ਓਤਪੋਤ ਆਪਣੀਆਂ ਹਲੂਣ ਜਾਂਦੀਆਂ ਬਹੁ-ਵਿਧਾਵੀ ਰਚਨਾਵਾਂ- ਖ਼ਾਸ ਕਰਕੇ ਆਪਣੇ ਆਤਮਕਥਾ-ਨਾਵਲ "ਜੂਠਨ"- ਕਰਕੇ ਬਹੁਤ ਮਸ਼ਹੂਰ ਹੋਏ। ਕਾਵਿ-ਸੰਗ੍ਰਹਿ ਹਨ- "ਸਦੀਆਂ ਦਾ ਸੰਤਾਪ", "ਬੱਸ ਬਹੁਤ ਹੋ ਚੁਕਾ"। ਅਜੋਕੇ ਦਲਿਤ ਸਾਹਿਤ ਦੇ ਨੁਮਾਇੰਦੇ-ਰਚਨਹਾਰੇ। ਬਰਲਾ (ਮੁਜ਼ੱਫ਼ਰਨਗਰ), ਉੱਤਰ ਪ੍ਰਦੇਸ਼, ਪੈਦਾ ਹੋਏ, ਦੇਹਰਾਦੂਨ ਅਖੀਰੀ ਸਾਹ ਲਏ। ਬਚਪਨ ਵਿੱਚ ਹੰਢਾਈ ਆਰਥਕ, ਸਮਾਜਕ, ਮਾਨਸਕ ਜੱਦੋ-ਜਹਿਦ ਵਿੱਚੋਂ ਬਿਨਾ ਕਿਸੇ ਰੱਖ-ਰਖਾਅ, ਇੱਕ-ਟੱਕ, ਸਾਫ਼ਗੋ ਸਾਹਿਤ ਰਚਿਆ। ਉਨ੍ਹਾਂ ਕਈ ਵਾਰ ਕਿਹਾ ਕਿ "ਜੂਠਨ" ਮੇਰੇ ਅੰਦਰ ਘਰ-ਕੀਤੀ ਪੀੜ ਦੀ ਭੜਾਸ ਦਾ ਭੰਭੂਕਾ ਸੀ। ਸਮਾਜ ਦੇ ਅਣਗੌਲੇ ਵਰਗ ਦੀਆਂ ਔਖਾਂ ਨੂੰ ਸਾਹਮਣੇ ਲਿਆ ਕੇ ਵਿਖਾਇਆ। ਅਨੁਵਾਦ ਵੱਲੋਂ ਵੀ ਬੇਸ਼ਕੀਮਤੀ ਕਾਰਜ ਕੀਤਾ। ਸੱਠ ਤੋਂ ਵੱਧ ਨਾਟਕਾਂ ਵਿੱਚ ਅਦਾਕਾਰੀ ਵੀ ਕੀਤੀ! ਮੰਚਨ ਅਤੇ ਨਿਰਦੇਸ਼ਨ ਵੀ! ਕੌਮੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿੱਚ ਸ਼ਮੂਲੀਅਤ ਕੀਤੀ। - **ਪੇਸ਼ਕਾਰ: ਪ੍ਰਿੰ ਹਰੀ ਕ੍ਰਿਸ਼ਨ ਮਾਇਰ**


forwardpress

ਓਮ ਪ੍ਰਕਾਸ਼ ਵਾਲਮੀਕੀ

ਖੇਤ ਉਦਾਸ ਹਨ

ਚਿੜੀ ਉਦਾਸ ਹੈ
ਜੰਗਲ ਖਾਲੀ ਹੋਣ ਕਰਕੇ
ਬੱਚੇ ਉਦਾਸ ਹਨ
ਸ਼ਾਨਦਾਰ ਅਟਾਰੀਆਂ ਦੀਆਂ ਬੂਹੇ-
ਬਾਰੀਆਂ ਵਿੱਚ
ਕਿੱਲ ਵਾਂਗ ਧਸੀ ਚਿੜੀ ਦੀ ਉਦਾਸੀ
ਕਰਕੇ

ਖੇਤ ਉਦਾਸ ਹਨ...
ਭਰਵੀਂ ਫ਼ਸਲ ਤੋਂ ਬਾਅਦ ਵੀ
ਸਿਰ 'ਤੇ ਬਲਟੋਹਾ ਰੱਖੀ
ਚੜ੍ਹਦੇ-ਲਹਿੰਦੇ ਕੱਲਾ ਕੱਲਾ ਡੰਡਾ ਪੌੜੀ
ਉੱਪਰ ਨੂੰ ਚੜ੍ਹਦੀ ਕੰਧ ਕਰਕੇ

ਕੁੜੀ ਉਦਾਸ ਹੈ-
ਕਿੰਨਾ ਚਿਰ ਲੁਕੋਈ ਰੱਖੇਗੀ ਆਪਣੀ

ਜੰਮਣ-ਤਰੀਕ

ਕਿਰਾਏ ਦੇ ਹੱਥ
ਲਿਖ ਰਹੇ ਹਨ ਕੰਧਾਂ 'ਤੇ
'ਉਦਾਸ ਹੋਣਾ ਭਾਰਤੀਪੁਣੇ ਦੇ ਉਲਟ
ਹੈ!'

ਠਾਕੁਰ ਦਾ ਖੂਹ

ਚੁੱਲ੍ਹਾ ਮਿੱਟੀ ਦਾ
ਮਿੱਟੀ ਤਲਾਅ ਦੀ
ਤਲਾਅ ਠਾਕੁਰ ਦਾ।
ਭੁੱਖ ਰੋਟੀ ਦੀ
ਰੋਟੀ ਬਾਜਰੇ ਦੀ
ਬਾਜਰਾ ਖੇਤ ਦਾ
ਖੇਤ ਠਾਕੁਰ ਦਾ।

ਬੈਲ ਠਾਕੁਰ ਦਾ
ਹਲ ਠਾਕੁਰ ਦਾ
ਹਲ਼ ਦੀ ਮੁੱਠ 'ਤੇ ਹਥੇਲੀ ਆਪਣੀ
ਫ਼ਸਲ ਠਾਕੁਰ ਦੀ।

ਖੂਹ ਠਾਕੁਰ ਦਾ
ਪਾਣੀ ਠਾਕੁਰ ਦਾ
ਖੇਤ-ਢਾਰੇ ਠਾਕੁਰ ਦੇ
ਗਲੀ-ਮੁਹੱਲੇ ਠਾਕੁਰ ਦੇ।

ਫਿਰ ਕੀ ਹੈ ਆਪਣਾ?
ਪਿੰਡ?
ਸ਼ਹਿਰ?
ਦੇਸ਼?

(ਨਵੰਬਰ 1981)

ਝਾੜੂ ਵਾਲੀ

ਸੁਬਹ ਪੰਜ ਵਜੇ
ਹੱਥ 'ਚ ਝਾੜੂ ਫੜੀ
ਘਰੋਂ ਨਿੱਕਲ ਪੈਂਦੀ ਐ
ਰਮੇਸ਼ਰੀ
ਲੋਹੇ ਦਾ ਹੱਥ-ਰੇੜ੍ਹਾ ਧੱਕਦੀ
ਖੜੰਗ-ਖੜੰਗ ਦੀ ਰੜਕਦੀ ਅਵਾਜ਼
ਟੱਕਰਾਉਂਦੀ ਹੈ
ਸ਼ਹਿਰ ਦੀਆਂ ਉਣੀਂਦੀਆਂ ਕੰਧਾਂ ਨਾਲ
ਲੰਘਦੀ ਹੈ
ਸੁੰਨ-ਮਸਾਣ ਪਏ ਚੌਰਾਹਿਆਂ 'ਚੋਂ
ਕਰਦੀ ਹੋਈ ਐਲਾਨ
ਜਾਗੋ!
ਚੜ੍ਹਦੇ ਬੰਨਿਓਂ ਲਾਲ ਲਾਲ ਸੂਰਜ
ਲੱਗਾ ਹੈ ਚੜ੍ਹਨ

ਨਗਰਪਾਲਕਾ ਦੀਆਂ ਸੁਨਸਾਨ ਸੜਕਾਂ
ਮਾਸਾ ਮਾਸਾ ਚਾਨਣ ਦੇ ਸਾਥ ਵਿਚ
ਟਿਮ ਟਿਮ ਕਰਦਾ ਇੱਕ ਅੱਧ ਤਾਰਾ
ਕੰਨ 'ਤੇ ਜਨੇਊ ਟੰਗੀ
ਗੁਣਗੁਣਾਉਂਦਾ ਸੁਰ ਵਿੱਚ
ਸ਼ਲੋਕ ਰਟਦਾ ਕੋਲੋਂ ਲੰਘਦਾ ਪੰਡਤ
ਚਾਹ ਦੀ ਦੁਕਾਨ ਦੇ ਫੱਟੇ 'ਤੇ
ਚਿੱਕੜ ਹੋਈ ਚਾਦਰ 'ਚ ਮੂੰਹ ਸਿਰ
ਲਪ੍ਹੇਟੀ
ਊਂਘਦਾ ਨੌਕਰ
ਭੱਠੀ ਲਾਗੇ ਲੇਟਿਆ
ਊਠਣ-ਊਠਣ ਕਰਦਾ ਜੱਤਲ ਕੁੱਤਾ
ਚੌਂਕਦੇ ਹਨ
ਕੋਲੋਂ ਦੀ ਲੰਘਦੀ
ਲੋਹੇ ਦੇ ਹੱਥ-ਰੇੜ੍ਹੇ ਦੀ 'ਵਾਜ ਨਾਲ
ਲਾਹਣਤਾਂ ਪਾਉਂਦੇ ਨੇ ਜੀਅ ਭਰ ਕੇ

ਰਮੇਸ਼ਰੀ ਦੇ ਹੱਥ 'ਚ ਫੜਿਆ
ਬਾਂਸ ਦਾ ਮੋਟਾ ਝਾੜੂ
ਸੜਕ ਦੀ ਟੁੱਟੀ ਭੱਜੀ ਛਾਤੀ 'ਤੇ
ਸ਼ਾਂਅ ਸ਼ਾਂਅ ਦੀ 'ਵਾਜ ਨਾਲ ਤਰਦਾ
ਉਡਾਉਂਦਾ ਘੱਟੇ ਦਾ ਵੱਡਾ
ਭੁਕਾਨਾ ਜਿਹਾ।
ਘੱਟਾ ਜੋ ਸੈਂਕੜਿਆਂ ਵਰ੍ਹਿਆਂ ਤੋਂ
ਜੰਮ ਰਿਹਾ ਹੈ
ਪਰਤ-ਦਰ-ਪਰਤ
ਫੇਫੜਿਆਂ 'ਚ ਰਮੇਸ਼ਰੀ ਦੇ
ਰੰਗਦਾ ਹੈ ਸਾਹ-ਰਗ਼ ਨੂੰ
ਚਿਮਨੀ ਵਰਗਾ

ਕਾਰਖਾਨਿਓਂ ਉੱਠਦੇ ਧੂੰਏ ਵਰਗਾ

ਸਾਰਾ ਕੁਝ ਰਲ਼ਾਅ ਕੇ
ਇੱਕ ਤਸਵੀਰ ਉੱਭਰਦੀ ਹੈ
ਜੋ ਜ਼ਿੰਦਗੀ ਦੇ ਜ਼ੁਲਮ ਦਾ ਨਮੂਨਾ ਹੈ
ਜਿਸ ਵਿੱਚ ਛੋਟੇ ਛੋਟੇ ਬੱਚਿਆਂ ਦਾ
ਬੇਰੋਕ ਸਿਲਸਿਲਾ ਹੈ
ਜਿਨ੍ਹਾਂ ਨੂੰ ਹੜੱਪ ਜਾਂਦੀ ਹੈ
ਗੰਦ ਮੰਦ 'ਚੋਂ ਉੱਠਦੀ ਬੋਅ
ਅਤੇ ਉਹ, ਪਤਾ ਨਹੀਂ ਕਦੋਂ ਵੱਡੇ ਹੋ
ਗੰਦਗੀ ਦੇ ਇਸ ਸ਼ਹਿਰ 'ਚ ਬੋਅ
ਬਣ ਜਾਂਦੇ ਹਨ।
ਫਿਰ ਇੱਕ ਦਿਨ, ਜਦੋਂ
ਰਮੇਸ਼ਰੀ ਦੀ ਖਰ੍ਹਵੀ ਹਥੇਲੀ
ਹੋ ਜਾਂਦੀ ਹੈ ਨ-ਕਾਬਲ
ਹੱਥ-ਰੇੜ੍ਹਾ ਧੱਕਣੋਂ
ਛੋਟੇ ਛੋਟੇ ਹੱਥ ਸੜਕ ਤੀਕ ਲਿਆਂਦੇ ਨੇ
ਧੱਕ ਕੇ ਰੇੜ੍ਹੇ ਨੂੰ
ਬਦਲੇ' ਚ ਮਿਲੇ
ਬੇਸ਼ੁਮਾਰ ਜ਼ਖ਼ਮਾਂ ਮਗਰੋਂ ਵੀ,
ਚੁੱਪ ਰਹਿ ਜਾਂਦੇ ਨੇ
ਢੋਂਦੇ ਨੇ ਜ਼ਿੰਦਗੀ ਦਾ ਭਾਰ ਓਸੇ ਤਰ੍ਹਾਂ
ਜਿਵੇਂ ਢੋਂਦੇ ਰਹੇ ਇਨ੍ਹਾਂ ਦੇ ਪੁਰਖੇ।
ਚਿਹਰੇ 'ਤੇ ਕੁਝ ਲਕੀਰਾਂ ਨੇ
ਵਕਤ ਦੀਆਂ ਉੱਕਰੀਆਂ।

ਸਾਲਾਂ ਦੇ ਸਾਲ ਲੰਘਦੇ ਨੇ
ਕੰਧਾਂ 'ਤੇ ਚੰਬੜੇ ਚੋਣ-ਪੋਸਟਰ
ਮੂੰਹ ਚਿੜਾਉਂਦੇ ਨੇ
ਜਦ ਤੱਕ ਰਮੇਸ਼ਰੀ ਦੇ ਹੱਥ 'ਚ
ਖੜੰਗ-ਖੜੰਗ ਕਰਦਾ ਜਾਂਦਾ
ਲੋਹੇ ਦਾ ਰੇੜ੍ਹਾ ਹੈ
ਮੇਰੇ ਦੇਸ਼ ਦਾ ਲੋਕਤੰਤਰ
ਇਕ ਗਾਲ੍ਹ ਹੈ!

ਓਦੋਂ ਤੁਸੀਂ ਕੀ ਕਰੋਗੇ?

ਜੇ ਤੁਹਾਨੂੰ
ਧੱਕ ਕੇ ਪਿੰਡੋਂ ਬਾਹਰ ਕੱਢ ਦਿੱਤਾ ਜਾਵੇ
ਪਾਣੀ ਤੱਕ ਨਾਂ ਲੈਣ ਦਿੱਤਾ ਜਾਵੇ ਖੂਹੋਂ
ਦੁਤਕਾਰਿਆ-ਫਿਟਕਾਰਿਆ ਜਾਵੇ
ਤੇਜ਼ ਚਮਕਦੀ ਦੁਪਹਿਰੀਂ ਕਿਹਾ ਜਾਵੇ
ਪੱਥਰ ਤੋੜਨ ਨੂੰ
ਕੰਮ ਦੇ ਬਦਲੇ
ਦਿੱਤੀ ਜਾਵੇ ਖਾਣ ਨੂੰ ਜੂਠ
ਓਦੋਂ ਤੁਸੀਂ ਕੀ ਕਰੋਗੇ?

ਜੇ ਤੁਹਾਨੂੰ,
ਮੋਏ ਪਸ਼ੂ ਧੂਹ ਕੇ
ਲਿਜਾਣ ਨੂੰ ਆਖਿਆ ਜਾਵੇ
ਅਤੇ,
ਕਿਹਾ ਜਾਵੇ ਢੋਣ ਨੂੰ
ਪੂਰੇ ਟੱਬਰ ਦਾ ਮੈਲ਼ਾ
ਪਹਿਨਣ ਨੂੰ ਦਿੱਤਾ ਜਾਏ ਉਤਾਰ
ਓਦੋਂ ਤੁਸੀਂ ਕੀ ਕਰੋਗੇ?

ਜੇ ਤੁਹਾਨੂੰ,
ਕਿਤਾਬਾਂ ਤੋਂ ਦੂਰ ਰੱਖਿਆ ਜਾਵੇ
ਜਾਣ ਨਾ ਦਿੱਤਾ ਜਾਵੇ
ਵਿੱਦਿਆ ਮੰਦਰ ਦੀ ਚੌਖਟ ਤੱਕ
ਢਿਬਰੀ* ਦੀ ਮਾੜੀ ਜਿਹੀ ਲੋਅ 'ਚ
ਕਾਲੀਆਂ ਹੋਈਆਂ ਕੰਧਾਂ 'ਤੇ
ਈਸਾ ਵਾਂਗੂੰ ਟੰਗ ਦਿੱਤਾ ਜਾਵੇ
ਓਦੋਂ ਤੁਸੀਂ ਕੀ ਕਰੋਗੇ?

*ਕੁੱਪੀ ਨਾਲ ਬਣੀ ਕੰਮ-ਸਾਰੂ ਲੋਅ

ਜੇ ਤੁਹਾਨੂੰ ਰਹਿਣ ਨੂੰ ਦਿੱਤਾ ਜਾਵੇ
ਫੂਸ ਦਾ ਕੱਚਾ ਘਰ
ਵੇਲੇ ਵੇਲੇ ਫੂਕ ਕੇ ਜਿਸ ਨੂੰ
ਸਵਾਹਾ ਕਰ ਦਿੱਤਾ ਜਾਵੇ
ਬਰਸਾਤਾਂ ਦੀਆਂ ਰਾਤਾਂ ਵਿੱਚ
ਗੋਡੇ ਗੋਡੇ ਪਾਣੀ ਵਿੱਚ
ਸੌਣ ਨੂੰ ਕਿਹਾ ਜਾਵੇ
ਓਦੋਂ ਤੁਸੀਂ ਕੀ ਕਰੋਗੇ?
ਜੇ ਤੁਹਾਨੂੰ,
ਨਦੀ ਦੇ ਤੇਜ਼ ਵਹਾਅ ਵਿਚ
ਉਲਟਾ ਵਹਿਣਾ ਪਏ
ਦਰਦਾਂ ਦਾ ਬੂਹਾ ਖੋਲ੍ਹ
ਭੁੱਖ ਨਾਲ ਜੂਝਣਾ ਪਵੇ
ਭੇਜਣਾ ਪਵੇ ਨਵੀਂ ਆਈ ਲਾੜੀ ਨੂੰ
ਪਹਿਲੀ ਰਾਤ ਠਾਕੁਰ ਦੀ ਹਵੇਲੀ
ਓਦੋਂ ਤੁਸੀਂ ਕੀ ਕਰੋਗੇ?

ਜੇ ਤੁਹਾਨੂੰ
ਆਪਣੇ ਹੀ ਦੇਸ਼ 'ਚ ਨਕਾਰ ਦਿੱਤਾ ਜਾਵੇ
ਮੰਨ ਕੇ ਬੱਝਾ-ਬੰਧੂਆ
ਖੋਹ ਲਏ ਜਾਣ ਹੱਕ ਸਾਰੇ
ਸਾੜ 'ਤੀ ਜਾਏ ਸਮੁੱਚੀ ਸਭਿਅਤਾ ਤੁਹਾਡੀ
ਨੋਚ-ਨੋਚ ਕੇ
ਸੁੱਟ ਦਿੱਤੇ ਜਾਣ
ਮਾਣਮੱਤੇ ਪਿਛੋਕੜ ਦੇ ਸਫ਼ੇ ਤੁਹਾਡੇ
ਓਦੋਂ ਤੁਸੀਂ ਕੀ ਕਰੋਗੇ ?

ਜੇ ਤੁਹਾਨੂੰ,
ਵੋਟ ਪਾਉਣੋਂ ਰੋਕਿਆ ਜਾਏ
ਕਰ ਦਿੱਤਾ ਜਾਵੇ ਲਹੂ ਲੁਹਾਨ
ਕੁੱਟ-ਕੁੱਟ ਕੇ ਲੋਕਤੰਤਰ ਦੇ ਨਾਂ 'ਤੇ
ਚੇਤੇ ਕਰਾਇਆ ਜਾਏ ਜਾਤ ਦਾ ਘਟੀਆਪਣ
ਬੋਅ ਮਾਰਦੀ ਜ਼ਿੰਦਗੀ
ਹੱਥ 'ਤੇ ਪੈ ਗਏ ਹੋਣ ਛਾਲੇ
ਫੇਰ ਵੀ ਕਿਹਾ ਜਾਏ
ਪੁੱਟੋ ਨਦੀ-ਨਾਲੇ
ਓਦੋਂ ਤੁਸੀਂ ਕੀ ਕਰੋਗੇ?
ਜੇ ਤੁਹਾਨੂੰ,
ਸ਼ਰੇਆਮ ਬੇਇੱਜ਼ਤ ਕੀਤਾ ਜਾਵੇ
ਖੋਹ ਲਈ ਜਾਏ ਮਲਕੀਅਤ ਤੁਹਾਡੀ
ਧਰਮ ਦੇ ਨਾਂ 'ਤੇ
ਕਿਹਾ ਜਾਏ ਦੇਵਦਾਸੀ ਬਨਣ ਨੂੰ
ਤੁਹਾਡੀਆਂ ਨਾਰਾਂ ਨੂੰ
ਕਰਾਇਆ ਜਾਏ ਉਨ੍ਹਾਂ ਤੋਂ ਵੇਸਵਾਪੁਣਾ
ਓਦੋਂ ਤੁਸੀਂ ਕੀ ਕਰੋਗੇ?
ਸਾਫ਼ ਸੁਥਰਾ ਰੰਗ ਤੁਹਾਡਾ
ਝੁਲ਼ਸ ਕੇ ਸਉਲਾ ਪੈ ਜਾਵੇਗਾ
ਗੁਆਚ ਜਾਏਗੀ ਅੱਖਾਂ ਦੀ ਨਮਕੀਨੀ
ਓਦੋਂ ਤੁਸੀਂ ਕਾਗਜ਼ 'ਤੇ
ਨਹੀਂ ਲਿਖ ਸਕੋਗੇ
ਸਤਯਮ, ਸ਼ਿਵਮ, ਸੁੰਦਰਮ!
ਦੇਵੀ-ਦਿਓਤਿਆਂ ਦੇ ਵੰਸ਼ਜ ਤੁਸੀਂ
ਹੋ ਜਾਓਗੇ ਲੂਲੇ ਲੰਗੜੇ ਅਤੇ ਅਪਾਹਜ
ਜੇ ਜਿਊਣਾ ਪੈ ਜਾਏ ਯੁਗਾਂ ਯੁਗਾਂ
ਲਈ
ਮੇਰੇ ਵਾਂਗੂੰ?
ਓਦੋਂ ਤੁਸੀਂ ਕੀ ਕਰੋਗੇ

ਪ੍ਰਿੰ. ਹਰੀ ਕ੍ਰਿਸ਼ਣ ਮਾਇਰ
9780667686

ਕੇਸ਼ਵ ਪੰਡਤ

ਦਸ ਸਾਲ ਪਹਿਲਾਂ ਦੀ ਗੱਲ ਹੈ। ਮੈਂ ਰੇਲ ਗੱਡੀ ਰਾਹੀਂ ਬਠਿੰਡੇ ਤੋਂ ਮਾਨਸਾ ਆ ਰਿਹਾ ਸੀ। ਤਕਰੀਬਨ ਸਾਰੀਆਂ ਸੀਟਾਂ ਸਵਾਰੀਆਂ ਨਾਲ ਭਰੀਆਂ ਹੋਈਆਂ ਸਨ। ਤੀਹ-ਪੈਂਤੀ ਸਾਲ ਦੇ ਦੋ ਨੌਜਵਾਨ ਅਤੇ ਇਕ ਚੌਦਾਂ-ਪੰਦਰਾਂ ਸਾਲ ਦਾ ਬੱਚਾ ਤਾਕੀਆਂ ਵਾਲੇ ਲਾਂਘੇ ਵਿਚ ਖੜ੍ਹੇ ਸਨ।

ਅਗਲੇ ਸਟੇਸ਼ਨਾਂ 'ਤੇ ਇੱਕਾ-ਦੁੱਕਾ ਸਵਾਰੀ ਚੜ੍ਹ ਉਤਰ ਰਹੀ ਸੀ, ਪਰ ਉਹ ਤਿੰਨੋ ਉਸੇ ਤਰਾਂ ਖੜ੍ਹ ਸਫ਼ਰ ਕਰ ਰਹੇ ਸਨ। ਮੇਰੀ ਸੀਟ ਉਸ ਲਾਂਘੇ ਦੇ ਨਾਲ ਵਾਲੀ ਸੀ, ਇਸ ਲਈ ਰਹਿ ਰਹਿ ਕੇ ਮੇਰੀ ਨਜ਼ਰ ਉਨ੍ਹਾਂ ਵੱਲ ਚਲੀ ਜਾਂਦੀ, ਖ਼ਾਸ ਕਰ ਉਸ ਬੱਚੇ ਵੱਲ। ਫ਼ੌਰਮਲ ਪੈਂਟ-ਸ਼ਰਟ ਅਤੇ ਲੈਦਰ ਦੇ ਬੂਟ ਪਹਿਨੀ ਦੋਨੋਂ ਨੌਜਵਾਨ ਆਪਣੀਆਂ ਗੱਲਾਂ 'ਚ ਮਸਤ ਸਨ ਪਰ ਬੱਚਾ ਇਕ ਨੁੱਕਰੇ ਸਹਿਮਿਆ ਖੜ੍ਹਾ ਸੀ। ਉਸਦੇ ਪਹਿਰਾਵੇ ਤੋਂ ਉਸ ਦੇ ਕਿਸੇ ਪੈਸੇ ਵੱਲੋਂ ਸੌਖੇ ਪਰਿਵਾਰ ਤੋਂ ਹੋਣ ਦਾ ਅੰਦਾਜ਼ਾ ਲੱਗ ਰਿਹਾ ਸੀ। ਮੈਨੂੰ ਉਸਦਾ ਇਸ ਤਰਾਂ ਪ੍ਰੇਸ਼ਾਨ ਖੜ੍ਹੇ ਹੋਣਾ ਚੁਭ ਰਿਹਾ ਸੀ ਅਤੇ ਮੈਂ ਉਸਨੂੰ ਆਪਣੀ ਸੀਟ 'ਤੇ ਬਿਠਾਅ ਕੇ ਗੱਲ ਕਰਨਾ ਚਾਹੁੰਦਾ ਸੀ- ਪਰ ਉਹ ਮੇਰੇ ਜਾਂ ਕਿਸੇ ਹੋਰ ਨਾਲ ਅੱਖ ਨਹੀਂ ਮਿਲਾਅ ਰਿਹਾ ਸੀ।

ਹੁਣ ਗੱਡੀ ਮੌੜ ਸਟੇਸ਼ਨ ਤੋਂ ਚੱਲ ਚੁੱਕੀ ਸੀ। ਅੱਧੇ ਤੋਂ ਵੱਧ ਸਫ਼ਰ ਮੁੱਕ ਚੁੱਕਾ ਸੀ। ਡੱਬੇ ਦੇ ਦੂਸਰੇ ਪਾਸਿਓਂ ਟੀਟੀਈ ਆ ਗਿਆ ਅਤੇ ਸਭ ਦੀਆਂ ਟਿਕਟਾਂ ਚੈੱਕ ਕਰਨ ਲੱਗਾ। ਮੇਰੇ ਤੋਂ ਬਾਅਦ ਉਹ ਲਾਂਘੇ ਵਾਲੀਆਂ ਸਵਾਰੀਆਂ ਵੱਲ ਵਧ ਗਿਆ। ਉਸ ਨੇ ਦੋਨਾਂ ਨੌਜਵਾਨਾਂ ਨੂੰ ਟਿਕਟ ਵਿਖਾਉਣ ਲਈ ਕਿਹਾ। ਉਹਨਾਂ ਕੋਲ ਟਿਕਟ ਨਹੀਂ ਸੀ। ਟੀਟੀਈ ਨੇ ਪੁੱਛਿਆ, "ਕਿੱਥੋਂ ਚੜ੍ਹੇ ਹੋ?" ਉਹਨਾਂ 'ਚੋਂ ਇੱਕ ਨੇ ਉੱਤਰ ਦਿੱਤਾ, "ਮੌੜ ਤੋਂ।" ਉਸ ਦਾ ਜਵਾਬ ਹੈਰਾਨ ਕਰਨ ਵਾਲਾ ਸੀ ਕਿਉਂਕਿ ਉਹ ਬਠਿੰਡੇ ਤੋਂ ਆ ਰਹੇ ਸਨ- ਪਰ ਸ਼ਾਇਦ ਜ਼ਿਆਦਾ ਜੁਰਮਾਨੇ ਤੋਂ ਬਚਣ ਲਈ ਨੇੜੇ ਵਾਲੇ ਸਟੇਸ਼ਨ ਦਾ ਨਾਂਅ ਲਿਆ ਸੀ। ਟੀਟੀਈ ਨੇ ਦਸ ਗੁਣਾਂ ਜੁਰਮਾਨੇ ਸਮੇਤ ਉਨ੍ਹਾਂ ਦੋਹਾਂ ਨੂੰ ਸੌ ਸੌ ਰੁਪਏ ਦੇਣ ਲਈ ਕਿਹਾ। ਉਨ੍ਹਾਂ 'ਚੋਂ ਇੱਕ ਨੇ ਪੈਂਟ ਦੀ ਜੇਬ 'ਚੋਂ ਰੁਪਏ ਕੱਢੇ ਅਤੇ ਪੰਜ-ਪੰਜ ਸੌ ਦੇ ਕਾਫ਼ੀ ਸਾਰੇ ਨੋਟਾਂ ਵਿੱਚੋਂ ਸੌ-ਸੌ ਦੇ ਦੋ ਨੋਟ ਕੱਢ, ਬਿਨਾਂ ਕਿਸੇ ਝਿਜਕ ਅਤੇ ਸ਼ਰਮਿੰਦਗੀ ਦੇ, ਟੀਟੀਈ ਨੂੰ ਦੇ ਦਿਤੇ। ਟੀਟੀਈ ਨੇ ਰਸੀਦ ਕੱਟ ਉਹਨਾਂ ਦੇ ਹੱਥ ਫੜਾਅ ਦਿਤੀ ਅਤੇ ਉਸ ਬੱਚੇ ਨੂੰ ਮੁਖ਼ਾਤਬ ਹੁੰਦਿਆਂ ਬੋਲਿਆ, "ਬੇਟਾ, ਟਿਕਟ ਵਿਖਾਓ।" ਪਹਿਲਾਂ ਹੀ ਸਹਿਮੇ ਖੜ੍ਹੇ ਅਤੇ ਟੀਟੀਈ ਨੂੰ ਵੇਖ ਹੋਰ ਜ਼ਿਆਦਾ ਪਰੇਸ਼ਾਨ ਲੱਗ ਰਹੇ ਉਸ ਬੱਚੇ ਨੇ ਫਰਕਦੇ ਬੁੱਲ੍ਹਾਂ ਨਾਲ ਨਾਂਹ ਵਿਚ ਸਿਰ ਹਿਲਾਅ ਦਿੱਤਾ। ਟੀਟੀਈ ਨੇ ਉਸ ਨੂੰ ਵੀ ਉਹੀ ਸਵਾਲ ਕੀਤਾ, "ਕਿਥੋਂ ਚੜ੍ਹੇ ਹੋ?" ਉਸ ਨੇ ਰੋਣੀ ਹਾਲਤ ਵਿੱਚ ਮੱਧਮ ਜਿਹਾ ਉਤਰ ਦਿੱਤਾ, "ਜੀ, ਬਠਿੰਡੇ ਤੋਂ।" ਅੱਗੋਂ ਟੀਟੀਈ ਬੋਲਿਆ, "ਜੁਰਮਾਨਾ ਲੱਗੇਗਾ....ਦੋ ਸੌ ਰੁਪਏ ਕੱਢੋ।" ਏਨਾ ਸੁਣਦਿਆਂ ਕੁਝ ਹੰਝੂ ਉਸਦੀਆਂ ਗੋਰੀਆਂ ਗੱਲ੍ਹਾਂ ਤੋਂ ਟਪਕ ਗਏ। ਉਸ ਨੇ ਤਰਲੇ ਜਿਹੇ ਨਾਲ ਕਿਹਾ, "ਜੀ ਮੇਰੇ ਕੋਲ ਪੈਸੇ ਨਹੀਂ ਹਨ।"

ਟੀਟੀਈ ਅਤੇ ਉਸ ਵਿਚਾਲੇ ਹੋਈ ਗੱਲਬਾਤ ਦੌਰਾਨ ਅਚਾਨਕ ਕੁਝ ਸਾਲ ਪਹਿਲਾਂ ਪੜ੍ਹੇ ਇਕ ਨਾਵਲ ਦੇ ਪਾਤਰ 'ਕੇਸ਼ਵ ਪੰਡਤ' ਵਾਲੀ ਅਜਿਹੀ ਹੀ ਇਕ ਘਟਨਾ ਮੇਰੇ ਮਨ ਮਸਤਕ ਵਿੱਚ ਜਾਗ ਪਈ। ਫ਼ਰਕ ਇਹ ਸੀ ਕਿ ਇਹ ਬੱਚਾ ਡਰਿਆ-ਸਹਿਮਿਆ ਮੁਸ਼ਕਲ ਨਾਲ ਜਵਾਬ ਦੇ ਰਿਹਾ ਸੀ ਪਰ ਉਸ ਨਾਵਲ ਵਿਚਲੇ ਪਾਤਰ, 'ਕੇਸ਼ਵ ਪੰਡਤ', ਨੇ ਸਿਸਟਮ ਨੂੰ ਸਵਾਲ ਕਰਦਿਆਂ ਕਿਹਾ ਸੀ- "ਜਿਸ ਇਨਸਾਨ ਨੇ ਜੇਬ 'ਚ ਰੁਪਏ ਹੁੰਦਿਆਂ, ਜਾਣ ਬੁੱਝ ਕੇ ਟਿਕਟ ਨਹੀਂ ਲਈ, ਉਹ ਤਾਂ ਕੁਝ ਜੁਰਮਾਨਾ ਭਰ ਕੇ ਬਚ ਗਿਆ -ਪਰ ਗਰੀਬੀ ਅਤੇ ਖਾਲੀ ਜੇਬ ਕਾਰਨ ਮੈਂ ਚਾਹੁੰਦਿਆਂ ਵੀ ਟਿਕਟ ਨਹੀਂ ਲੈ ਸਕਿਆ ਅਤੇ ਤੁਸੀਂ ਮੈਨੂੰ ਜੇਲ੍ਹ ਭੇਜ ਰਹੇ ਹੋ? ਸਜ਼ਾ ਤਾਂ ਉਸ ਨੂੰ ਹੋਣੀ ਚਾਹੀਦੀ ਹੈ ਜਿਸ ਨੇ ਰੁਪਏ ਹੁੰਦਿਆਂ ਟਿਕਟ ਨਹੀਂ ਕਟਾਈ!"

ਨਾਵਲ ਵਾਲੀ ਉਸ ਘਟਨਾ ਤੋਂ ਪ੍ਰੇਰਿਤ ਹੋ, ਮੈਂ ਸੀਟ ਤੋਂ ਉੱਠ ਟੀਟੀਈ ਕੋਲ ਚਲਾ ਗਿਆ। ਸੋਚਿਆ, ਪਹਿਲਾਂ ਹਲੀਮੀ ਨਾਲ ਗੱਲ ਕਰ ਕੇ ਵੇਖਦਾ ਹਾਂ- ਅਗਰ ਨਾ ਗੱਲ ਬਣੀ ਤਾਂ ਕੇਸ਼ਵ ਪੰਡਤ ਵਾਲਾ ਡਾਇਲਾਗ ਬੋਲਾਂਗਾ। ਮੈਂ ਕਿਹਾ, "ਸਰ, ਇਹ ਬੱਚਾ ਕਿਸੇ ਮੁਸੀਬਤ ਵਿੱਚ ਲੱਗ ਰਿਹਾ ਹੈ ਅਤੇ ਸਾਨੂੰ ਇਸ ਦੀ ਮਦਦ ਕਰਨੀ ਚਾਹੀਦੀ ਹੈ...ਰਹੀ ਗੱਲ ਜੁਰਮਾਨੇ ਦੀ, ਉਹ ਤੁਸੀਂ ਮੈਥੋਂ ਲੈ ਲਵੋ।"

ਮੇਰੀ ਆਸ ਮੁਤਾਬਕ ਟੀਟੀਈ ਭਲਾ ਪੁਰਸ਼ ਨਿੱਕਲਿਆ। ਉਸ ਮੇਰੀ ਗੱਲ ਨਾਲ ਸਹਿਮਤੀ ਜਤਾਉਂਦਿਆਂ ਮੈਥੋਂ ਰੁਪਏ ਲੈਣ ਤੋਂ ਇਨਕਾਰ ਕਰਦਿਆਂ ਕਿਹਾ, "ਮੈਂ ਇਸ ਨੂੰ ਜੇਲ੍ਹ ਥੋੜ੍ਹਾ ਭੇਜ ਰਿਹਾ ਸੀ, ਇਹ ਤਾਂ ਇਸਨੂੰ ਡਰਾਉਣ ਲਈ ਕਿਹਾ ਸੀ ਤਾਂ ਕਿ ਅੱਗੇ ਤੋਂ ਅਜਿਹੀ ਗਲਤੀ ਨਾ ਕਰੇ।"

ਅਸੀਂ ਪਹਿਲਾਂ ਉਸ ਨੂੰ ਪਾਣੀ ਪਿਆਇਆ ਅਤੇ ਫਿਰ ਉਸ ਨੂੰ ਭਰੋਸੇ ਵਿੱਚ ਲੈ ਕੇ ਸੱਚ ਦੱਸਣ ਲਈ ਕਿਹਾ। ਸਾਡੇ ਹਮਦਰਦੀ ਭਰੇ ਵਤੀਰੇ ਦਾ ਬੱਚੇ 'ਤੇ ਵਧੀਆ ਅਸਰ ਹੋਇਆ ਅਤੇ ਉਸ ਨੇ ਬਿਨਾਂ ਸੰਕੋਚ ਦੇ ਸਾਨੂੰ ਦੱਸਿਆ ਕਿ ਉਹ ਬਠਿੰਡੇ ਦਾ ਰਹਿਣ ਵਾਲਾ ਹੈ, ਉਸ ਦੇ ਪਿਤਾ ਜੀ ਬੈਂਕ ਮੈਨੇਜਰ ਹਨ, ਕਿ ਉਹ ਆਪਣੇ ਪਾਪਾ ਨੂੰ ਕਾਰ ਸਿਖਾਉਣ ਲਈ ਕਹਿੰਦਾ ਰਹਿੰਦਾ ਸੀ ਪਰ ਉਹ ਛੋਟੀ ਉਮਰ ਕਾਰਨ ਕੁਝ ਸਾਲ ਰੁਕਣ ਲਈ ਕਹਿ ਦਿੰਦੇ।! "ਅੱਜ ਪਾਪਾ ਘਰ ਨਹੀਂ ਸਨ ਅਤੇ ਮੰਮੀ ਅੰਦਰ ਕੰਮ ਕਰ ਰਹੇ ਸਨ। ਮੈਂ ਚੋਰੀਓਂ ਕਾਰ ਦੀ ਚਾਬੀ ਲੈ ਕਾਰ ਸਟਾਰਟ ਕਰ ਲਈ ਅਤੇ ਚਲਾਈ ਤਾਂ ਉਹ ਅੱਗੇ ਕੰਧ ਨਾਲ ਜਾ ਵੱਜੀ .. ਇਸ ਲਈ ਮੈਂ ਪਾਪਾ ਤੋਂ ਡਰਦਾ ਘਰੋਂ ਭੱਜ ਆਇਆ ਹਾਂ- ਕਿ ਜੀਂਦ ਆਪਣੀ ਭੂਆ ਜੀ ਕੋਲ ਚਲਾ ਜਾਂਵਾਗਾ।"

ਅਸੀਂ ਛੋਟੀ ਉਮਰ ਵਿੱਚ ਵਾਹਨ ਚਲਾਉਣ ਦੇ ਨੁਕਸਾਨ ਦੱਸਦਿਆਂ ਅਤੇ ਪਿੱਛੇ ਮਾਤਾ-ਪਿਤਾ ਅਤੇ ਹੋਰ ਘਰਦਿਆਂ ਦੀ ਪਰੇਸ਼ਾਨੀ ਦਾ ਵਾਸਤਾ ਦਿੰਦਿਆਂ ਉਸ ਦੀ ਕਾਉਂਸਲਿੰਗ ਕੀਤੀ। ਉਸ ਨੇ ਆਪਣੀ ਗਲਤੀ ਮੰਨਦਿਆਂ, ਅੱਗੇ ਤੋਂ ਅਜਿਹੀ ਗਲਤੀ ਵੱਲੋਂ ਤੌਬਾ ਕੀਤੀ। ਅਸੀਂ ਉਸ ਤੋਂ ਉਸਦੇ ਪਾਪਾ ਦਾ ਨੰਬਰ ਲੈ ਕੇ ਉਨ੍ਹਾਂ ਨਾਲ ਗੱਲ ਕੀਤੀ ਅਤੇ ਪੂਰੀ ਗੱਲ ਦੱਸੀ।

ਉਨ੍ਹਾਂ ਸਾਡਾ ਧੰਨਵਾਦ ਕੀਤਾ ਅਤੇ ਬੱਚੇ ਨੂੰ ਕੁਝ ਨਾ ਕਹਿਣ ਦਾ ਵਾਅਦਾ ਕੀਤਾ- ਕਿਹਾ ਕਿ ਘੰਟੇ ਵਿਚ ਮਾਨਸਾ ਸਟੇਸ਼ਨ ਤੋਂ ਬੱਚੇ ਨੂੰ ਲੈ ਜਾਣਗੇ।

ਮਾਨਸਾ ਸਟੇਸ਼ਨ ਆਉਣ 'ਤੇ ਟੀਟੀਈ ਨੇ ਰੇਲਵੇ ਪੁਲਸ ਚੌਂਕੀ ਵਾਲਿਆਂ ਨੂੰ ਬੁਲਾਅ ਕੇ ਸਾਰੀ ਗੱਲ ਦੱਸੀ, ਬੱਚਾ ਉਹਨਾਂ ਦੇ ਸਪੁਰਦ ਕਰ ਦਿੱਤਾ।

ਭਾਵੇਂ ਮੇਰੀ ਜਿੰਮੇਵਾਰੀ ਹੁਣ ਖਤਮ ਹੋ ਚੁੱਕੀ ਸੀ, ਮੈਂ ਬੱਚੇ ਦੇ ਪਿਤਾ ਦੇ ਆਉਣ ਤੱਕ ਉਥੇ ਹੀ ਰੁਕਿਆ ਰਿਹਾ।

ਥੋੜ੍ਹੀ ਦੇਰ ਬਾਅਦ ਉਹ ਆ ਗਏ। ਉਨ੍ਹਾਂ ਆਪਣੀ ਕਾਰ 'ਚੋਂ ਮਠਿਆਈ ਦੇ ਦੋ ਡੱਬੇ ਕੱਢ ਕੇ ਪੁਲਸ ਵਾਲਿਆਂ ਨੂੰ ਦਿੱਤੇ ਅਤੇ ਉਹਨਾਂ ਦਾ ਧੰਨਵਾਦ ਕੀਤਾ। ਬੱਚੇ ਨੂੰ ਗਲ਼ ਨਾਲ ਲਾ ਲਿਆ। ਬੱਚੇ ਨੇ ਮੇਰੇ ਵੱਲ ਇਸ਼ਾਰਾ ਕਰ ਆਪਣੇ ਪਾਪਾ ਨੂੰ ਕਿਹਾ, "ਮੇਰੀ ਸਾਰਿਆਂ ਤੋਂ ਵੱਡੀ ਮਦਦ ਇਨ੍ਹਾਂ ਨੇ ਕੀਤੀ ਹੈ, ਇਸ ਲਈ ਇਹਨਾਂ ਨੂੰ ਵੀ ਮਠਿਆਈ ਦੇਵੋ।"

ਬੱਚੇ, ਉਸਦੇ ਪਾਪਾ ਅਤੇ ਮੇਰੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਸਨ।

ਜਦੋਂ ਵੀ ਉਹ ਘਟਨਾ ਚੇਤੇ ਆਉਂਦੀ ਹੈ ਤਾਂ ਮਨ ਨੂੰ ਇਕ ਵੱਖਰੀ ਖੁਸ਼ੀ ਦਾ ਅਹਿਸਾਸ ਹੁੰਦਾ ਹੈ।

ਰਾਵਿੰਦਰ ਫਫੜੇ
9815680980

"ਪਿਆਰ ਕੀ ਹੁੰਦਾ ਹੈ?"(What is Love?)

ਸੰਸਾਰ ਪ੍ਰਸਿੱਧ ਕਿਤਾਬ, ਜਨਤਕ ਲਾਇਬ੍ਰੇਰੀ ਵਿਚ ਮਿਲਦੀ

"What Is Love"? MAC BARNETT, Art- CARSON ELLIS

(ਇੱਕ ਨਿੱਕੇ ਜਿਹੇ ਮੁੰਡੇ ਨੇ ਬੜੀ ਵਾਰੀ ਆਖੀ ਜਾਂਦੀ ਇਹ ਗੱਲ ਸੁਣੀ ਹੋਈ ਸੀ ਕਿ "ਸਭ ਨੂੰ ਪਿਆਰ ਕਰੋ, ਸਭ ਨੂੰ ਪਿਆਰ ਕਰੋ!"

ਹੁਣ ਉਸਦੇ ਦਿਮਾਗ਼ ਵਿਚ ਅਚਾਨਕ ਇਹ ਸੁਆਲ ਆ ਗਿਆ ਕਿ ਪਤਾ ਤਾਂ ਕਰਾਂ ਕਿ ਪਿਆਰ ਕੀ ਹੁੰਦਾ ਹੈ?

ਆਓ, ਅੱਗੇ ਕੀ ਹੋਇਆ, ਅਸੀਂ ਉਸ ਮੁੰਡੇ ਕੋਲੋਂ ਹੀ ਸੁਣੀਏ! -ਸੰ.)

ਯੂਟਿਊਬ ਉੱਤੇ ਅੰਗ੍ਰੇਜ਼ੀ ਵਿਚ ਇਹ ਮਸ਼ਹੂਰ ਕਿਤਾਬ ਸੁਣੀ ਜਾ ਸਕਦੀ ਹੈ! https://youtu.be/fZA1KIWYPtA?si=9MZq2TS3-e2UE4qC

ਜਦੋਂ ਮੈਂ ਨਿੱਕਾ ਜਿਹਾ ਮੁੰਡਾ ਹੁੰਦਾ ਸੀ, ਸਾਡੇ ਘਰ ਦੇ ਬਾਹਰ ਬਗੀਚੀ ਵਿਚ, ਮੈਂ ਆਪਣੀ ਦਾਦੀ ਨੂੰ ਪੁੱਛਿਆ, "ਦਾਦੀ, ਪਿਆਰ ਕੀ ਹੁੰਦਾ ਹੈ?" "ਦਾਦੀ ਬਹੁਤ ਪੁਰਾਣੀ ਹੈ," ਉਦੋਂ ਮੈਂ ਸੋਚਿਆ ਸੀ, "ਉਸ ਨੂੰ ਤਾਂ ਪਤਾ ਹੀ ਹੋਏਗਾ।"

ਦਾਦੀ ਨੇ ਮੈਨੂੰ ਬਾਹਾਂ ਵਿਚ ਚੁੱਕ ਲਿਆ ਤੇ ਕਹਿੰਦੀ, "ਮੈਨੂੰ ਇਸਦਾ ਜਵਾਬ ਨਹੀਂ ਪਤਾ।" "ਫੇਰ ਕਿਸ ਨੂੰ ਪਤਾ ਹੈ?" ਮੈਂ ਪੁੱਛਿਆ। "ਜੇ ਤੂੰ ਬਾਹਰ ਦੁਨੀਆ ਵਿਚ ਨਿਕਲੇਂਗਾ ਨਾ,

ਸ਼ਾਇਦ ਤੈਨੂੰ ਪਤਾ ਲੱਗ ਜਾਏ!"

ਤਾਂ ਮੈਂ ਬਾਹਰ ਨਿੱਕਲ ਗਿਆ।

ਬਾਹਰ ਤਾਂ ਬਹੁਤ ਸਾਰੇ ਲੋਕ ਅਤੇ ਚੀਜ਼ਾਂ ਸਨ!

ਮੈਨੂੰ ਇੱਕ ਮੱਛੀਆਂ ਫੜਨ ਵਾਲਾ, ਮਛੇਰਾ, ਦਿਸਿਆ। ਮੈਂ ਉਸ ਨੂੰ ਪੁੱਛਿਆ, "ਪਿਆਰ ਕੀ ਹੁੰਦਾ ਹੈ?" ਮਛੇਰੇ ਨੇ ਮੁਸਕ੍ਰਾਅ ਕੇ ਕਿਹਾ- "ਪਿਆਰ ਹੁੰਦਾ ਹੈ ਮੱਛੀ!" "ਮੱਛੀ?" ਮੈਂ ਕਿਹਾ।

"ਉਹ ਦੂਰੋਂ ਦਿਸਦੀ ਹੈ -ਲਿਸ਼ਕਾਂ ਮਾਰਦੀ- ਇਸ ਨੂੰ ਫੜ ਲੈਂਦੇ ਹਾਂ ਤਾਂ ਬਹੁਤ ਚੰਗਾ ਲੱਗਦਾ ਹੈ। ਫਿਰ ਕਦੇ ਕਦੇ ਪਾਣੀ ਵਿਚ ਵਾਪਸ ਛੱਡ ਦਿੰਦੇ ਹਾਂ!"

"ਮੈਨੂੰ ਤਾਂ ਨਹੀਂ ਚੰਗੀ ਲੱਗਦੀ ਮੱਛੀ! ਲਿਜ਼ਲਿਜ਼ੀ ਜਿਹੀ।"

ਅਤੇ ਮੁੰਡਾ ਓਥੋਂ ਟੁਰ ਗਿਆ।

ਮਛੇਰੇ ਨੇ ਪਿੱਛੋਂ ਵਾਜ ਮਾਰ ਕੇ ਕਿਹਾ, "ਤੂੰ ਨਹੀਂ ਸਮਝਦਾ!"

ਫਿਰ ਇੱਕ ਵਾਰ ਉਸ ਨੂੰ ਇੱਕ ਬਿੱਲੀ ਮਿਲੀ। ਉਸ ਨੇ ਬਿੱਲੀ ਨੂੰ

ਪੁੱਛਿਆ, "ਪਿਆਰ ਕੀ ਹੁੰਦਾ ਹੈ?ਬਿੱਲੀ ਨੇ ਝੱਟ ਕਿਹਾ, "ਰਾਤ!"

"ਰਾਤ? ਰਾਤ ਵਿਚਕੀ ਚੰਗਾ ਹੁੰਦਾ

ਹੈ? ਓਦੋਂ ਤਾਂ ਬੱਸ ਸੌਂ ਜਾਈਦਾ ਹੈ...”

ਬਿੱਲੀ ਹੱਸ ਪਈ।

“ਤੈਨੂੰ ਕੀ ਪਤਾ? ਤੂੰ ਨਹੀਂ ਸਮਝੇਂਗਾ।”

ਥੋੜ੍ਹਾ ਅੱਗੇ ਗਿਆ ਤਾਂ ਉਸਨੂੰ ਇੱਕ ਕੁੱਤਾ ਮਿਲਿਆ। ਉਸ ਨੇ ਕੁੱਤੇ ਨੂੰ ਵੀ ਪੁੱਛਿਆ– “ਪਿਆਰ ਕਿਸਨੂੰ ਕਹਿੰਦੇ ਹਨ?”

ਕੁੱਤੇ ਨੇ ਬੜੀ ਹੈਰਾਨੀ ਨਾਲ ਉਸ ਵੱਲ ਵੇਖ ਕੇ ਕਿਹਾ– “ਲੈ, ਭੱਜ ਭੱਜ ਕੇ ਫੜਨ ਵਿਚ!”

“ਹੈਂ! ਇਸ ਵਿਚ ਕੀ ਚੰਗਾ ਹੈ?”



“ਲੈ ਇਸ ਨਾਲੋਂ ਚੰਗਾ ਕੀ ਹੁੰਦਾ ਹੈ? ਬਿੱਲੀ ਨੂੰ ਡਰਾ ਕੇ ਭਜਾਉਂਦਾ ਹਾਂ ਤਾਂ ਬੜਾ ਚੰਗਾ ਲੱਗਦਾ ਹੈ।”

“ਮੈਨੂੰ ਤਾਂ ਇਹ ਐਵੇਂ ਥੱਕਣਾ ਲੱਗਦਾ ਹੈ...

“ਹਾ! ਹਾਂ! ਹਾ! ਤੈਨੂੰ ਕੀ ਪਤਾ ਹੈ ਫੇਰ? ਕੁਝ ਵੀ ਨਹੀਂ!”

ਮੁੰਡਾ ਮੂੰਹ ਜਿਹਾ ਵੱਟ ਕੇ ਅੱਗੇ ਤੁਰ ਪਿਆ।

ਅੱਗੇ ਉਸ ਨੂੰ ਇੱਕ ਘਰ ਬਨਾਉਣ ਵਾਲਾ ਇੱਕ ਤਰਖਾਣ ਆਪਣਾ ਕੰਮ ਕਰਦਾ ਮਿਲਿਆ। ਉਸ ਨੇ ਉਸਨੂੰ ਵੀ ਪੁੱਛਿਆ– “ਪਿਆਰ ਕਿਸ ਨੂੰ ਕਹਿੰਦੇ ਹਨ?”

“ਹੋ! ਹੋ! ਹੋ! ਤੈਨੂੰ ਇਹ ਸੁਆਲ ਕਿੱਥੋਂ ਸੁੱਝਿਆ ਹੈ ਬਈ? ਪਿਆਰ ਹੁੰਦਾ ਹੈ ਹੁਨਰ, ਕਿਸੇ ਕੰਮ ਵਿਚ ਬਹੁਤ ਚੰਗੇ ਹੋਣਾ। ਜਦੋਂ ਘਰ ਬਣਾਅ ਲੈਂਦਾ ਹਾਂ ਤਾਂ ਮੈਨੂੰ ਬੜੀ ਖ਼ੁਸ਼ੀ

ਮਿਲਦੀ ਹੈ– ਕਿ ਲਓ, ਇੱਕ ਘਰ ਹੋਰ ਬਣ ਗਿਆ, ਇਹ ਵੀ ਕਿਸੇ ਨੂੰ ਮੀਂਹ, ਠੰਢ, ਗਰਮੀ ਅਤੇ ਧੁੱਪ ਤੋਂ ਬਚਾਏਗਾ।”

“ਕੀ ਕਹਿ ਰਹੇ ਹੋ? ਘਰ ਬਨਾਉਣ ਨੂੰ ਪਿਆਰ ਕਰਦੇ ਹੋ? ਕਿੰਨਾ ਬੋਰ ਹੋਣ ਵਾਲਾ ਕੰਮ ਹੈ। ਕਦੇ ਕਦੇ ਹੱਥਾਂ ਉੱਤੇ ਸੱਟਾਂ ਵੀ ਲੱਗ ਜਾਂਦੀਆਂ ਹੋਣਗੀਆਂ..।

“ਹਾਂ, ਲੱਗ ਜਾਂਦੀਆਂ ਹਨ। ਪਰ ਸਾਡਾ ਪਿਆਰ ਨਹੀਂ ਖਤਮ ਹੁੰਦਾ।”

“ਊਂ ਹੂੰ– ਮੈਨੂੰ ਨਹੀਂ ਪਸੰਦ ਇਹ ਕੰਮ! ਮੇਰੇ ਹੱਥਾਂ ਉੱਤੇ ਤਾਂ ਫੇਰ ਪੱਟੀਆਂ ਹੀ ਬੱਝੀਆਂ ਰਹਿਣਗੀਆਂ!”

ਤਰਖਾਣ ਨੇ ਹੱਸ ਕੇ ਕਿਹਾ– “ਤੂੰ ਨਹੀਂ ਸਮਝਦਾ!”

ਫੇਰ ਮੁੰਡੇ ਨੂੰ ਮਿਲਿਆ ਇੱਕ ਕਿਸਾਨ, ਇੱਕ ਘੋੜਸਵਾਰ ਸਿਪਾਹੀ, ਇੱਕ ਤਲਵਾਰਬਾਜ਼, ਅਤੇ –ਇੱਕ ਖੋਤਾ ਵੀ।

ਉਸ ਨੇ ਸਭ ਨੂੰ ਪੁੱਛਿਆ, “ਪਿਆਰ ਕੀ ਹੁੰਦਾ ਹੈ?”

ਕਿਸਾਨ ਕਹਿੰਦਾ – “ਪਿਆਰ ਹੁੰਦਾ ਹੈ –ਬੀਜ!”

ਘੋੜਸਵਾਰ ਸਿਪਾਹੀ ਨੇ ਕਿਹਾ, “ਸ਼ਾਨ!”



ਤਲਵਾਰਬਾਜ਼ ਨੇ ਕਿਹਾ, “ਜਿੱਤਣਾ!”

ਖੋਤਾ ਕਹਿੰਦਾ, “ਇਸ ਵਿਚ ਕੀ

ਸ਼ੱਕ ਹੈ– ਪਿਆਰ ਦਾ ਮਤਲਬ –ਅਰਾਮ!”

ਮੰਡੇ ਦੀ ਤਸੱਲੀ ਨਾ ਹੋਈ! ਉਹ ਸਾਰੇ ਕਹਿੰਦੇ –”ਤੂੰ ਨਹੀਂ ਸਮਝੇਂਗਾ!”

ਫੇਰ ਉਸ ਨੂੰ ਇੱਕ ਐਕਟਰ ਮਿਲ



ਗਿਆ। ਉਸ ਨੇ ਐਕਟਰ ਨੂੰ ਪੁੱਛਿਆ, “ਪਿਆਰ ਕੀ ਹੁੰਦਾ ਹੈ?”

ਐਕਟਰ ਨੇ ਬੜੀ ਅਦਾ ਨਾਲ ਕਿਹਾ– “ਤਾੜੀਆਂ!”

“ਹੈਂ! ਇਹ ਕਿਵੇਂ!”

“ਜਦੋਂ ਮੈਂ ਨਾਟਕ ਕਰਦਾ ਹਾਂ ਤਾਂ ਮੇਰੇ ਲਈ ਤਾੜੀਆਂ ਵੱਜਦੀਆਂ ਹਨ। ਕਈ ਤਾਂ ਮੇਰੇ ਉੱਤੇ ਫੁੱਲ ਵੀ ਸੁੱਟਦੇ ਹਨ! ਓਦੋਂ ਫੇਰ ਲੱਗਦਾ ਹੈ ਕਿ ਤੁਸੀਂ ਸਚਮੁਚ ਕਿਸੇ ਨੂੰ ਦਿਖੇ ਹੋ!”

ਮੁੰਡਾ ਉਸ ਦੇ ਮੂੰਹ ਵੱਲ ਵੇਖਦਾ ਹੀ ਰਹਿ ਗਿਆ...“ਤੂੰ ਕੁਝ ਨਹੀਂ ਸਮਝਦਾ ਨਾ?” ਐਕਟਰ ਨੇ ਕਿਹਾ।

ਅੱਗੇ ਕਈ ਲੋਕ ਮਿਲਦੇ ਰਹੇ– ਕਿਸੇ ਨੇ ਕਿਹਾ– “ਚਾਨਣੀ ਰਾਤ।”

ਤਾਂ ਕਿਸੇ ਨੇ ਕਿਹਾ– “ਪਹਾੜ।”

ਪਰ ਮੁੰਡਾ ਉਨ੍ਹਾਂ ਦੇ ਮੂੰਹ ਵੱਲ ਵੇਖੀ ਗਿਆ। "ਤੂੰ ਕੁਝ ਨਹੀਂ ਸਮਝਦਾ!"

ਫਿਰ ਇੱਕ ਦਿਨ,
ਉਸਨੂੰ ਇੱਕ ਕਵੀ ਮਿਲਿਆ!
ਕਵੀ ਆਪਣੇ ਧਿਆਨ ਬੈਠਾ ਇੱਕ ਬਹੁਤ ਲੰਮੇ ਕਾਗਜ਼ ਉੱਤੇ ਕੁਝ ਲਿਖ

ਰਿਹਾ ਸੀ, ਕੁਝ ਪੜ੍ਹ ਰਿਹਾ ਸੀ।

ਮੁੰਡੇ ਨੇ ਜਾ ਕੇ ਉਸਨੂੰ ਪੁੱਛਿਆ- "ਪਿਆਰ ਕੀ ਹੁੰਦਾ ਹੈ?"

ਕਵੀ ਬਹੁਤ ਖੁਸ਼ ਹੋਇਆ ਅਤੇ ਕਹਿੰਦਾ,

"ਵਾਹ! ਵਾਹ! ਬਹੁਤ ਚੰਗਾ ਸੁਆਲ ਕੀਤਾ ਹੈ ਤੂੰ! ਆ ਤੈਨੂੰ ਸਮਝਾਵਾਂ...ਅਤੇ ਕਵੀ ਕੁਝ ਬੋਲੀ ਗਿਆ, ਬੋਲੀ ਗਿਆ ਪਰ ਮੁੰਡੇ ਨੂੰ ਬਹੁਤੀ ਸਮਝ ਨਹੀਂ ਸੀ ਲੱਗ ਰਹੀ।

ਉਹ ਉਠ ਕੇ ਤੁਰ ਪਿਆ ਤਾਂ ਕਵੀ ਨੇ ਕਿਹਾ, "ਬੈਠ! ਬੈਠ ਤਾਂ ਸਹੀ !

ਅਜੇ ਤਾਂ ਮੈਂ ਦੱਸਿਆ ਹੀ ਨਹੀਂ ਹੈ ਕਿ ਪਿਆਰ ਕੀ ਹੁੰਦਾ ਹੈ... ਪਰ ਮੁੰਡਾ

ਓਥੋਂ ਤੁਰ ਗਿਆ। ਕਵੀ ਦੀ ਅਵਾਜ਼ ਸੁਣੀ ਉਸ ਨੂੰ, "ਤੂੰ ਕੁਛ ਨਹੀਂ ਜਾਣਦਾ!"

ਹੁਣ ਤਾਂ ਮੁੰਡੇ ਨੂੰ ਕਈ ਸਾਲ ਹੀ ਹੋ ਗਏ ਸਨ, ਸਭ ਨੂੰ ਪੁੱਛਦਿਆਂ ਪੁੱਛਦਿਆਂ।

ਉਹ ਮੁੰਡਾ ਹੁਣ ਆਦਮੀ ਬਣ ਚੁੱਕਾ ਸੀ।

ਹੁਣ ਉਹ ਘੁੰਮਦਾ ਘੁੰਮਦਾ, ਪੁੱਛਦਾ ਪੁੱਛਦਾ ਕਾਫ਼ੀ ਥੱਕ ਵੀ ਚੁੱਕਾ ਸੀ।



ਇੱਕ ਦਿਨ ਉਹ ਵਾਪਿਸ ਆਪਣੀ ਦਾਦੀ ਵਾਲੇ ਘਰ ਵੱਲ ਤੁਰ ਪਿਆ। ਘਰ ਓਸੇ ਤਰ੍ਹਾਂ ਦਾ ਹੀ ਲੱਗ ਰਿਹਾ ਸੀ, ਅਤੇ ਬਗੀਚਾ ਵੀ।

ਵੇਖ ਵੇਖ ਕੇ ਉਸ ਨੂੰ ਬਹੁਤ ਚੰਗਾ ਲੱਗ ਰਿਹਾ ਸੀ। ਠੰਢ ਜਿਹੀ ਪੈ ਰਹੀ ਸੀ। ਸ਼ਾਂਤੀ ਜਿਹੀ ਮਿਲ ਰਹੀ ਸੀ।

ਪਰ ਦਾਦੀ ਕਿੱਥੇ ਸੀ? ਉਹ ਕਿਉਂ ਨਹੀਂ ਸੀ ਦਿਖ ਰਹੀ?

ਫਿਰ ਉਸਨੂੰ ਦਾਦੀ ਦਿਸ ਪਈ! ਉਹ ਬਹੁਤ ਬੁੱਢੀ ਹੋ ਗਈ ਸੀ ਹੁਣ! ਹੁਣ ਉਹ ਬਗੀਚੀ ਵਿਚ ਗੋਡੀ ਵੀ ਨਹੀਂ ਕਰ ਸਕਦੀ ਹੋਏਗੀ। ਆਪਣੇ ਬਗੀਚੇ ਨੂੰ ਵੇਖ ਵੇਖ ਕੇ ਹੀ ਖ਼ੁਸ਼ ਹੋ ਲੈਂਦੀ ਹੋਏਗੀ!

ਆਪਣੀ ਦਾਦੀ ਨੂੰ ਵੇਖ ਵੇਖ ਉਸ

ਉੱਤੇ ਬੜਾ ਹੀ ਚੰਗਾ ਜਿਹਾ ਲੱਗ ਰਿਹਾ ਸੀ।

ਉਸ ਨੇ ਭੱਜ ਕੇ ਜਾ ਕੇ ਦਾਦੀ ਨੂੰ ਜੱਫੀ ਪਾ ਲਈ। ਉਸ ਨੂੰ ਘਰ ਆਇਆ ਵੇਖ ਕੇ ਦਾਦੀ ਖ਼ੁਸ਼ ਹੋ ਗਈ! ਉਹ ਹੱਸੀ ਜਾਂਦੀ ਸੀ।

ਫਿਰ ਦਾਦੀ ਨੇ ਪੋਤੇ ਨੂੰ ਪੁੱਛਿਆ,

"ਕੀ ਤੈਨੂੰ ਪਤਾ ਲੱਗਾ ਜੋ ਤੂੰ ਪੁੱਛਦਾ ਸੀ? ਪਤਾ ਲੱਗ ਗਿਆ ਕਿ ਪਿਆਰ ਕੀ ਹੁੰਦਾ ਹੈ?"

"ਹਾਂ! ਪਤਾ ਲੱਗ ਗਿਆ ਹੈ, ਦਾਦੀ!"

ਅਤੇ ਉਸ ਨੇ ਆਪਣੀ ਦਾਦੀ ਨੂੰ ਆਪਣੀਆਂ ਬਾਹਾਂ ਵਿਚ ਚੁੱਕ ਲਿਆ।

ਦਾਦੀ ਹੱਸੀ ਜਾ ਰਹੀ ਸੀ। ਉਹ ਵੀ ਹੱਸੀ ਜਾ ਰਿਹਾ ਸੀ। ਬਗੀਚਾ ਵੀ ਖ਼ੁਸ਼ ਲੱਗ ਰਿਹਾ ਸੀ, ਅਤੇ ਘਰ ਵੀ, ਦਿਨ ਵੀ ਅਤੇ ਸਾਰੇ ਪੰਛੀ, ਰੱਖ ਵੀ।

ਮੁੜ ਸੁਣਾਈ: ਪੂਨਮ ਸਿੰਘ

ਆਨਲਾਈਨ ਪੜ੍ਹ ਸੁਣ ਸਕਦੇ ਹੋ: https://youtu.be/fZA1KIWYPtA?si=ZHH4wEoLTOMFWUvS

ਨਵੀਂ ਕਿਤਾਬ / ਈਸ਼ਦੀਪ ਕੌਰ ਈਸ਼ਾ

ਦੀਵਾ ਤੇ ਲਾਲਟੈਨ

ਬਾਲ–ਕਹਾਣੀ ਬੱਚਿਆਂ ਦੇ ਮਨੋਰੰਜਨ ਲਈ ਲਿਖੀ ਜਾਂਦੀ ਹੈ। ਇਸਦੇ ਮਾਧਿਅਮ ਰਾਹੀਂ ਬੱਚਿਆਂ ਨੂੰ ਸਾਰਥਕ ਸੇਧ ਵੀ ਦਿੱਤੀ ਜਾ ਸਕਦੀ ਹੈ। ਭਾਰਤੀ ਸਾਹਿਤ ਵਿੱਚ ਵਧੇਰੇ ਪ੍ਰਚੱਲਿਤ ਬਾਲ-ਕਹਾਣੀਆਂ **ਪੰਚਤੰਤਰ, ਅਕਬਰ-ਬੀਰਬਲ, ਤੇਨਾਲੀ ਰਾਮ**, ਆਦਿ, ਹਨ, ਜਿਨ੍ਹਾਂ ਰਾਹੀਂ ਚੰਗੇ ਬਾਲ-ਸੰਸਕਾਰ ਪੈਦਾ ਕੀਤੇ ਜਾ ਸਕਦੇ ਹਨ। ਬੱਚਿਆਂ ਵਿੱਚ ਚੰਗੀਆਂ ਕਦਰਾਂ-ਕੀਮਤਾਂ ਅਤੇ ਨੈਤਿਕ ਗੁਣਾਂ ਦਾ ਸੰਚਾਰ ਕਰਨ ਵਿੱਚ ਬਾਲ-ਕਹਾਣੀਆਂ ਦਾ ਵੱਡਾ ਯੋਗਦਾਨ ਹੈ।

ਬਾਲ-ਕਹਾਣੀ ਲਿਖਣਾ ਏਨਾ ਆਸਾਨ ਨਹੀਂ- ਕਿਉਂਕਿ ਇਸ ਵਿੱਚ ਬੱਚਿਆਂ ਦੀ ਪੱਧਰ ਉੱਤੇ ਜਾ ਕੇ ਉਨ੍ਹਾਂ ਦੀ ਉਮਰ, ਸੁਭਾਅ, ਇੱਛਾ, ਸੋਚ, ਲੋੜ, ਆਦਿ, ਦਾ ਧਿਆਨ ਰੱਖਣਾ ਪੈਂਦਾ ਹੈ। ਅੱਜ ਦਾ ਸਮਾਂ ਵਿਗਿਆਨ ਅਤੇ ਤਕਨਾਲੋਜੀ ਦਾ ਹੈ- ਇਸ ਲਈ ਇਸ ਪਹਿਲੂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

ਈਸ਼ਦੀਪ ਕੌਰ ਈਸ਼ਾ ਬਾਲ-ਉਮਰ ਅਤੇ ਕਿਸ਼ੋਰ ਅਵਸਥਾ ਨੂੰ ਪਾਰ ਕਰ, ਇੱਕ ਬੱਚੀ ਦੀ ਮਾਂ ਹੈ। ਪੁਸਤਕ ਦੇ ਮੁੱਢ ਵਿੱਚ ਉਸ ਨੇ ਆਪਣੇ ਬਾਲ-ਮਨ ਉੱਤੇ ਉੱਕਰੀਆਂ ਯਾਦਾਂ ਨਾਲ ਸਾਂਝ ਪੁਆਈ ਹੈ। ਘਰ-ਪਰਿਵਾਰ, ਖ਼ਾਸ ਤੌਰ ’ਤੇ ਆਪਣੇ ਮਾਮਾ ਜੀ (ਸ. ਅੰਮ੍ਰਿਤਪਾਲ ਸਿੰਘ ਸ਼ੈਦਾ) ਦੀਆਂ ਸਾਹਿਤਕ ਰੁਚੀਆਂ ਦਾ ਈਸ਼ਾ ਦੇ ਬਾਲ-ਮਨ ਉੱਤੇ ਪਿਆ ਸਹਿਜ-ਸੁਭਾਵਕ ਪ੍ਰਭਾਵ ਵੀ ਉਹਦੇ ਲੇਖਨ ਵਿੱਚ ਮਦਦਗਾਰ ਸਾਬਤ ਹੋਇਆ ਹੈ।

ਪਹਿਲੀ ਕਹਾਣੀ **ਰੱਬ ਦਾ ਏਸੀ** ਵਿੱਚ ਕੁਦਰਤ ਦੀਆਂ ਨਿਆਮਤਾਂ ਦਾ ਜ਼ਿਕਰ ਹੈ। ਘਰ ਵਿੱਚ ਰਾਤ ਨੂੰ ਅਚਾਨਕ ਬਿਜਲੀ ਚਲੀ ਜਾਣ ’ਤੇ ਜਦੋਂ ਏਸੀ ਬੰਦ ਹੋ ਗਿਆ ਤਾਂ ਬੇਟਾ ਆਪਣੇ ਪਾਪਾ ਨਾਲ ਛੱਤ ਉੱਤੇ ਜਾ ਸੁੱਤਾ, ਜਿੱਥੇ ਉਸ ਨੂੰ ਬਹੁਤ ਗੂੜ੍ਹੀ ਨੀਂਦ ਆਈ। ਪਰੰਪਰਾ ਅਤੇ ਆਧੁਨਿਕਤਾ ਨੂੰ ਬੜੇ ਸਹਿਜ ਨਾਲ ਇਸ ਕਹਾਣੀ ਦਾ ਵਿਸ਼ਾ ਬਣਾਇਆ ਗਿਆ ਹੈ।

ਕੇਲੇ ਦਾ ਛਿਲਕਾ ਰਾਹੀਂ ਆਲੇ-ਦੁਆਲੇ ਦੀ ਸਫ਼ਾਈ ਬਾਰੇ ਜਾਗਰੂਕ ਕਰਨ ਦੀ ਕੋਸ਼ਿਸ਼ ਹੈ। ਆਮ ਨਾਗਰਿਕ ਅਣਗਹਿਲੀ ਨਾਲ ਕਈ ਵਾਰ ਰਾਹ ਵਿੱਚ ਹੀ ਕੂੜਾ-ਕਰਕਟ ਸੁੱਟ ਕੇ ਖ਼ੁਦ ਹੀ ਨਤੀਜਾ ਭੁਗਤਦਾ ਹੈ।

ਪੱਗ ਰਾਹੀਂ ਸਾਡੇ ਵਿਰਸੇ ਅਤੇ ਸੰਸਕਾਰਾਂ ਦਾ ਜ਼ਿਕਰ ਹੈ। ਕਿਸੇ ਬਿਪਤਾ ਵਿੱਚ ਫਸੇ ਲਈ ਵੀ ਇਹ ਸਹਾਈ ਹੋ ਸਕਦੀ ਹੈ- ਸਵਿਮਿੰਗ ਪੂਲ ਵਿੱਚ ਡਿੱਗੇ ਬੱਚੇ ਨੂੰ ਇੱਕ ਹੋਰ ਬੱਚਾ ਆਪਣੀ ਪੱਗ ਖੋਲ੍ਹ ਕੇ ਉਸ ਵੱਲ ਸੁੱਟ ਕੇ ਸੁਰੱਖਿਅਤ ਬਾਹਰ ਕੱਢਣ ਵਿੱਚ ਸਫ਼ਲ ਹੁੰਦਾ ਹੈ!

ਬਰਸਾਤ ਤੇ ਝੌਂਪੜੀ ਵਿੱਚ ਢੇਰੀ ਢਾਹ ਕੇ ਬੈਠਣ ਦੀ ਥਾਂ ਲਗਨ ਅਤੇ ਦ੍ਰਿੜਤਾ ਦਾ ਜਜ਼ਬਾ ਪੇਸ਼ ਹੈ। ਇੱਕ ਗਰੀਬ ਪਰਿਵਾਰ ਦੀ ਝੁੱਗੀ ਬਾਰਿਸ਼ ਦੇ ਮੌਸਮ ਵਿੱਚ ਨਸ਼ਟ ਹੋ ਜਾਂਦੀ ਹੈ। ਘਰ ਦਾ ਮੁਖੀ ਬੱਚਿਆਂ ਦੀ ਘਬਰਾਹਟ ਅਤੇ ਚਿੰਤਾ ਨੂੰ ਦੂਰ ਕਰਦਾ ਹੋਇਆ ਦੁਬਾਰਾ ਝੁੱਗੀ ਦੀ ਮੁਰੰਮਤ ਲਈ ਕਮਰਕੱਸਾ ਕਰਦਾ ਹੈ।

ਪੱਥਰ ਕੌਰ ਕਹਾਣੀ ਵਿਚ ਰੂੜ੍ਹੀਵਾਦੀ ਵਿਚਾਰਾਂ ਦੀ ਨਿਖੇਧੀ ਕੀਤੀ ਗਈ ਹੈ। ਧੀ ਦੇ ਜਨਮ ਨੂੰ ਮਾੜਾ ਸਮਝ ਕੇ ਉਸ ਦਾ ਭੈੜਾ ਜਿਹਾ ਨਾਂ -‘ਪੱਥਰ’ - ਰੱਖਿਆ ਗਿਆ। ਉਸਦੇ ਸਕੂਲ ਦੇ ਸਾਥੀ ਉਸਨੂੰ ਮਖੌਲ ਕਰਦੇ ਹਨ। ਸਕੂਲ ਦੀ ਨਵੀਂ ਅਧਿਆਪਕਾ ਨੇ ਪੱਥਰ ਸ਼ਬਦ ਦੇ ਹੋਰ ਚੰਗੇ ਅਰਥ ਦੱਸ ਉਸਨੂੰ ਅਤੇ ਦੂਜੇ ਜਮਾਤੀਆਂ ਨੂੰ ਜਾਗਰੂਕ ਕੀਤਾ। ਇਹ ਕਹਾਣੀ ਬੇਟੀ ਦੇ ਜਨਮ ਨੂੰ ਪਿਛਾਂਹਖਿਚੂ ਸੋਚ ਤੋਂ ਮੁਕਤ ਕਰਨ ਦਾ ਵਧੀਆ ਉਪਰਾਲਾ ਹੈ।

ਦੀਵਾ ਤੇ ਲਾਲਟੈਨ ਵਿੱਚ ਪੁਰਾਣੀਆਂ ਚੀਜ਼ਾਂ ਦੀ ਨਵੇਂ ਯੁੱਗ ਵਿੱਚ ਹੋ ਰਹੀ ਬੇਕਦਰੀ ਨੂੰ ਦਰਸਾਇਆ ਗਿਆ ਹੈ। ਦੀਵੇ ਅਤੇ ਲਾਲਟੈਨ ਦੀ ਭਾਵੇਂ ਅੱਜ ਦੇ ਸਮੇਂ ਵਿੱਚ ਓਨੀ ਲੋੜ ਨਹੀਂ ਰਹੀ, ਤਾਂ ਵੀ ਕਿਸੇ ਸਮੇਂ ਇਹ ਚੀਜ਼ਾਂ ਹੀ ਰੌਸ਼ਨੀ ਦਾ ਸਰੋਤ ਹੁੰਦੀਆਂ ਸਨ।

ਸਿੰਘ ਅੰਕਲ ਦੀ ਕਾਰ: ਬੱਚਿਆਂ ਦੀ ਨਵੀਂ ਕਾਰ ਨੂੰ ਵੇਖਣ ਦੀ ਉਤਸੁਕਤਾ ਹੈ ਅਤੇ ਕਾਰ-ਮਾਲਕ ਦਾ ਬੱਚਿਆਂ ਵੱਲ ਗੁੱਸੇਖੋਰ ਰਵੱਈਆ ਹੈ। ਬੱਚਿਆਂ ਨੇ ਕਾਰ-ਮਾਲਕ ਨੂੰ ਪਰੇਸ਼ਾਨ ਕਰਨ ਲਈ ਕਾਰ ਦੇ ਪਹੀਆਂ 'ਚੋਂ ਹਵਾ ਕੱਢਣੀ ਸ਼ੁਰੂ ਕਰ ਦਿੱਤੀ! ਕਾਰ-ਮਾਲਕ ਨੇ ਬੱਚਿਆਂ ਦੀ ਮਾਨਸਿਕਤਾ ਨੂੰ ਸਮਝ ਕੇ ਉਨ੍ਹਾਂ ਨੂੰ ਕਾਰ ਵਿੱਚ ਬਿਠਾਅ ਕੇ ਘੁਮਾਇਆ - ਜਿਸ ਤੋਂ ਬਾਅਦ ਉਹ ਕਾਰ-ਮਾਲਕ ਨੂੰ ਪਰੇਸ਼ਾਨ ਕਰਨੋਂ ਹਟ ਗਏ।

ਮਾਂ-ਬੋਲੀ: ਪਿਓ-ਪੁੱਤਰ ਗੱਲ ਬਾਤ ਕਰ ਰਹੇ ਹਨ। ਅੰਗਰੇਜ਼ੀ-ਪੰਜਾਬੀ ਦੇ ਸ਼ਬਦਾਂ ਦੀ ਵਰਤੋਂ ਦੇ ਫ਼ਰਕ ਨਾਲ ਮਾਂ ਬੋਲੀ ਦੇ ਮਹੱਤਵ ਨੂੰ ਦ੍ਰਿੜ ਕਰਵਾਇਆ ਗਿਆ ਹੈ। ਇਸ ਕਹਾਣੀ ਵਿੱਚ ਕਾਫ਼ੀ ਨਾਟਕੀ ਅੰਸ਼ ਹੈ, ਕਿਉਂਕਿ ਸੰਵਾਦ ਦੀ ਵਧੇਰੀ ਵਰਤੋਂ ਹੋਈ ਹੈ।

ਮੈਂ ਤਾਂ ਜੀਣਾ ਹੈ ਵਿੱਚ ਬੇਟੇ ਦੀਆਂ ਨਾਕਾਰਾਤਮਕ ਰੁਚੀਆਂ ਨੂੰ ਪਿਤਾ ਨੇ ਬੂਟੇ ਦੀ ਮਿਸਾਲ ਦੇ ਕੇ ਦੂਰ ਕੀਤਾ। ਇਸ ਕਹਾਣੀ ਵਿੱਚ ਸਹਿਜ ਅਤੇ ਧੀਰਜ ਜਿਹੇ ਨੈਤਿਕ ਗੁਣ ਪ੍ਰੇਰਣਾ-ਸਰੋਤ ਬਣ ਕੇ ਸਾਹਮਣੇ ਆਏ ਹਨ।

ਅਮਰੂਦ ਦਾ ਰੁੱਖ ਵਿੱਚ ਇੱਕ ਸਖ਼ਤ ਸੁਭਾਅ ਦੇ ਜਣੇ ਦੇ ਘਰ ਲੱਗੇ ਅਮਰੂਦ ਦੇ ਦਰਖ਼ਤ ਤੋਂ ਬੱਚੇ ਚੋਰੀ-ਛੁਪੇ ਅਮਰੂਦ ਤੋੜਦੇ ਰਹਿੰਦੇ ਹਨ। ਅਮਰੂਦਾਂ ਦੇ ਮਾਲਕ ਦੀ ਸਖ਼ਤ ਨਿਗਰਾਨੀ ਕਰਕੇ ਬੱਚੇ ਆਉਣੋਂ ਤਾਂ ਹਟ ਗਏ ਪਰ ਅਮਰੂਦ ਦਾ ਰੁੱਖ ਹੌਲੀ ਹੌਲੀ ਸੁੱਕਣ ਲੱਗਾ। ਫੇਰ ਇੱਕ ਦਿਨ ਇੱਕ ਕੋਈ ਬੱਚਾ ਚੰਗੇ ਚੰਗੇ ਅਮਰੂਦ ਤੋੜ ਕੇ ਲੈ ਗਿਆ- ਤਾਂ ਮਾਲਕ ਨੇ ਮਹਿਸੂਸ ਕੀਤਾ ਕਿ ਦਰਖ਼ਤ ਫਿਰ ਤੋਂ ਹਰਾ ਹੋਣ ਲੱਗ ਪਿਆ ਹੈ। ਇਸ ਕਹਾਣੀ ਵਿੱਚ ਬੱਚਿਆਂ ਦੇ ਪਿਆਰ ਅਤੇ ਦੁਲਾਰ ਨੂੰ ਕੁਦਰਤ ਦੇ ਸਹਿਜ-ਸੁਭਾਵਕ ਗੁਣਾਂ ਨਾਲ ਇਕਮਿਕ ਹੁੰਦਾ ਵਿਖਾਇਆ ਹੈ।

ਇਸ ਪੁਸਤਕ ਵਿੱਚ ਸਿਰਫ 10 ਕਹਾਣੀਆਂ ਹਨ। ਹਰ ਕਹਾਣੀ ਨਾਲ ਢੁਕਵੀਂ ਤਸਵੀਰ ਵੀ ਦਿੱਤੀ ਗਈ ਹੈ। ਈਸ਼ਾ ਨੇ ਛੋਟੇ-ਛੋਟੇ ਵਿਸ਼ਿਆਂ ਨੂੰ ਏਨੀ ਕਾਰੀਗਰੀ ਅਤੇ ਸੂਖਮਤਾ ਨਾਲ ਨਿਭਾਇਆ ਹੈ ਕਿ ਇਨ੍ਹਾਂ ਰਾਹੀਂ ਉਸ ਦੇ ਉੱਜਲ ਭਵਿੱਖ ਦੇ ਦੀਦਾਰ ਹੁੰਦੇ ਹਨ। ਇਨ੍ਹਾਂ ਕਹਾਣੀਆਂ ਵਿੱਚ ਪਾਤਰਾਂ ਦੀ ਮਨੋਦਸ਼ਾ ਅਤੇ ਕਹਾਣੀ ਦੀ ਮੰਗ ਅਨੁਸਾਰ ਢੁਕਵੀਂ ਸ਼ਬਦਾਵਲੀ ਵਰਤੀ ਗਈ ਹੈ। ਪੁਸਤਕ ਦੀ ਦਿੱਖ, ਗੈਟਅੱਪ ਅਤੇ ਛਪਾਈ ਸੁਹਜਭਰੀ ਅਤੇ ਕਲਾਮਈ ਹੈ।

ਬਾਲ-ਮਨ ਅਤੇ ਬਾਲ-ਸ਼ਰਾਰਤਾਂ ਨਾਲ ਓਤਪੋਤ ਇਸ ਸੰਗ੍ਰਹਿ ਦੀਆਂ ਇਹ ਸਾਰੀਆਂ ਕਹਾਣੀਆਂ ਦਿਲਚਸਪ ਤਾਂ ਹਨ ਹੀ, ਸਿਖਿਆਦਾਇਕ ਅਤੇ ਪ੍ਰੇਰਨਾਮਈ ਵੀ ਹਨ।

ਬਾਲ ਰਸਾਲੇ “ਨਿੱਕੀਆਂ ਕਰੂੰਬਲਾਂ” ਦੇ ਸੰਪਾਦਕ ਬਲਜਿੰਦਰ ਮਾਨ ਅਤੇ ਬਾਲ ਾਂ ਲਈ ਲਿਖਦੇ ਡਾ. ਦਰਸ਼ਨ ਸਿੰਘ ਆਸ਼ਟ ਨੇ ਈਸ਼ਾ ਦੇ ਪਲੇਠੇ ਪ੍ਰਯਤਨ ਦੀ ਖੁੱਲ੍ਹ ਕੇ ਪ੍ਰਸੰਸਾ ਕੀਤੀ ਹੈ।

ਬਾਲ-ਸਾਹਿਤ ਦੇ ਵਿਹੜੇ ਵਿੱਚ ਨਵੀਂ ਪੁੰਗਰੀ ਇਸ ਕਲਮ- ਈਸ਼ਾ- ਦਾ ਹਾਰਦਿਕ ਸਵਾਗਤ ਹੈ। ਉਸ ਦੀ ਕਲਮ ਵਿੱਚ ਰਵਾਨੀ ਹੈ, ਉਸ ਦੀ ਸੋਚ ਵਿੱਚ ਭਵਿੱਖ ਦੇ ਸੁਪਨੇ ਹਨ ਅਤੇ ਉਹ ਜੀਵਨ ਜਿਉਣ ਦੇ ਜਜ਼ਬੇ ਨਾਲ ਭਰੀ ਹੈ। ਮੈਨੂੰ ਉਮੀਦ ਹੀ ਨਹੀਂ ਸਗੋਂ ਪੂਰਨ ਵਿਸ਼ਵਾਸ ਹੈ ਕਿ ਈਸ਼ਾ ਇਸ ਪੰਧ ਦੀਆਂ ਹੋਰ ਮੰਜ਼ਿਲਾਂ ਛੇਤੀ ਛੇਤੀ ਤੈਅ ਕਰਦੀ ਜਾਏਗੀ। **ਪ੍ਰੋ. ਨਵ ਸੰਗੀਤ ਸਿੰਘ** 9417692015

ਪ੍ਰਕਾ: ਸ਼ਬਦਾਂਜਲੀ ਪਬਲੀਕੇਸ਼ਨਜ਼, ਪਟਿਆਲਾ ਪੰਨੇ : 32 ਮੁੱਲ : 200/- ਰੁ.

ਮਨਮੋਹਨ ਸਿੰਘ

ਪੋਤਰੇ ਟੌਂਟੀ ਦੀ ਮਾਸੂਮੀਅਤ ਦੀ ਇੱਕ ਖ਼ੂਬਸੂਰਤੀ ਇਹ ਹੈ ਕਿ ਉਹ ਆਪਣੀ ਪੂਰੀ ਵਾਹ ਲਾਉਂਦਾ ਹੈ ਕਿ ਕਿਸੇ ਦੀਆਂ ਭਾਵਨਾਵਾਂ ਅਤੇ ਸੰਵੇਦਨਾਵਾਂ ਨੂੰ ਠੇਸ ਨਾ ਪਹੁੰਚੇ…। ਇਸ ਬਾਬਤ ਕੁਝ ਘਟਨਾਵਾਂ ਤੁਹਾਡੇ ਨਾਲ ਸਾਂਝੀਆਂ ਕਰ ਰਿਹਾਂ…

ਜਦੋਂ ਕਦੇ ਮੈਂ 'ਕੱਲਿਆਂ ਹੋਵਾਂ ਅਤੇ ਟੌਂਟੀ ਨੂੰ ਪੁੱਛਦਾ ਹਾਂ ਕਿ ਸਭ ਤੋਂ ਵੱਧ ਕਿਸਨੂੰ ਪਿਆਰ ਕਰਦਾ ਹੈਂ ਤਾਂ ਉਹ ਉਸੇ ਵੇਲੇ ਕਹਿ ਦਿੰਦਾ ਹੈ: "ਦਾਦੂ ਨੂੰ…!"

ਜਦੋਂ ਹਰਪ੍ਰੀਤ 'ਕੱਲਿਆਂ ਪੁੱਛਦੀ ਹੈ ਕਿ ਕਿਸ ਨੂੰ ਸਭ ਤੋਂ ਵੱਧ ਪਿਆਰ ਕਰਦਾ ਹੈਂ ਤਾਂ ਉਸ ਦਾ ਝੱਟ ਦੇਣੀ ਜਵਾਬ ਹੁੰਦਾ ਹੈ: "ਦਾਦੀ ਨੂੰ…!"

ਜਦੋਂ ਮੈਂ ਤੇ ਹਰਪ੍ਰੀਤ 'ਕੱਠੇ ਬੈਠੇ ਹੋਈਏ ਤਾਂ ਪੁੱਛੀਏ ਤਾਂ ਉਹ ਤੁਰੰਤ ਕਹੇਗਾ.. "ਦਾਦੂ ਤੇ ਦਾਦੀ ਨੂੰ…!" ਜੇ ਕਦੇ ਉਹਦੇ ਮਾਂ ਪਿਓ ਵੀ ਬੈਠੇ ਹੋਣ ਤਾਂ ਉਸਦਾ ਤੱਟ ਫੱਟ ਜਵਾਬ ਹੁੰਦਾ ਹੈ: "ਦਾਦੂ ਨੂੰ… ਦਾਦੀ ਨੂੰ…ਮੰਮੀ ਨੂੰ.. ਪਾਪਾ ਨੂੰ… ਨਾਨੂੰ ਨੂੰ…ਨਾਨੀ ਨੂੰ…ਮਾਮੂ ਨੂੰ… ਪ੍ਰੇਮ ਭਈਆ (ਕੁੱਕ) ਨੂੰ…ਸ਼ਾਲੂ (ਕੰਮ ਕਰਨ ਵਾਲੀ) ਨੂੰ…ਟੀਵੀ ਨੂੰ…ਮੋਬਾਇਲ ਨੂੰ…ਬਾਲਕੋਨੀ ਵਾਲੇ ਗਮਲਿਆਂ 'ਚ ਉੱਗੇ ਪੌਦਿਆਂ ਨੂੰ…ਫੁੱਲਾਂ ਨੂੰ ਤੇ ਸੱਭ ਤੋਂ ਵੱਧ (ਉਸਦੀਆਂ ਲਾਡਲੀਆਂ ਤੇ ਪਿਆਰੀਆਂ ਰੰਗ ਬਰੰਗੀਆਂ ਚਿੜੀਆਂ) ਕਿਵੀ…ਪੀਚੀ…ਚੈਰੀ ਤੇ ਪਲੱਮ ਨੂੰ…ਗਵਾਂਢੀਆਂ ਦੇ ਡੌਗੀ ਬਟਨ ਨੂੰ…!"

ਕੋਈ ਵੀ ਸਿਆਣਾ ਬਿਆਣਾ ਬੰਦਾ ਇਸਨੂੰ ਕੂਟਨੀਤਕ ਜਵਾਬ ਕਹੇਗਾ…ਪਰ ਜੇਕਰ ਇਸਨੂੰ ਬਾਲ ਮਨੋਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ ਤਾਂ ਇਸਨੂੰ ਸਮਭਾਵ, ਇੱਕੋ ਜਿਹਾ ਵੇਖਣ, ਦਾ ਸਹਿਜ ਪ੍ਰਗਟਾਵਾ ਕਿਹਾ ਜਾ ਸਕਦਾ ਹੈ..!

ਪਰ ਇਨ੍ਹਾਂ ਸਾਰੇ ਵੱਖਰੀ ਕਿਸਮ ਦੇ ਉਦਾਹਰਣਾਂ ਦੇ ਬਾਵਜੂਦ ਟੌਂਟੀ ਆਪਣੀ ਦਾਦੀ ਦਾ ਸਭ ਤੋਂ ਵੱਡਾ ਸਮਰਥਕ ਅਤੇ ਮੁਰੀਦ ਹੈ। ਦਾਦੀ ਦੇ ਵਿਰੁੱਧ ਕੋਈ ਬੁਰਾ ਕਥਨ ਅਤੇ ਬੁਰੀ ਸੋਚ ਸਵੀਕਾਰ ਨਹੀਂ…!

28 ਫ਼ਰਵਰੀ, 2026 ਨੂੰ ਇਜ਼ਰਾਇਲ-ਅਮਰੀਕਾ ਜੋੜੀ ਨੇ ਇਰਾਨ ਦੇ ਸ਼ਹਿਰ ਤਹਿਰਾਨ ਉੱਤੇ ਸੱਚਮੁਚ ਮਿਜ਼ਾਇਲੀ ਹਮਲਾ ਕਰ ਕੇ ਸਿਖਰਲੀ ਲੀਡਰਸ਼ਿਪ ਨੂੰ ਖ਼ਤਮ ਕਰ ਦਿੱਤਾ। ਇਸ ਵਿੱਚ ਈਰਾਨੀ ਸੁਪਰੀਮ ਲੀਡਰ ਅਲੀ ਖ਼ਮੇਨਈ ਦੇ ਨਾਲ ਚਾਲੀ ਦੇ ਕਰੀਬ ਹੋਰ ਵੱਡੇ ਰਹਿਨੁਮਾ ਵੀ ਮਾਰੇ ਗਏ। ਦੋ ਦਿਨਾਂ ਦੇ ਅੰਦਰ ਅੰਦਰ ਹਮਲੇ ਦੀ ਜਵਾਬੀ ਕਾਰਵਾਈ ਨੇ ਤਿੱਖੀ ਜੰਗ ਦਾ ਰੂਪ ਲੈ ਲਿਆ। ਅਗਲੇ ਕੁਝ ਦਿਨਾਂ ਵਿੱਚ ਇਸਨੇ ਹੋਰ ਪ੍ਰਚੰਡ ਰੂਪ ਧਾਰ ਲਿਆ। ਜੰਗ ਦੇ ਨਾਲ ਤੇਲ ਅਤੇ ਗੈਸ ਦੀ ਕਮੀ ਦੀਆਂ ਅਫ਼ਵਾਹਾਂ ਨੇ ਪੂਰੇ ਦੇਸ਼ 'ਚ ਹਫੜਾ ਦਫੜੀ ਦੇ ਹਾਲਾਤ ਪੈਦਾ ਕਰ ਦਿੱਤੇ। ਗੈਸ ਦੀ ਬਨਾਵਟੀ ਕਮੀ ਅਤੇ ਜ਼ਖ਼ੀਰੇਬਾਜ਼ੀ ਨੇ ਇਸਦੀ ਮੰਗ ਵਧਾਅ ਦਿੱਤੀ। ਸਰਕਾਰ ਨੇ ਗੈਸ ਦੀ ਵੰਡ-ਵੰਡਾਈ ਵਿਚ ਰਾਸ਼ਨਿੰਗ ਸ਼ੁਰੂ ਕਰ ਦਿੱਤੀ।

ਘਰ 'ਚ ਇੱਕ ਹੀ ਸਿਲੰਡਰ ਬਚਿਆ ਸੀ। ਮਹੀਨੇ ਬਾਅਦ ਹੀ ਨਵਾਂ ਭਰ ਹੋਣਾ ਸੀ। ਹਰਪ੍ਰੀਤ ਨੇ ਕੁਝ ਸਾਲ ਪਹਿਲਾਂ ਕਿਸੇ ਦਾ ਤੋਹਫ਼ੇ ਵਜੋਂ ਦਿੱਤਾ ਬਿਜਲਈ ਚੁੱਲ੍ਹਾ ਕੱਢ ਲਿਆ।

ਸਾਰੇ ਘਰਦਿਆਂ ਨੂੰ ਸਖ਼ਤ ਹਿਦਾਇਤਾਂ ਸਨ ਕਿ ਗੈਸ ਅਤੇ ਬਿਜਲੀ ਦੀ ਜਿੰਨੀ ਸੰਭਵ ਹੋ ਸਕੇ ਬਚਤ ਅਤੇ ਕਿਫ਼ਾਇਤ ਕਰਨੀ ਹੈ। ਜ਼ਰੂਰਤ ਮੁਤਾਬਕ ਹੀ ਊਰਜਾ ਦਾ ਇਸਤੇਮਾਲ ਕੀਤਾ ਜਾਵੇ। ਵਾਧੂ ਬੱਤੀਆਂ ਪੱਖੇ ਨਾ ਚੱਲਣ। ਬਹੁਤਾ ਖਾਣਾ ਹੁਣ ਬਿਜਲਈ ਚੁੱਲ੍ਹੇ 'ਤੇ ਬਣਨ ਲੱਗਾ। ਗੈਸ ਦਾ ਇਸਤੇਮਾਲ ਸਿਰਫ਼ ਫੁਲਕੇ ਲਾਹੁਣ ਲਈ ਕੀਤਾ ਜਾਣ ਲੱਗਾ। ਸਾਰੇ ਜੀਅ ਗ੍ਰਹਿ ਵਿਭਾਗ ਦੇ ਇਨ੍ਹਾਂ ਨਿਰਦੇਸ਼ਾਂ ਦੀ ਅੱਖਰ ਅੱਖਰ ਪਾਲਣਾ ਕਰਨ ਲੱਗੇ…!

ਹਰ ਐਤਵਾਰ ਦੀ ਸਵੇਰ ਘਰ ਦੀ ਸਫ਼ਾਈ ਨੂੰ ਸਮਰਪਤ ਹੁੰਦੀ ਹੈ। ਬਿਸਤਰਿਆਂ ਦੀਆਂ ਚਾਦਰਾਂ… ਸਿਰਹਾਣਿਆਂ ਦੇ ਗ਼ਿਲਾਫ਼…ਮੇਜ਼ਾਂ ਦੇ ਮੇਜ਼ਪੋਸ਼ ਸਭ ਬਦਲ ਦਿੱਤੇ ਜਾਂਦੇ ਹਨ। ਇਸ ਸਫ਼ਾਈ ਅਭਿਆਨ ਦੌਰਾਨ ਸਭ ਤੋਂ ਵੱਧ ਨਿਸ਼ਾਨੇ ਹੇਠ ਮੇਰੀਆਂ ਕਿਤਾਬਾਂ ਹੁੰਦੀਆਂ ਹਨ…! ਹਰਪ੍ਰੀਤ ਨੇ ਹਰ ਵਾਰ ਇੱਕੋ ਰਾਗ ਅਲਾਪਣਾ ਹੁੰਦਾ ਹੈ ਕਿ ਡਰਾਇੰਗ ਰੂਮ ਵਿੱਚ ਕਿਤਾਬਾਂ… ਬੈੱਡ ਰੂਮ ਵਿੱਚ ਕਿਤਾਬਾਂ…ਗੈਸਟ ਰੂਮ ਵਿੱਚ ਕਿਤਾਬਾਂ…! ਕਿਸੇ ਦਿਨ ਮੈਂ ਸਾਰੀਆਂ ਕਿਤਾਬਾਂ ਕਿਸੇ ਲਾਇਬਰੇਰੀ ਨੂੰ ਦੇ ਆਉਣੀਆਂ ਹਨ (ਦਰਅਸਲ ਕਹਿਣਾ ਉਸ ਨੇ ਇਹ ਸੀ ਕਿ ਮੈਂ ਸਾਰੀਆਂ ਕਿਤਾਬਾਂ ਨੂੰ ਅੱਗ ਲਾ ਦੇਣੀ ਹੈ)। ਉਹ ਕਹਿ ਰਹੀ ਸੀ: ਘੱਟੋ-ਘੱਟ ਜੋ ਕਿਤਾਬਾਂ ਪੜ੍ਹ ਲਈਆਂ ਹਨ ਉਹ ਤਾਂ ਦਾਨ ਕੀਤੀਆਂ ਹੀ ਜਾ ਸਕਦੀਆਂ ਹਨ ਪਰ ਇਸ ਬੰਦੇ ਦਾ ਦਿਲ ਚਿੜੀ

getty images ajaykampani

ਜ਼ਿੰਨਾ ਹੈ, ਕਿਤਾਬਾਂ ਦੇ ਮਾਮਲੇ 'ਚ...!
ਮੇਰਾ ਤਰਕ ਸੀ ਕਿ ਇਹ ਸਾਰੀਆਂ ਹਵਾਲਾ-ਕਿਤਾਬਾਂ ਹਨ ਅਤੇ ਕਦੇ ਵੀ ਖੋਜ ਹਿਤ ਕੰਮ ਆ ਸਕਦੀਆਂ ਹਨ। ਕੁਝ ਦੇਰ ਬਾਅਦ ਇਹ ਤਕਰਾਰ ਤੂੰ ਤੂੰ ਮੈਂ ਮੈਂ 'ਚ ਬਦਲ ਗਈ...ਤੇ ਮੇਰੀ ਅਵਾਜ਼ ਦੀ ਸੁਰ ਜ਼ਰਾ ਉੱਚੀ ਹੋ ਗਈ। ਟੌਂਟੀ ਸਾਰੇ ਦ੍ਰਿਸ਼ ਨੂੰ ਦੇਖਣ ਪਰਖਣ ਤੋਂ ਬਾਅਦ ਆਪਣੀ ਦਾਦੀ ਦੀ ਹਿਮਾਇਤ 'ਚ ਮੇਰੇ ਸਾਹਮਣੇ ਖੜ੍ਹਾ ਹੋ ਗਿਆ: "ਤੁਸੀਂ ਮੇਰੀ ਦਾਦੀ ਨੂੰ ਝਿੜਕਿਆ ਕਿਉਂ ਹੈ...ਸੌਰੀ ਫ਼ੀਲ ਕਰੋ...!"
ਇੱਕ ਦਿਨ ਹਰਪ੍ਰੀਤ ਦੇ ਚਲਾਏ ਊਰਜਾ ਬਚਤ ਅਭਿਆਨ ਦੌਰਾਨ ਰਾਤ ਦੇ ਖਾਣੇ ਲਈ ਮੈਂ ਡਾਇਨਿੰਗ ਟੇਬਲ 'ਤੇ ਬੈਠਾ ਸਾਂ। ਟੌਂਟੀ ਪਰ੍ਹਾਂ ਬੈਠਾ ਟੀ ਵੀ 'ਤੇ ਆਪਣਾ ਪਸੰਦੀਦਾ ਕਾਰਟੂਨ 'ਬਲੂਈ' ਦੇਖ ਰਿਹਾ ਸੀ...! ਹਰਪ੍ਰੀਤ ਵੀ ਰੋਟੀਆਂ ਲਾਹੁਣੀਆਂ ਖ਼ਤਮ ਕਰ ਟੇਬਲ 'ਤੇ ਬੈਠ ਰੋਟੀ ਖਾਣ ਲੱਗੀ। ਸਾਡੇ ਦਰਮਿਆਨ ਸੰਵਾਦ ਅਜੇ ਵੀ ਪਿਛਲੇ ਦਿਨਾਂ ਦੀ ਨਾਰਾਜ਼ਗੀ ਕਾਰਨ ਅਟਕਿਆ-ਅਟਕਿਆ ਸੀ। ਮੈਂ ਦੇਖਿਆ ਕਿ ਤਵੇ ਹੇਠਾਂ ਅਜੇ ਵੀ ਗੈਸ ਬਲ਼ ਰਹੀ ਸੀ। ਮੈਂ ਟੌਂਟੀ ਨੂੰ ਆਪਣੀ ਧਿਰ ਬਨਾਉਣ ਦੀ ਕੋਸ਼ਿਸ਼ 'ਚ, ਉਸ ਦੀ ਹਮਦਰਦੀ ਅਤੇ ਹਿਮਾਇਤ ਹਾਸਲ ਕਰਨ ਲਈ ਕਿਹਾ: "ਟੌਂਟੀ, ਦੇਖ ਦਾਦੀ ਨੇ ਗੈਸ ਚੱਲਦੀ ਛੱਡ ਦਿੱਤੀ...!"
ਟੌਂਟੀ ਇਕਦਮ ਉੱਠਿਆ ਅਤੇ ਗੈਸ ਬੰਦ ਕਰਨ ਤੋਂ ਬਾਅਦ ਮੇਰੇ ਕੋਲ ਆ ਕੇ ਹੌਲ਼ੀ ਜਿਹੀ ਕਹਿਣ ਲੱਗਾ: "ਦਾਦੂ...ਇਨਸਾਨ ਤੋਂ ਕਦੇ ਕਦੇ ਗ਼ਲਤੀ ਹੋ ਜਾਂਦੀ ਹੈ..." ਤੇ ਜਾ ਕੇ ਟੀਵੀ ਦੇਖਣ 'ਚ ਮਗਨ ਹੋ ਗਿਆ। ਉਸ ਦਿਨ ਮੈਨੂੰ ਇੱਕ ਵਾਰ ਫਿਰ ਜੀਵਨ ਦੀ ਸੱਚਾਈ ਸਮਝ ਆਈ ਕਿ ਬੱਚਿਆਂ ਦੇ ਮਨ ਬੜੇ ਨਿਰਮਲ ਅਤੇ ਪਵਿੱਤਰ ਹੁੰਦੇ ਹਨ। ਬੱਚੇ ਆਪਣੇ ਸਮਿਆਂ ਦੇ ਸਹਿਜ ਸਿੱਖਿਅਕ ਹੁੰਦੇ ਹਨ...!

ਬਿੰਦਰ ਕੱਪੜੇਵਾਲੇ ਤੋਂ ਬਿੰਦਰ ਮਾਲਸ਼ਵਾਲੇ ਤੱਕ

"ਬਾਊ ਜੀ ਪਹਿਲਾਂ ਮੈਂ ਬਹੁਤ ਸਾਲ ਕਪੜੇ ਦੀ ਥੋਕ ਮਾਰਕਟ ਵਿੱਚ ਕੰਮ ਕੀਤਾ ਹੈ। ਹੁਣ ਮੈਂ ਸਾਲ ਬਾਰਾਂ-ਤੇਰਾਂ ਤੋਂ ਮਾਲਸ਼ ਦਾ ਕੰਮ ਕਰਦਾ ਹਾਂ।"
ਮੇਰੀ ਤੇਲ ਮਾਲਸ਼ ਕਰਦੇ ਪਸੀਨੋ ਪਸੀਨ ਹੋਏ ਰਾਜਬਿੰਦਰ ਸਿੰਘ ਨੇ ਦੱਸਿਆ।
ਪੂਰਾ ਝੁਕ ਕੇ, ਘੰਟਾ ਭਰ ਜ਼ੋਰ ਲਾ ਕੇ ਮਾਲਸ਼ ਕਰਨਾ ਸੁਖ਼ਲਾ ਨਹੀਂ ਹੁੰਦਾ। ਇਹ ਪੂਰੀ ਮਿਹਨਤ ਦਾ ਕੰਮ ਹੁੰਦਾ ਹੈ।
ਉਸ ਨੇ ਦੱਸਿਆ ਕਿ ਜਦੋਂ ਉਹ ਕੱਪੜੇ ਦਾ ਕੰਮ ਕਰਦਾ ਸੀ ਤਾਂ ਉਸਦੇ ਪਾਪਾ ਨੇ ਉਸਨੂੰ ਆਪਣੀ ਸੇਵਾਮੁਕਤੀ ਤੋਂ ਬਾਅਦ ਮਿਲੇ ਪੈਸਿਆਂ ਨਾਲ ਕਰਿਆਨੇ ਦਾ ਕੰਮ ਲਾ ਦਿੱਤਾ। ਬਹੁਤ ਸੋਹਣਾ ਕੰਮ ਚੱਲਿਆ। ਚਾਰੇ ਪਾਸੇ "ਬਿੰਦਰ-ਬਿੰਦਰ" ਹੋਣ ਲੱਗੀ। ਪਰ ਜਲਦੀ ਹੀ ਬਿੰਦਰ ਗ਼ਲਤ ਆਦਤਾਂ ਦਾ ਸ਼ਿਕਾਰ ਹੋ ਗਿਆ! ਦੁਕਾਨ ਉੱਤੇ ਅਵਾਰਾ ਮੁੰਡੀਰ ਆ ਕੇ ਬੈਠਣ ਲੱਗੀ। ਯਾਰ-ਦੋਸਤ ਇਹੋ ਜਿਹੇ ਨਿੱਕਲੇ ਕਿ ਬਿੰਦਰ ਉਹ ਨਾ ਰਿਹਾ!

ਬਿੰਦਰ 'ਵੱਡੇ ਕੰਮਾਂ' ਵਿੱਚ ਵੜ ਗਿਆ। ਕਬਜ਼ੇ ਛੁਡਵਾਉਣੇ, ਕਬਜ਼ੇ ਕਰਾਉਣੇ, ਨਸ਼ੇ ਅਤੇ.. ਯਾਨੀ ਛੁੱਟ ਭਲਾਈਓਂ, ਬਿੰਦਰ ਸਾਰੇ ਕੰਮ ਕਰਨ ਲੱਗਾ!
ਆਪਣੀਆਂ ਕੀਤੀਆਂ ਭੋਗਦਾ ਹੋਇਆ, ਬਿੰਦਰ, ਇੱਕ ਪਰਚੇ ਤੋਂ ਬਾਅਦ, "ਵੱਡੇ ਘਰ" ਚਲਾ ਗਿਆ। ਜਦੋਂ ਵਾਪਸ ਆਇਆ ਤਾਂ ਦੁਕਾਨਦਾਰੀ ਖ਼ਤਮ ਹੋ ਚੁੱਕੀ ਸੀ!
ਫਿਰ ਉਸ ਆਪਣੇ ਵੱਡੇ ਭਰਾ, ਜੋ ਫ਼ਿਜ਼ੀਓਥੈਰੇਪਿਸਟ ਸੀ, ਕੋਲੋਂ ਫ਼ਿਜ਼ੀਓਥੈਰੇਪੀ ਸਿੱਖੀ। ਫਿਰ ਮੁੜ ਕੱਪੜਾ ਮੰਡੀ ਵਿਚ ਗਿਆ- ਇੱਕ ਦਿਨ ਉਸ ਨੇ ਇੱਕ ਸੇਠ ਦੀ ਮਾਲਸ਼ ਕੀਤੀ। ਫਿਰ ਉਹ ਰੋਜ਼ ਹੀ ਇਹ ਕੰਮ ਕਰਨ ਲੱਗਾ! ਸਖ਼ਤ ਮਿਹਨਤ ਅਤੇ ਵਧੀਆ ਸੇਵਾਵਾਂ ਦੇਣ ਕਰਕੇ, ਉਸਦੇ ਗਾਹਕਾਂ ਦੀ ਗਿਣਤੀ ਵਧਦੀ ਗਈ! 'ਕੱਪੜੇਵਾਲਾ ਬਿੰਦਰ' ਮਾਲਸ਼ ਵਾਲੇ ਕੰਮ ਵਿੱਚ ਰੁੱਝ ਗਿਆ।
ਫਿਰ ਬਿੰਦਰ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਪੁਰਾਣੇ ਯਾਰਾਂ ਬੇਲੀਆਂ ਦਾ ਖਹਿੜਾ ਛੱਡ ਕੇ, ਬਿੰਦਰ, ਸਹੀ ਟ੍ਰੈਕ ਉੱਤੇ ਆ ਗਿਆ।

ਜੀਵਨ ਵਿੱਚ ਕਈ ਵਾਰੀ ਇਨਸਾਨ ਗ਼ਲਤ ਲੀਹ ਉੱਤੇ ਤੁਰ ਪੈਂਦਾ ਹੈ। ਇਹੋ ਜਿਹੀ ਦਲਦਲ ਵਿੱਚ ਫਸ ਜਾਂਦਾ ਹੈ ਜਿੱਥੋਂ ਨਿਕਲਣਾ ਮੁਸ਼ਕਲ ਲੱਗਦਾ ਹੈ! ਚਾਹੇ ਉਹ ਦਲਦਲ ਨਸ਼ਿਆਂ ਦੀ ਹੋਵੇ, ਬਦਮਾਸ਼ੀ-ਗੁੰਡਾਗਰਦੀ ਦੀ ਹੋਵੇ- ਨਿੱਕਲਣਾ ਨਾਮੁਮਕਿਨ ਤਾਂ ਨਹੀਂ ਹੁੰਦਾ, ਬਹੁਤ ਮੁਸ਼ਕਲ ਜ਼ਰੂਰ ਹੁੰਦਾ ਹੈ!
ਬਿੰਦਰ ਨੇ ਅਜਿਹੀ ਦਲਦਲ ਵਿੱਚੋਂ ਬਾਹਰ ਨਿੱਕਲ ਕੇ, ਅਜੇ ਵੀ ਦਲਦਲਾਂ ਵਿਚ ਫਸੇ ਹੋਏ ਲੋਕਾਂ ਨੂੰ, ਇੱਕ ਉਮੀਦ ਦਿਖਾਈ ਹੈ। ਬੱਸ ਇਹ ਇੱਛਾ ਸ਼ਕਤੀ ਅਤੇ ਦਾਤੇ ਦੀ ਮਿਹਰ ਉੱਤੇ ਨਿਰਭਰ ਕਰਦਾ ਹੈ!
ਹੁਣ ਉਹ ਆਪਣੇ ਘਰ ਵਿੱਚ ਹੀ "ਰਾਜ ਮਸਾਜ ਸੈਂਟਰ" ਦੇ ਨਾਮ ਉੱਤੇ ਆਪਣੀਆਂ ਸੇਵਾਵਾਂ ਦਿੰਦਾ ਹੈ। ਅੱਜ ਵੱਡੇ ਵੱਡੇ ਕਾਰੋਬਾਰੀ, ਆਹਲਾ ਅਫ਼ਸਰ, ਸਿਆਸੀ ਆਗੂ ਅਤੇ ਬੁਢਾਪੇ ਦੀਆਂ ਬਿਮਾਰੀਆਂ ਤੋਂ ਦੁਖੀ ਲੋਕ ਉਸਦੇ ਗਾਹਕ ਹਨ। ਹੁਣ ਉਹ ਫ੍ਰੀ ਹਾਊਸ ਸਰਵਿਸ ਵੀ ਦਿੰਦਾ ਹੈ- ਬੱਸ ਪਹਿਲਾਂ ਫ਼ੋਨ ਕਰ ਕੇ ਟਾਈਮ ਲੈਣਾ ਪੈਂਦਾ ਹੈ, ਫਿਰ ਬਿੰਦਰ ਜਾਣੇਂ ਅਤੇ ਉਸਦਾ ਕੰਮ ਜਾਣੇਂ!

ਰਮੇਸ਼ ਸੇਠੀ ਬਾਦਲ 9876627233

ਟੀਪੂ ਸੁਲਤਾਨ ਦੀ ਪੜ-ਪੜ-ਪੜ-ਪੜਪੋਤਰੀ ਨੂਰ-
ਸੂਫ਼ੀ ਸੰਗੀਤਕਾਰ ਜੋ ਨਾਜ਼ੀ ਜ਼ੁਲਮ ਨਾਲ ਲੜੀ- ਜਸੂਸੀ ਲਈ ਬਹੁਤ ਮਸ਼ਹੂਰ ਹੋਈ

ਬਹਾਦਰ ਨੂਰ ਇਨਾਇਤ ਖ਼ਾਨ

ਨੋਰਾ ਬੇਕਰ ਨਾਂ ਰੱਖ ਕੇ, ਟੀਪੂ ਸੁਲਤਾਨ ਦੀ ਪੜ-ਪੜ-ਪੜ-ਪੜਪੋਤਰੀ, ਨੂਰ, ਇੱਕ ਬਰਤਾਨਵੀ ਜਸੂਸ ਬਣੀ ਸੀ। ਉਸਦਾ ਨਾਂ ਅਤੇ ਉਸਦੀ ਪਛਾਣ ਬਦਲ, ਉਸਨੂੰ ਦੂਜੀ ਸੰਸਾਰ ਜੰਗ ਵੇਲੇ ਨਾਜ਼ੀਆਂ ਦੇ ਕਬਜ਼ੇ ਹੇਠ ਆਏ ਫ਼੍ਰਾਂਸ ਵਿਚ ਭੇਜਿਆ ਗਿਆ ਸੀ।

ਉਹ ਏਨੀ ਮਸ਼ਹੂਰ ਹੈ ਕਿ ਬੱਸ ਉਸ ਦਾ ਫ਼ਰਜ਼ੀ ਨਾਂ ਲਓ ਅਤੇ ਬੱਚਾ ਬੱਚਾ ਜਾਣਦਾ ਹੈ ਕਿ ਉਹ ਕਿੰਨੀ ਬਹਾਦਰ ਸੀ!

ਕਿੰਨੇ ਹੀ ਮਹੀਨੇ ਉਹ ਚਕਮਾ ਦਿੰਦੀ, ਫੜੀ ਜਾਣ ਤੋਂ ਬਚਦੀ ਰਹੀ ਸੀ। ਉਸ ਨੇ 14 ਅਕਤੂਬਰ ਨੂੰ ਵਾਪਸ ਇੰਗਲੈਂਡ ਚਲੀ ਜਾਣਾ ਸੀ - ਪਰ ਅਫ਼ਸੋਸ! ਇਹ ਹੋ ਨਾ ਸਕਿਆ ਕਿਉਂਕਿ ਕਿਸੇ ਨੇ ਉਸਦੀ ਮੁਖ਼ਬਰੀ ਕਰ ਦਿੱਤੀ... ਫੇਰ, ਉਸਦੀ ਜ਼ਿੰਦਗੀ, ਸਿਰਫ਼ 30 ਸਾਲ ਦੀ ਉਮਰ ਵਿਚ ਹੀ ਖ਼ਤਮ ਕਰ ਦਿੱਤੀ ਗਈ- ਨਾਜ਼ੀਆਂ ਦੀ ਬਦਨਾਮ ਪੁਲਸ ਗੈਸਟਾਪੋ ਵੱਲੋਂ।

ਉਹ ਕੁਝ ਕੁ ਮਹੀਨੇ ਜਦੋਂ ਉਹ ਫ਼੍ਰਾਂਸ ਵਿਚ ਸੀ, ਉਨ੍ਹਾਂ ਮਹੀਨਿਆਂ ਦੇ ਕਿੰਨੇ ਹੀ ਕਿੱਸੇ ਮਸ਼ਹੂਰ ਹਨ। ਕਿਤਾਬਾਂ, ਕਾਮਿਕ ਦੱਸਦੇ ਹਨ ਕਿ ਉਹ ਕਿੰਨੀ ਬਹਾਦਰ ਸੀ!

1 ਜਨਵਰੀ, 1914, ਨੂੰ ਮਾਸਕੋ ਜੰਮੀ ਸੀ ਉਹ, ਇੱਕ ਭਾਰਤੀ ਮੁਸਲਮਾਨ ਪਿਤਾ ਅਤੇ ਅਮਰੀਕੀ ਮਾਂ ਦੇ ਘਰ। ਉਸਦਾ ਪਿਤਾ ਇੱਕ ਸੰਗੀਤਕਾਰ ਵੀ ਸਨ ਅਤੇ ਸੂਫ਼ੀ ਮੱਤ ਦੇ ਅਧਿਆਪਕ ਵੀ। ਉਹ 18ਵੀਂ ਸਦੀ ਦੇ ਭਾਰਤ ਦੇ "ਮੈਸੂਰ ਰਾਜ ਦੇ ਸ਼ੇਰ" ਵਾਂਗ ਜਾਣੇ ਜਾਂਦੇ ਟੀਪੂ ਸੁਲਤਾਨ ਦੇ ਵਾਰਿਸਾਂ ਵਿਚੋਂ ਸਨ।

ਨੂਰ ਦੀ ਮਾਂ ਇੱਕ ਕਵਿੱਤਰੀ ਸੀ। ਸ਼ਾਦੀ ਤੋਂ ਬਾਅਦ ਉਸ ਨੇ ਪੀਰਾਨੀ ਅਮੀਨਾ ਬੇਗਮ ਨਾਮ ਰੱਖ ਲਿਆ ਸੀ। ਆਪਣੇ ਪਤੀ ਨੂੰ ਉਹ ਓਦੋਂ ਮਿਲੀ ਸੀ ਜਦੋਂ ਉਹ ਸਮੁੱਚੇ ਅਮਰੀਕਾ ਦਾ ਦੌਰਾ ਕਰ ਰਹੇ ਸਨ। ਇਨ੍ਹਾਂ ਦੇ ਚਾਰ ਬੱਚੇ ਹੋਏ ਜਿਨ੍ਹਾਂ ਵਿਚੋਂ ਨੂਰ ਸਭ ਤੋਂ ਵੱਡੀ ਸੀ।

ਨੂਰ ਅਜੇ ਨਿਆਣੀ ਹੀ ਸੀ, ਜਦੋਂ ਪਹਿਲੀ ਸੰਸਾਰ ਜੰਗ ਛਿੜਨ ਲੱਗੀ ਸੀ- ਅਤੇ ਇਹ ਪਰਿਵਾਰ ਮਾਸਕੋ ਛੱਡ ਕੇ ਲੰਡਨ ਆ ਵਸਿਆ। ਛੇਤੀ ਹੀ, ਜੰਗ ਮੁੱਕਣ ਦੇ ਦੋ ਸਾਲਾਂ ਬਾਅਦ, ਇਹ ਪਰਿਵਾਰ ਫ਼੍ਰਾਂਸ ਜਾ ਕੇ ਵਸ ਗਿਆ, ਪੈਰਿਸ ਨੇੜੇ ਇੱਕ ਘਰ ਵਿਚ, ਨੂਰ ਆਪਣੀ ਬਹੁਤੀ ਜ਼ਿੰਦਗੀ ਇੱਥੇ ਹੀ ਬਹੁਤਾ ਰਹੀ ਸੀ।

ਅਜੇ 13 ਸਾਲ ਦੀ ਹੀ ਸੀ ਕਿ ਉਸਦੇ ਪਿਤਾ ਚੱਲ ਵਸੇ- ਉਸਦੀ ਮਾਂ ਨੂੰ, ਉਸਨੂੰ ਅਤੇ ਉਸਦੇ ਦੋ ਨਿੱਕੇ ਭਰਾਵਾਂ ਅਤੇ ਇੱਕ ਨਿੱਕੀ ਭੈਣ ਨੂੰ ਦੁਖੀ ਛੱਡ ਕੇ।

ਆਪ ਵੀ ਛੋਟੀ ਸੀ, ਪਰ ਨੂਰ ਨੇ ਟੱਬਰ ਦੀ ਜ਼ਿੰਮੇਵਾਰੀ ਨੂੰ ਸਮਝ ਲਿਆ। ਇਹੀ ਫ਼ਰਜ਼-ਪਛਾਨਣ ਦਾ ਗੁਣ ਅਖੀਰ ਤੱਕ ਉਸਦੀ ਸ਼ਖ਼ਸੀਅਤ ਦਾ ਧੁਰਾ ਰਿਹਾ।

ਜਵਾਨ ਹੋਈ ਤਾਂ ਉਸ ਨੇ ਪੈਰਿਸ ਵਿਚ ਹੀ ਸੌਰਬੋਨ ਯੂਨਿਵਰਸਿਟੀ ਵਿਚ ਬਾਲ-ਮਨੋਵਿਗਿਆਨ ਦੀ ਪੜ੍ਹਾਈ ਕੀਤੀ ਅਤੇ ਨਾਲੋ ਨਾਲ ਆਪਣੇ ਪਰਿਵਾਰ ਦੇ ਸੰਗੀਤਕ ਵਿਰਸੇ ਨੂੰ ਵੀ ਪੂਰੀ ਤਰ੍ਹਾਂ ਅਪਣਾਇਆ, ਸਮਝਿਆ, ਸਿੱਖਿਆ।

ਅੱਗੇ ਜਾ ਕੇ ਉਹ ਬੱਚਿਆਂ ਲਈ ਲੇਖਕਾ ਬਣਨ ਵੱਲ ਵਧੀ, ਇੱਕ ਬਾਲ ਰਸਾਲੇ ਲਈ ਲਿਖਦੀ ਸੀ- ਅੰਗ੍ਰੇਜ਼ੀ ਵਿਚ ਅਤੇ ਫ਼ਰਾਂਸੀਸੀ ਵਿਚ ਕਹਾਣੀਆਂ ਲਿਖਦੀ ਸੀ।

1939 ਵਿਚ ਦੂਜੀ ਸੰਸਾਰ ਜੰਗ ਦੇ ਸ਼ੁਰੂ ਹੋ ਜਾਣ ਤੋਂ ਜ਼ਰਾ ਕੁ ਹੀ ਪਹਿਲਾਂ, ਨੂਰ ਦੀ ਬੱਚਿਆਂ ਲਈ ਕਿਤਾਬ "ਟਵੈਂਟੀ ਜਾਤਕਾ ਟੇਲਜ਼" ਲੰਡਨ ਤੋਂ ਪ੍ਰਕਾਸ਼ਿਤ ਹੋਈ ਸੀ।

ਓਦੋਂ ਕੀ ਪਤਾ ਸੀ ਕਿ ਦੂਜੀ ਸੰਸਾਰ ਜੰਗ ਸ਼ੁਰੂ ਹੋ ਜਾਣੀ ਹੈ -ਜਿਸ ਨੇ ਉਸਦੇ ਇਸ ਲੇਖਕਾ ਵਜੋਂ ਉੱਭਰਦੇ ਭਵਿੱਖ ਨੂੰ ਖਦੇੜ ਦੇਣਾ ਸੀ ਅਤੇ ਉਸਦੀ ਅਤੇ ਉਸਦੇ ਪਰਿਵਾਰ ਦੀ ਜ਼ਿੰਦਗੀ ਨੂੰ ਹਮੇਸ਼ਾ ਹਮੇਸ਼ਾ ਲਈ ਬਦਲ ਦੇਣਾ ਸੀ!

ਨੂਰ ਅਤੇ ਉਸਦਾ ਪਰਿਵਾਰ ਜੂਨ, 1940 ਵਿਚ ਪੈਰਿਸ ਤੋਂ ਵਾਪਿਸ ਲੰਡਨ ਆ ਗਏ, ਵਲੇਵਾਂ ਪਾ ਪਾ ਕੇ ਸਫ਼ਰ ਕਰਦਿਆਂ- ਕਿਉਂਕਿ ਜਰਮਨ ਫ਼ੌਜ ਫ਼੍ਰਾਂਸ ਉੱਤੇ ਹਮਲਾ ਕਰ ਚੁੱਕੀ ਸੀ।

ਲੰਡਨ ਆ, ਸ਼ੁਰੂ ਵਿਚ ਤਾਂ ਉਹ ਇੱਕ ਫ਼ਲਾਸਫ਼ਰ, ਬੇਸਿਲ ਮਿੱਚਲ, ਦੇ ਘਰ ਟਿਕੇ, ਜਿਸ ਉੱਤੇ ਨੂਰ ਦੇ ਪਿਤਾ ਦੀਆਂ ਸਿੱਖਿਆਵਾਂ ਦਾ ਬੜਾ ਅਸਰ ਸੀ।

ਹਾਲਾਂਕਿ ਨੂਰ ਦਾ ਸੂਫ਼ੀ ਪਿਛੋਕੜ ਅਹਿੰਸਾ ਸਿਖਾਉਂਦਾ ਸੀ, ਨੂਰ ਅਤੇ ਉਸਦਾ ਭਰਾ ਜੰਗ ਵਿਚ ਕੁਝ ਮਦਦਗਾਰ ਹੋਣਾ ਚਾਹੁੰਦੇ ਸੀ - ਅਤੇ ਓਸੇ ਸਾਲ ਦੇ ਨਵੰਬਰ ਤੱਕ, ਨੂਰ, "ਨਾਰਾਂ ਦੀ ਸਹਾਇਕ ਏਅਰ ਫ਼ੋਰਸ" ਵਿਚ ਭਰਤੀ ਹੋ ਗਈ ਅਤੇ ਉਸ ਨੂੰ ਵਾਇਰਲੈੱਸ ਅਪਰੇਟਰ ਦੀ ਸਿਖਲਾਈ ਮਿਲਣ ਲੱਗੀ।

ਅਗਲੇ ਹੀ ਸਾਲ ਉਸਨੂੰ ਬੰਬ-ਸੁੱਟੂ ਟ੍ਰੇਨਿੰਗ ਸਕੂਲ ਵਿਚ ਲਾ ਦਿੱਤਾ ਗਿਆ ਸੀ ਅਤੇ ਫੇਰ ਉਹ 1943

ਟੀਪੂ ਸੁਲਤਾਨ ਦੀ ਪੜ ਪੜ ਪੜ ਪੜਪੋਤਰੀ ਨੂਰ

ਵਿਚ ਮਸ਼ਹੂਰ SOE* ਦੀ ਫ਼ਰਾਂਸ ਸ਼ਾਖ ਦਾ ਅੰਗ ਬਣ ਗਈ, ਜਿਸ ਕਰਕੇ, ਉਸਨੂੰ, ਜਰਮਨ ਕਬਜ਼ੇ ਹੇਠ ਆ ਚੁੱਕੇ ਫ਼ਰਾਂਸ ਦੇ ਅੰਦਰ ਜਾ ਕੇ ਇੱਕ ਵਾਇਰਲੈੱਸ ਅਪਰੇਟਰ ਬਨਣ ਦੀ ਮੁਹਾਰਤ ਦਿੱਤੀ ਜਾਣੀ ਸੀ।

ਉਹ ਇਸ ਰੁਤਬੇ ਨੂੰ ਪੁੱਜਣ ਵਾਲੀ ਪਹਿਲੀ ਨਾਰੀ ਬਣੀ, ਇਸ ਤੋਂ ਪਹਿਲਾਂ ਆਈਆਂ ਨਾਰਾਂ ਨੇ ਸੁਨੇਹੇ ਪਹੁੰਚਾਉਣ ਦਾ ਕੰਮ ਹੀ ਕੀਤਾ ਸੀ ਬੱਸ।

ਘਣੇ ਸਿਖਲਾਈ ਕੋਰਸ ਦੇ ਦੌਰਾਨ ਉਸਨੂੰ ਇੱਕ ਝੂਠਮੂਠ ਦੀ "ਗੈਸਟਾਪੋ" (ਨਾਜ਼ੀ ਜਰਮਨੀ ਦੀ ਮੁੱਖ ਰਾਜ ਪੁਲਸ) ਦੀ ਪੁੱਛ ਪੜਤਾਲ ਵਿਚੋਂ ਵੀ ਲੰਘਣਾ ਪਿਆ ਸੀ ਅਤੇ ਅਜਿਹੀਆਂ ਹੀ ਕਈ ਹੋਰ ਔਖਾਂ ਵਿੱਚੋਂ ਵੀ, ਤਾਂ ਜੋ ਉਸਦੀਆ ਯੋਗਤਾਵਾਂ ਪਰਖੀਆਂ ਜਾ ਸਕਣ। ਉਸ ਦੇ ਵੱਡੇ ਅਫ਼ਸਰ ਸੋਚਾਂ ਵਿਚ ਪਏ ਹੋਏ ਸਨ ਕਿ ਕੀ ਇਸ ਵਿਚ ਇਹ ਮਿਸ਼ਨ ਪੂਰਾ ਕਰਨ ਦੇ ਸਹੀ ਗੁਣ ਹਨ ਕਿ ਨਹੀਂ ਹਨ।

ਲੋੜੀਂਦੀ ਸਰੀਰਕ ਚੁਸਤੀ ਦੀ ਘਾਟ ਹੋਣੀ, ਉਸ ਅੱਗੇ ਇੱਕ ਅੜਿੱਕਾ ਬਣੀ ਹੋਈ ਸੀ- ਪਰ ਉਸਦੀ ਵਚਨਬੱਧਤਾ ਅਡਿੱਗ ਸੀ ਅਤੇ ਅਖੀਰ ਉਸਨੂੰ ਫ਼ਰਾਂਸ ਭੇਜੇ ਜਾਣ ਲਈ ਚੁਣ ਲਿਆ ਗਿਆ।

ਅਜੇ ਉਸਨੇ ਉਹ ਸਿਖਲਾਈ ਵਾਲੀ ਥਾਂ ਛੱਡ ਕੇ ਜਾਣਾ ਸੀ, ਕਿ ਉਸਦੀ ਇੱਕ ਸਾਥਣ-ਸਿਖਿਆਰਥੀ ਨੂੰ ਅਤੇ ਇੱਕ ਅਫ਼ਸਰ ਨੂੰ ਲੱਗਣ ਲੱਗਾ ਕਿ ਉਹ ਇੱਕ ਕਿਸੇ ਉਦਾਸੀ ਜਿਹੀ ਵਿਚ ਘਿਰੀ ਰਹਿੰਦੀ ਹੈ- ਇਸ ਲਈ ਉਹ ਨਾ ਹੀ ਭੇਜੀ ਜਾਏ ਤਾਂ ਚੰਗਾ ਹੈ।

ਉਸਦੇ ਭਰਾ ਨੇ ਉਸ ਅੱਗੇ ਤਰਲੇ ਕੀਤੇ ਸੀ ਕਿ ਉਹ ਨਾ ਜਾਏ, ਅਖੇ ਤੇਰੇ ਅੰਦਰਲੇ ਡੂੰਘੀਆਂ ਜੜ੍ਹਾਂ ਦੇ ਸ਼ਾਂਤ-ਝੁਕਾਅ, ਤੇਰੇ ਅੱਗੇ ਆ ਖਲੋਣਗੇ- ਅਤੇ ਪੱਕੀ ਗੱਲ ਤੇਰੇ ਤੋਂ ਉਲੰਘੇ ਨਹੀਂ ਜਾਣੇ; ਜਦੋਂ ਤੇਰਾ ਏਨੇ ਖ਼ਤਰਨਾਕ ਅਤੇ ਹਿੰਸਕ-ਹੋ-ਸਕਦੇ ਹਲਾਤਾਂ ਨਾਲ ਸਾਹਮਣਾ ਹੋਏਗਾ ਤਾਂ ਤੇਰੇ ਵਿਸ਼ਵਾਸ ਆਪਸ ਵਿਚ ਹੀ ਭਿੜ ਪੈਣਗੇ।

ਨੂਰ ਨੂੰ ਇੱਕ ਅਖੀਰੀ ਮੌਕਾ ਦਿੱਤਾ ਗਿਆ- ਫ਼ਰਾਂਸੀਸੀ ਸੂਹੀਆ ਅਫ਼ਸਰ ਵੇਰਾ ਐਟਕਿਨਜ਼ ਨਾਲ ਮੇਅਫ਼ੇਅਰ ਦੇ ਇੱਕ ਰੈਸਤੋਰਾਂ ਵਿਚ ਮੁਲਾਕਾਤ ਤੋਂ ਬਾਅਦ- ਕਿ ਜੇ ਉਹ ਪਿੱਛੇ ਹਟਣਾ ਚਾਹੁੰਦੀ ਹੈ ਤਾਂ ਹਟ ਸਕਦੀ ਹੈ ਅਤੇ ਕੋਈ ਸਵਾਲ ਨਹੀਂ ਪੁੱਛਿਆ ਜਾਏਗਾ। ਐਟਕਿਨਜ਼ ਨੇ ਉਸ ਅੱਗੇ ਇਹ ਸਾਫ਼ ਕੀਤਾ ਕਿ ਉਸ ਦਾ ਖ਼ੁਦ ਆਪਣੇ ਵਿਚ ਅਤੇ ਜੋ ਉਹ ਕਰਨ ਜਾ ਰਹੀ ਹੈ ਉਸ ਵਿਚ, ਵਿਸ਼ਵਾਸ, ਸਭ ਤੋਂ ਜ਼ਰੂਰੀ ਸ਼ਰਤ ਹੈ- ਅਤੇ ਨੂਰ ਨੂੰ ਪੁੱਛਿਆ ਕਿ ਕੀ ਤੈਨੂੰ ਪੂਰੀ ਤਸੱਲੀ ਹੈ ਕਿ ਤੂੰ ਇਹੋ ਜਿਹਾ ਮਿਸ਼ਨ ਪੂਰਾ ਕਰ ਲਵੇਂਗੀ। ਉਸਦਾ ਜੁਆਬ ਸੀ, "ਹਾਂ"।

ਐਟਕਿਨਜ਼ ਨੂੰ ਲੱਗ ਰਿਹਾ ਸੀ ਕਿ ਨੂਰ ਅਜੇ ਵੀ ਕਿਸੇ ਗੱਲੋਂ ਝਿਜਕ ਰਹੀ ਹੈ, ਹਾਲਾਂਕਿ ਕਹਿ ਕੁਝ ਹੋਰ ਰਹੀ ਹੈ, ਅਤੇ ਅਖੀਰ ਉਸਨੂੰ ਪਤਾ ਲੱਗਾ ਕਿ ਨੂਰ ਨੂੰ ਆਪਣੇ ਪਰਿਵਾਰ ਵੱਲੋਂ ਬਹੁਤ ਹੀ ਵੱਡਾ ਗੁਨਾਹ-ਅਹਿਸਾਸ ਹੋ ਰਿਹਾ ਹੈ- ਕਿ ਉਸਨੂੰ ਆਪਣੇ ਪਰਿਵਾਰ ਤੋਂ ਵਿੱਛੜਣਾ ਹੀ ਪੈਣਾ ਹੈ ਪਰ ਆਪਣੀ ਮਾਂ ਤੋਂ ਅਤੇ ਭੈਣ ਭਰਾਵਾਂ ਤੋਂ ਇਹ ਜਾਣਕਾਰੀ ਲੁਕੋਅ ਕੇ ਵੀ ਰੱਖਣੀ ਪੈਣੀ ਹੈ- ਜਿਸ ਗੁੰਝਲ ਨੂੰ ਹਲ ਨਾ ਕਰ ਸਕਣ ਕਰਕੇ ਉਸਨੂੰ ਬਹੁਤ ਹੀ ਤਕਲੀਫ਼ ਹੋ ਰਹੀ ਹੈ।

ਇਸ ਮਾਮਲੇ ਨੂੰ ਸਮਝ ਕੇ, ਐਟਕਿਨਜ਼ ਅਤੇ ਨੂਰ ਨੇ ਇੱਕ ਆਪਸੀ ਸਮਝ ਬਣਾਈ- ਕਿ ਪਰਿਵਾਰ ਨੂੰ "ਚੰਗੀਆਂ ਖ਼ਬਰਾਂ" ਵਾਲੀਆਂ ਚਿੱਠੀਆਂ ਨਾਲ ਜਾਣਕਾਰੀ ਦੇ ਘੇਰੇ ਦੇ ਅੰਦਰਵਾਰ ਰੱਖਿਆ ਜਾਏਗਾ ਅਤੇ ਜੇ ਕੁਝ ਮਾੜਾ ਹੁੰਦਾ ਹੈ, ਤਾਂ ਉਸਦੀ ਮਾਂ ਨੂੰ ਬਹੁਤ ਅਖੀਰ ਵਿਚ ਦੱਸਿਆ ਜਾਏਗਾ -ਜਦੋਂ ਨੂਰ ਦੇ ਜਿਊਂਦੇ ਹੋਣ ਦੀ ਕੋਈ ਆਸ ਵੀ ਨਾ ਬਚੀ ਰਹਿ ਗਈ ਹੋਏ... ਦੋਹਾਂ ਨਾਰਾਂ ਵਿਚ ਅਜਿਹੇ ਫ਼ੈਸਲੇ ਨਾਲ ਦੋਏ ਧਿਰਾਂ ਦੀ ਤਸੱਲੀ ਲੱਗਦੀ ਸੀ ਅਤੇ ਇਸ ਤਰ੍ਹਾਂ ਨੂਰ ਆਪਣੇ ਮਿੱਸ਼ਨ ਖ਼ਾਤਿਰ ਫ਼ਰਾਂਸ ਵੱਲ ਚੱਲ ਪਈ।

SOE ਨੂੰ ਭਾਵੇਂ ਨੂਰ ਦੇ ਸਫ਼ਲ ਹੋ ਸਕਣ ਬਾਰੇ ਏਨੀ ਪੱਕ ਨਹੀਂ ਸੀ, ਪਰ ਫ਼ਰਾਂਸੀਸੀ ਬੋਲੀ ਵਿਚ ਉਸਦੀ ਮੁਹਾਰਤ ਨੇ ਅਤੇ ਵਾਇਰਲੈੱਸ ਚਲਾਉਣ ਵਿਚ ਉਸਦੀ ਚੁਸਤੀ ਨੇ ਉਸਨੂੰ ਇਸ ਟੀਮ ਦੀ ਅਹਿਮ ਮੈਂਬਰ ਬਣਾਅ ਦਿੱਤਾ ਸੀ।

ਸੋ, ਸਿਖਲਾਈ ਨਾਲ ਲੈਸ ਕਰ, ਉਸ ਦਾ ਕੋਡ ਵਾਲਾ ਨਾਂ "ਮੇਡੇਲੀਨ" ਰੱਖ, 16 ਜੂਨ 1943 ਨੂੰ ਉਸ ਨੂੰ ਹਵਾਈ ਜਹਾਜ਼ ਰਾਹੀਂ ਫ਼ਰਾਂਸ ਭੇਜ ਦਿੱਤਾ ਗਿਆ ਅਤੇ ਪੈਰਿਸ ਪਹੁੰਚ ਕੇ ਹੈਨਰੀ ਗੈਰੀ ਨਾਲ ਰਾਬਤਾ ਕਰਨ ਨੂੰ ਕਿਹਾ ਗਿਆ- ਮਸ਼ਹੂਰ ਸ਼ਹਿਰ Le Mans ਵਿਚ ਵਾਇਰਲੈੱਸ ਅਪਰੇਟਰ ਵਾਂਗ ਕੰਮ ਕਰਨ ਲਈ।

ਲੱਗਦਾ ਇਹ ਹੈ ਕਿ, ਉਸ ਦੇ ਓਥੇ ਪਹੁੰਚਣ ਦੇ ਛੇਤੀ ਹੀ ਬਾਅਦ, "ਗੈਸਟਾਪੋ" ਨੂੰ ਸਰਗਰਮ-ਲੋਕ-ਰੋਸ-ਲਹਿਰ (ਮਿਲੀਸ਼ੀਆ) ਦੇ ਆਪਸੀ-ਰਾਬਤੇ ਦੇ ਲੁਕਵੇਂ-ਜਾਲ ਬਾਰੇ ਪਤਾ ਲੱਗਣਾ ਸ਼ੁਰੂ ਹੋ ਚੁੱਕਾ ਸੀ।

ਨੂਰ, ਪੈਰਿਸ ਵਿਚ ਇੱਕ

** SOE ਯਾਨੀ ਸਪੈਸ਼ਲ ਓਪਰੇਸ਼ਨਜ਼ ਐਗਜ਼ਿਊਕੇਟਿਵ। 1940 ਵਿਚ ਵਿਨਸਟਨ ਚਰਚਿਲ ਵੱਲੋਂ ਜਸੂਸੀ ਕਰਨ, ਭੰਨ ਤੋੜ, ਨੁਕਸਾਨ ਪਹੁੰਚਾਉਣ ਅਤੇ ਟੋਹ ਲੈਣ ਲਈ ਨਾਜ਼ੀ ਜਰਮਨੀ, ਫ਼ਾਸ਼ੀ ਇਟਲੀ ਅਤੇ ਰਾਜਸ਼ਾਹੀ ਵਾਲੇ ਜਾਪਾਨ ਦੇ ਮੱਲੇ ਇਲਾਕਿਆਂ ਦੇ ਖ਼ਿਲਾਫ਼ ਬਣਾਈ ਗੁਪਤ ਬਰਤਾਨਵੀ ਸੂਹੀਆ ਜੱਥੇਬੰਦੀ; "ਯੂਰਪ ਵਿਚ ਅੱਗ ਲਾਉਣ" ਦੀ ਹਿਦਾਇਤ ਉੱਤੇ ਚੱਲਦੀ, ਇਸ ਜੱਥੇਬੰਦੀ ਨੇ ਇਲਾਕਾਈ ਰੋਸ ਲਹਿਰਾਂ ਦਾ ਸਾਥ ਦਿੱਤਾ ਤਾਂ ਜੋ ਨਾਜ਼ੀ ਅਤੇ ਜਾਪਾਨੀ ਬਲਾਂ ਨੂੰ ਅੰਦਰੋਂ ਕਮਜ਼ੋਰ ਕੀਤਾ ਜਾ ਸਕੇ।) - ਸੰ.*

ਸੁਰੱਖਿਅਤ-ਘਰ ਵਿਚ ਟਿਕੀ ਸੀ, ਆਪਣਾ ਰੇਡੀਓ ਸੈੱਟ ਕਰ ਕੇ। ਹੁਣ ਪੈਰਿਸ ਤੋਂ ਸੂਹ ਭੇਜਣ ਵਾਲੀ ਉਹੀ ਇਕੱਲੀ ਏਜੰਟ ਰਹਿ ਗਈ ਸੀ!

ਖਤਰੇ ਦੀ ਪੱਧਰ ਹੱਦੋਂ ਵਧ ਗਈ ਜਦੋਂ "ਗੈਸਟਾਪੋ" ਉਸਦੇ ਨੈੱਟਵਰਕ ਦੇ ਨੇੜੇ ਪਹੁੰਚਣ ਲੱਗੀ, ਜਿਸ ਕਰਕੇ ਫੜੀ ਜਾਣ ਤੋਂ ਬਚਣ ਲਈ ਉਸਨੂੰ ਹਰ ਵੇਲੇ ਆਪਣੀ ਥਾਂ ਬਦਲਦੇ ਰਹਿਣਾ ਪਿਆ।

ਰੋਜ਼ਾਨਾ ਆਪਣਾ ਭੇਸ ਅਤੇ ਆਪਣਾ ਪਤਾ ਬਦਲਣ ਨਾਲ ਵੀ ਉਹ ਸਿਰਫ਼ ਚਾਰ ਮਹੀਨੇ ਬਚ ਸਕੀ- ਜਿਸ ਦੌਰਾਨ, ਪਰ, ਸੁਨੇਹੇ ਦੇਣ-ਭੇਜਣ ਦਾ ਆਪਣਾ ਮਿੱਸ਼ਨ ਪੂਰਾ ਕਰਦੀ ਰਹੀ ਸੀ ਉਹ।

ਨੂਰ ਲਈ ਜਿਹੜੀ ਚੀਜ਼ ਤ੍ਰਾਸਦਕ ਹੋ ਨਿੱਬੜੀ ਉਹ ਇਹ ਸੀ ਕਿ ਨਾਜ਼ੀਆਂ ਨੂੰ ਹੁਣ "ਮੇਡੇਲੀਨ" ਦੇ ਹੁਲੀਏ ਬਾਰੇ ਕਾਫ਼ੀ ਸੂਹ ਮਿਲ ਗਈ ਸੀ ਅਤੇ ਉਹ ਖਹਿੜਾ ਕਰਦੇ ਉਸ ਦੇ ਐਨ ਪਿੱਛੇ ਪਿੱਛੇ ਹੀ ਸਨ।

ਕਈ ਮਹੀਨੇ ਬੜੇ ਧਿਆਨ ਨਾਲ ਆਪਣਾ ਆਪ ਲੁਕੋਈ ਰੱਖਣ ਵਿਚ ਕਾਮਯਾਬ ਹੋ, 14 ਅਕਤੂਬਰ ਨੂੰ ਉਸ ਨੇ ਵਾਪਸ ਇੰਗਲੈਂਡ ਲਈ ਨਿਕਲ ਜਾਣਾ ਸੀ। ਦੁੱਖ ਦੀ ਗੱਲ ਹੈ, ਪਰ, ਕਿ ਇਹ ਨਹੀਂ ਹੋਣਾ ਸੀ, ਕਿਉਂਕਿ ਦੁਸ਼ਮਣ ਦੇ ਕਬਜ਼ੇ ਹੇਠ ਆਈ ਇਸ ਧਰਤੀ ਤੋਂ ਉਸ ਦੇ ਨਿਕਲ-ਭੱਜਣ ਦੀ ਤੈਅ-ਸ਼ੁਦਾ ਤਰੀਕ ਤੋਂ ਇੱਕ ਮਹੀਨਾ ਪਹਿਲਾਂ ਹੀ ਇੱਕ ਫ਼੍ਰਾਂਸੀਸੀ ਨਾਰੀ ਨੇ ਉਸ ਨਾਲ ਧ੍ਰੋਹ ਕੀਤਾ - ਅਤੇ "ਗੈਸਟਾਪੋ" ਨੇ ਉਸਨੂੰ ਫੜ ਲਿਆ ਸੀ!

ਉਸ ਤੋਂ ਬਾਅਦ ਜੋ ਜੋ ਕੁਝ ਉਸਨੂੰ ਸਹਿਣਾ ਪਿਆ ਉਹ ਸੁਣਨਾ ਵੀ ਔਖਾ ਲੱਗਦਾ ਹੈ- ਏਨਾ ਜ਼ਾਲਮ ਅਤੇ ਵਹਿਸ਼ੀ ਹੈ।

ਫੜੀ ਜਾਣ ਤੋਂ ਬਾਅਦ, ਉਸਨੂੰ, "ਗੈਸਟਾਪੋ" ਦੇ ਪੈਰਿਸ ਦੇ ਹੈੱਡਕੁਆਟਰ ਲਿਆਂਦਾ ਗਿਆ, ਜਿੱਥੋਂ ਭੱਜਣ ਦੀਆਂ ਵੀ ਉਸ ਨੇ ਘੱਟੋ ਘੱਟ ਦੋ ਕੋਸ਼ਿਸ਼ਾਂ ਕੀਤੀਆਂ- ਪਰ ਅਫ਼ਸੋਸ, ਦੋਨੋਂ ਵਾਰ ਹੀ ਉਹ

ਜਰਮਨਾਂ ਨੂੰ ਤਾਂ ਬੱਸ ਕਿਸੇ "ਨੋਰਾ ਬੇਕਰ, ਬਰਤਾਨਵੀ ਜਾਸੂਸ" ਦਾ ਹੀ ਪਤਾ ਸੀ...

ਫੜੀ ਗਈ ਸੀ।

ਬਦਕਿਸਮਤੀ ਨਾਲ, ਉਸ ਨੇ ਆਪਣੇ ਲੁਕਵੇਂ ਸਿਗਨਲਾਂ ਦੀਆਂ ਕਾਪੀਆਂ ਵੀ ਰੱਖੀਆਂ ਹੋਈਆਂ ਸਨ ਅਤੇ ਜਰਮਨਾਂ ਨੇ ਇਹ ਆਪਣੇ ਫ਼ਾਇਦੇ ਲਈ ਵਰਤੀਆਂ- ਲੰਡਨ 'ਚ ਬੈਠਿਆਂ ਨੂੰ ਇਹ ਭੁਲੇਖਾ ਪਾ ਦਿੱਤਾ ਕਿ ਨੂਰ ਹੀ ਅਜੇ ਸੁਨੇਹੇ ਭੇਜ ਰਹੀ ਹੈ! ਇਸੇ ਨਾਲ, ਕੁਝ ਹੋਰ SOE ਏਜੰਟ ਵੀ ਮਾਰ ਦਿੱਤੇ ਗਏ ਸਨ।

ਓਧਰ, ਨੂਰ ਦੀ ਕਿਸਮਤ ਉਸ ਨੂੰ ਜਰਮਨੀ ਲੈ ਗਈ ਸੀ, ਜਿੱਥੇ ਉਸਨੂੰ ਸੰਗਲ ਪਾ ਕੇ Pforzheim ਜੇਲ੍ਹ ਦੀ ਇਕੱਲ-ਕੋਠੜੀ ਵਿਚ ਰੱਖਿਆ ਗਿਆ। ਉਸ ਨੂੰ ਬਹੁਤ ਹੀ ਖ਼ਤਰਨਾਕ ਮੰਨਿਆ ਜਾ ਰਿਹਾ ਸੀ ਅਤੇ ਬੇੜੀਆਂ ਵਿਚ ਬੰਨ੍ਹੀ ਨੂੰ ਲਗਾਤਾਰੀ ਨਾਲ ਤਸੀਹੇ ਦਿੱਤੇ ਜਾਂਦੇ!

ਜਿੰਨੀ ਵੀ ਕੁੱਟ-ਮਾਰ ਉਸ ਨਾਲ ਕੀਤੀ ਗਈ, ਉਹ ਕਦੇ ਨਾ ਟੁੱਟੀ, ਅਤੇ ਉਸ ਨੇ "ਗੈਸਟਾਪੋ" ਦੇ ਅਫ਼ਸਰਾਂ ਨੂੰ ਕੋਈ ਵੀ ਜਾਣਕਾਰੀ ਨਾ ਦਿੱਤੀ।

ਕੈਦ ਦੌਰਾਨ, ਨੂਰ ਨੇ ਆਪਣੇ ਸਾਥੀ-ਕੈਦੀਆਂ ਨਾਲ ਰਾਬਤਾ ਬਨਾਉਣ ਦੀ ਕੋਸ਼ਿਸ਼ ਕੀਤੀ, ਅਤੇ ਆਪਣਾ ਨਾਂ ਅਤੇ ਪਤਾ ਇੱਕ ਬਰਤਨ ਉੱਤੇ ਖੁਰਚ ਦਿੱਤਾ ਸੀ।

ਸਤੰਬਰ 1944 ਵਿਚ ਉਸਦੀ ਅਤੇ ਉਸਦੀਆਂ ਤਿੰਨ ਹੋਰ ਦੇਸ਼ਵਾਸਣਾਂ ਦੀ ਕਿਸਮਤ ਉੱਤੇ ਮੋਹਰ ਲਾ ਦਿੱਤੀ ਗਈ: 11 ਸਤੰਬਰ, 1944 ਨੂੰ ਉਨ੍ਹਾਂ ਨੂੰ ਜਰਮਨੀ ਦੀ ਜੇਲ੍ਹ ਵਿੱਚੋਂ Dachau ਕਨਸਨਟ੍ਰੇਸ਼ਨ ਕੈਂਪ ਭੇਜ ਦਿੱਤਾ ਗਿਆ!

(ਇਸ ਕਨਸਨਟ੍ਰੇਸ਼ਨ ਕੈਂਪ ਵਿਚ ਜ਼ਾਲਮ ਮੌਤਾਂ ਵਰਤਾਈਆਂ ਗਈਆਂ- ਜਿਸ ਕਰਕੇ ਹੀ ਇਹ ਸ਼ਬਦ ਮਸ਼ਹੂਰ ਹੋਇਆ ਸੀ - ਕਨਸਨਟ੍ਰੇਸ਼ਨ ਕੈਂਪ । ਉਂਝ ਇਸ ਸ਼ਬਦ ਦਾ ਅਰਥ ਬਹੁਤ ਘਣੀ ਨਜ਼ਰ ਹੇਠ ਰੱਖਣਾ ਹੈ -ਸੰ.)।

ਮਿਊਨਿਕ ਨੇੜੇ 1933-1945 ਤੱਕ ਚੱਲਿਆ ਇਹ ਕੈਂਪ, ਸਭ ਤੋਂ ਪਹਿਲਾ 'ਕਨਸਨਟ੍ਰੇਸ਼ਨ ਕੈਂਪ' ਸੀ, ਅਤੇ ਇਹ ਇਸ ਤੋਂ ਬਾਅਦ ਵਿਚ ਬਣਨ ਵਾਲੇ ਅਜਿਹੇ ਹੋਰ ਵੀ ਵੱਧ ਜ਼ਾਲਮ ਕੈਂਪਾਂ ਲਈ ਨਮੂਨਾ ਬਣ ਗਿਆ।

ਇੱਥੇ, ਦੋ ਦਿਨਾਂ ਬਾਅਦ, ਜਿਨ੍ਹਾਂ ਵਿਚ ਨੂਰ ਨੂੰ ਹੋਰ ਵਧੇਰੇ ਤਸੀਹੇ ਜਰਨੇ ਪਏ, ਉਸਨੂੰ ਅਤੇ ਰੋਸ-ਲਹਿਰ ਦੀਆਂ ਉਸਦੀਆਂ ਉਨ੍ਹਾਂ ਸਾਥਣਾਂ ਨੂੰ ਗੋਲੀ ਮਾਰ ਦਿੱਤੀ ਗਈ।

ਉਸਦੀ ਜ਼ਿੰਦਗੀ ਨੂੰ ਨਾਟਕੀ ਅਤੇ ਤ੍ਰਾਸਦਕ ਤਰੀਕੇ ਨਾਲ ਅਚਾਨਕ ਖ਼ਤਮ ਕਰ ਦਿੱਤਾ ਗਿਆ ਸੀ- ਉਸੇ ਵਹਿਸ਼ੀ ਹਕੂਮਤ ਵੱਲੋਂ ਜਿਸ ਨਾਲ ਲੜਦੀ ਉਹ ਏਨੀ ਤਿਆਰ ਬਰ ਤਿਆਰ ਅਤੇ ਸਿਰਲੱਥ ਸੀ।

ਅੱਗੇ ਜਾ ਕੇ, ਜੰਗ ਆਪਣੇ ਸਿਰੇ

ਤਸਵੀਰ: ਅੱਜ "ਇੰਗਲਿਸ਼ ਹੈਰੀਟੇਜ" ਵੱਲੋਂ ਦਿੱਤਾ ਗਿਆ ਇੱਕ ਨੀਲਾ ਬੋਰਡ ਲੱਗਾ ਹੋਇਆ ਮਿਲਦਾ ਹੈ, ਟੈਵੀਟਨ ਸਟ੍ਰੀਟ ਵਾਲੇ ਉਸਦੇ ਪੁਰਾਣੇ ਪਤੇ ਦੇ ਬਾਹਰ, ਬਲੂਮਜ਼ਬਰੀ, ਲੰਡਨ ਵਿਚ।





ਨੂਰ ਇਨਾਇਤ ਖਾਨ ਦਾ ਕਾਂਸੀ ਦਾ ਬੁੱਤ। ਉਸਦੇ ਬਚਪਨ ਦੇ ਘਰ ਨੇੜੇ, ਖੇਲ੍ਹਣ-ਕੁੱਦਣ ਵਾਲੇ ਉਸਦੇ ਪਿਆਰੇ ਬਾਗ ਵਿਚ- ਇੰਗਲੈਂਡ, ਲੰਡਨ, ਬਲੂਮਜ਼ਬਰੀ ਇਲਾਕੇ ਵਿਚ, ਗੌਰਡਨ ਸਕਵੇਅਰ ਗਾਰਡਨਜ਼।

ਤੱਕ ਪੁੱਜੀ ਅਤੇ ਫ਼ਾਸ਼ੀਵਾਦ ਦੀ ਹਾਰ ਹੋਈ। ਨੂਰ ਅਤੇ ਉਸ ਵਰਗੇ ਹੋਰ ਕਈਆਂ ਨੂੰ, ਜਿਨ੍ਹਾਂ ਸਭ ਨੇ ਕਿ ਅਚੰਭੇ ਵਿਚ ਪਾ ਦੇਣ ਵਾਲੀ, ਸਿਰੇ ਦੀ ਬਹਾਦਰੀ ਵਿਖਾਈ ਸੀ, ਫ਼੍ਰਾਂਸ ਅਤੇ ਬਰਤਾਨੀਆ ਦੇ ਸਨਮਾਨਾਂ - Croix de Guerre (ਫ਼੍ਰਾਂਸ ਦਾ ਇੱਕ ਪ੍ਰਮੁੱਖ ਫ਼ੌਜੀ ਸਨਮਾਨ- ਜੰਗ ਦਾ ਕਰੌਸ) ਅਤੇ George Cross- (ਯੂਕੇ ਦਾ ਸਿਖਰਲਾ ਸਨਮਾਨ) ਨਾਲ ਨਿਵਾਜਿਆ ਗਿਆ। ਉਸਦੇ ਮਰਨੋਂ ਬਾਅਦ ਪ੍ਰਦਾਨ ਕੀਤੇ ਇਨ੍ਹਾਂ ਸਨਮਾਨਾਂ ਤੋਂ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਕਿਹੋ ਜਿਹੀ ਸੀ ਨੂਰ ਦੀ ਉਹ ਮੰਨਣ ਵਿਚ ਨਾ ਆਉਣ ਵਾਲੀ ਕਿਸਮ ਦੀ ਵਚਨਬੱਧਤਾ ਅਤੇ ਸੇਵਾ- ਜੋ ਉਸ ਨੇ ਬਰਤਾਨੀਆ, ਫ਼੍ਰਾਂਸ ਅਤੇ ਉਨ੍ਹਾਂ ਸਾਰਿਆਂ ਦੀ ਕੀਤੀ ਜਿਨ੍ਹਾਂ ਜਿਨ੍ਹਾਂ ਨੂੰ ਨਾਜ਼ੀ ਜਰਮਨੀ ਦੀ ਮਚੀ ਚੜ੍ਹ ਤੋਂ ਬੋਚ ਲਿਆ ਗਿਆ। *(ਲਿਖਿਆ: ਜੈਸਿਕਾ ਬ੍ਰੇਨ, ਇਤਿਹਾਸ ਮਾਹਿਰ, ਖ਼ੁਦਮੁਖ਼ਤਿਆਰ ਲੇਖਿਕਾ। ਕੈਂਟ ਰਹਿੰਦੀ, ਇਤਿਹਾਸ ਨਾਲ ਜੁੜੇ ਸਭ ਕੁਝ ਨੂੰ ਪਿਆਰਦੀ।)*

ਨੋਟ: ਫ਼ਰਾਂਸ ਅਤੇ ਇੰਗਲੈਂਡ ਵਿਚ ਦੰਦ-ਕਥਾ ਬਣੀ ਨੂਰ ਦੇ ਕਿੱਸੇ-ਕਹਾਣੀਆਂ, ਲਿਖਤਾਂ ਨੂੰ ਬੜੇ ਮਾਣ ਨਾਲ ਪੜ੍ਹਿਆ-ਸੁਣਿਆ ਜਾਂਦਾ ਹੈ, ਬੱਚਿਆਂ ਲਈ ਕਾਮਿਕ ਵੀ ਬਣਦੇ ਆਏ ਹਨ। ਨੂਰ ਨੂੰ ਤਿੰਨ ਨਾਵਾਂ- ਨੋਰਾ ਬੇਕਰ, ਮੈਡੇਲੀਨ ਅਤੇ ਮੈਰੀ ਰੇਨੀਆ - ਨਾਲ ਵੀ ਯਾਦ ਕੀਤਾ ਜਾਂਦਾ ਹੈ। -ਸੰ.

A LA MÉMOIRE DE
NOOR INAYAT KHAN
1914 - 1944
MADELEINE DANS LA RÉSISTANCE
FUSILLÉE À DACHAU
OPÉRATRICE RADIO DU RÉSEAU BUCKMASTER
CROIX DE GUERRE 1939-1945 GEORGE CROSS

ਤਸਵੀਰ: *ਨੂਰ ਇਨਾਇਤ ਖਾਨ ਦੀ ਇੱਜ਼ਤ ਵਿਚ ਲੱਗੀ ਧਾਤ-ਪੱਟੀ; ਮੈਮੋਰੀਅਲ ਹਾੱਲ, Dachau Concentration Camp.*

ਲਾਸਾਨੀ ਜਸੂਸ ਉੱਤੇ ਫ਼ਿਲਮਾਂ: 15 ਮਿਨਟ ਦੀ ਇੱਕ ਨਿੱਕੀ ਫ਼ਿਲਮ "Liberte" ਬਣੀ, 1921 ਵਿਚ, ਆਪਣੀ ਹੀ ਕਿਸਮ ਦੀ ਇਸ ਜਸੂਸ ਦੀ ਕਹਾਣੀ ਸੁਣਾਉਂਦੀ- "ਭਾਰਤ ਦੀ ਇੱਕ ਸ਼ਾਂਤੀਵਾਦੀ ਮੁਟਿਆਰ ਜੋ ਹਿਟਲਰ ਦੀ ਜਰਮਨੀ ਅਤੇ ਉਸਦੇ ਸਾਥੀ-ਮੁਲਕਾਂ ਖ਼ਿਲਾਫ਼ ਜਸੂਸ ਬਣ ਗਈ। ਪਹਿਲੀ ਨਾਰੀ ਏਜੰਟ ਜੋ ਰੇਡੀਓ ਅਪਰੇਟਰ ਬਣ ਫ਼੍ਰਾਂਸ ਭੇਜੀ ਗਈ। ਇਸ ਫ਼ਿਲਮ ਨੂੰ ਲਿਖਿਆ ਅਤੇ ਇਸ ਵਿਚ ਨੂਰ ਦੀ ਅਦਾਕਾਰੀ ਕੀਤੀ - ਸੈਮ ਨਾਜ਼ (ਸਮਰੀਨ ਨਾਜ਼) ਨੇ, ਲਾਈਵ ਬ੍ਰਾਡਕਾਸਟ ਪੱਤਰਕਾਰੀ (Sky News) ਮਸ਼ਹੂਰ ਰਚਨਾਤਮਕ ਫ਼ਿਲਮਸਾਜ਼, ਪਟਕਥਾ ਲੇਖਕ, ਅਦਾਕਾਰ- ਪਰ ਸਭ ਤੋਂ ਵੱਧ ਤਾਂ ਨੂਰ ਦਾ ਕਿਰਦਾਰ ਨਿਭਾਉਣ ਲਈ ਮਸ਼ਹੂਰ! ਇਸ ਨਿੱਕੀ ਫ਼ਿਲਮ -ਜਿਸਨੂੰ ਉਹ ਲੜੀਵਾਰ ਟੀਵੀ ਨਾਟਕ ਵਾਂਗ ਵਧਾਉਣਾ ਚਾਹੁੰਦੀ ਹੈ- ਉਸ ਸਮੇਂ ਉੱਤੇ ਘਣੀ ਤਰ੍ਹਾਂ ਕੇਂਦ੍ਰਤ ਹੈ ਜਦੋਂ ਨੂਰ ਖ਼ਾਨ ਹਿਟਲਰੀ ਪੁਲਸ

"ਗੈਸਟਾਪੋ" ਦੀ ਪੁੱਛ ਪੜਤਾਲ ਨੂੰ ਜਰ ਰਹੀ ਸੀ। ਇਸ ਵਿਚ ਪੈਰਿਸ ਵਿਚ ਰੇਡੀਓ ਅਪਰੇਟਰ ਬਣ ਜਸੂਸੀ ਕਰਦੀ ਨੇ ਜੋ ਜੋ ਬਹਾਦਰੀ ਵਿਖਾਈ ਸੀ- ਉਸਦੇ ਚੇਤੇ ਇਸਨੂੰ ਰਹਿ ਰਹਿ ਕੇ ਅੱਖਾਂ ਅੱਗੇ ਆਉਂਦੇ ਵਿਖਾਏ।

ਨੋਟ: ਨੂਰ ਦੀ ਮੌਤ ਤੋਂ ਬਾਅਦ ਉਸ ਦੇ ਭਰਾ ਨੇ- ਉਸਦਾ ਸਾਥੀ ਸੰਗੀਤਕਾਰ- ਉਸਦੀ ਯਾਦ ਵਿਚ ਰੋਂਗਟੇ ਖੜ੍ਹੇ ਕਰਨ ਵਾਲੀ ਇੱਕ ਅਭੁੱਲ ਧੁਨ ਰਚੀ। ਇਸ ਧੁਨ ਨੇ -ਅਤੇ ਨਾਜ਼ ਦੀ ਨੂਰ ਖ਼ਾਨ ਵਜੋਂ ਅਦਾਕਾਰੀ ਨੇ- Liberte ਨੂੰ ਇੱਕ ਤਕੜੀ ਸ਼ਰਧਾਂਜਲੀ ਬਣਾ ਦਿੱਤਾ ਦੁਸ਼ਮਣ ਨੂੰ ਖ਼ੌਫ਼ਜ਼ਦਾ ਕਰਦੀ ਉਸ ਬਹਾਦਰ ਅਣ-ਚਿੱਟੀ ਨਾਰ ਦੀ ਯਾਦ ਵਿਚ। - ਜੌਨ੍ਹ ਸਵੀਨੀ, ਬਰਤਾਨਵੀ ਪੱਤਰਕਾਰ ਅਤੇ ਲੇਖਕ; "ਹੰਟਿੰਗ ਘਿਸਲੇਨ" ਪੌਡਕਾਸਟ ਦਾ ਮੇਜ਼ਬਾਨ।

ਦੂਜੀ ਫ਼ਿਲਮ: ਦਸਤਾਵੇਜ਼ੀ (2014) "Enemy of the Reich". (ਯੂ ਟਿਊਬ ਉੱਤੇ ਵੀ ਹਿੰਦੀ ਵਿਚ ਨੂਰ ਦੀ ਕਹਾਣੀ ਸੁਣੋ -ਸੰ.) **ਸਭ** ਤੋਂ ਪਹਿਲਾਂ ਉਸਦੀ ਕਹਾਣੀ ਇੱਕ ਜੀਵਨੀ ਵਾਂਗ ਸਾਹਮਣੇ ਆਈ - "Spy Princess: The Life of Noor Inayat Khan" ਯੂਕੇ ਰਹਿੰਦੀ ਸ਼੍ਰਬਣੀ ਬਾਸੂ ਦੀ ਲਿਖੀ, ਕਿ ਕਿਸ ਹੌਂਸਲੇ ਨਾਲ ਨੂਰ ਨੇ ਫ਼ਾਸ਼ੀਵਾਦ ਦਾ ਮੁਕਾਬਲਾ ਕੀਤਾ ਅਤੇ ਉਸਨੂੰ ਬਹਾਦਰੀ ਨਾਲ ਮਰਨ ਤੋਂ ਬਾਅਦ ਜੌਰਜ ਕ੍ਰੌਸ ਮਿਲਿਆ।

ਨਿਚੋੜ: ਨੂਰ ਇੱਕ ਸੂਫ਼ੀ ਸੰਤ ਪਿਤਾ ਦੀ ਧੀ ਸੀ, ਅਤੇ ਇੱਕ ਸਿੱਖਿਅਤ ਸੰਗੀਤਵਾਦਕ, ਵੀਣਾ, ਪਿਆਨੋ ਅਤੇ ਹਾਰਪ ਵਜਾਉਂਦੀ, ਬੱਚਿਆਂ ਲਈ ਕਹਾਣੀਆਂ ਲਿਖਦੀ - ਫ਼ਾਸ਼ੀਵਾਦ ਨਾਲ ਟੱਕਰ ਲੈਣ ਲਈ ਸਾਹਮਣੇ ਆਉਣਾ ਉਸ ਨੂੰ ਜ਼ਰੂਰੀ ਲੱਗਾ, ਅਤੇ 30 ਸਾਲ ਦੀ ਉਮਰ ਵਿਚ, 13-9-1944 ਨੂੰ ਉਹ ਸ਼ਹੀਦ ਹੋ ਗਈ।

ਪੇਸ਼ਕਾਰੀ, ਅਨੁਵਾਦ: ਪੂਨਮ ਸਿੰਘ

ਮੰਟੋ ਦਾ ਨਹਿਰੂ ਦੇ ਨਾਂ ਮਸ਼ਹੂਰ ਖਤ

ਉਰਦੂ ਦੇ ਮਸ਼ਹੂਰ ਕਹਾਣੀਕਾਰ ਸਆਦਤ ਹਸਨ ਮੰਟੋ ਦੀ ਪੰਡਤ ਜਵਾਹਰਲਾਲ ਨਹਿਰੂ ਨੂੰ ਗ਼ੈਰ-ਰਸਮੀ, ਹਾਜ਼ਰ-ਜੁਆਬ ਅਤੇ ਥੋੜ੍ਹੀ ਜਿਹੀ ਤਾਅਨੇ ਵਾਂਗ ਲਿਖੀ ਖੁੱਲ੍ਹੀ ਚਿੱਠੀ ਪੇਸ਼ ਹੈ। ਇਹ ਮੰਟੋ ਨੇ ਆਪਣੀ ਮੌਤ ਤੋਂ ਚਾਰ ਮਹੀਨੇ ਬਾਈ ਦਿਨ ਪਹਿਲਾਂ ਲਿਖੀ ਸੀ। ਮੰਟੋ ਦੇ ਲਿਖੇ ਹਰ ਸ਼ਬਦ ਨੂੰ ਪੜ੍ਹੇ ਜਾਣ ਦੀ ਨਵੀਆਂ ਪੁਰਾਣੀਆਂ ਪੀੜ੍ਹੀਆਂ ਵਿਚ ਲੱਭਦੀ ਖਿੱਚ ਕਰਕੇ ਇਸ ਚਿੱਠੀ ਦਾ ਅਨੁਵਾਦ ਦੇ ਰਹੇ ਹਾਂ- ਸੰ.

ਪੰਡਤ ਜੀ,
ਅੱਸਲਾਮੁ ਅਲੈਕੁਮ!
ਇਹ ਮੇਰਾ ਪਹਿਲਾ ਖ਼ਤ ਹੈ ਜੋ ਮੈਂ ਆਪ ਨੂੰ ਭੇਜ ਰਿਹਾ ਹਾਂ। ਆਪ ਮਾਸ਼ਾ ਅੱਲ੍ਹਾ ਅਮਰੀਕੀਆਂ ਵੱਲੋਂ ਬੜੇ ਹੁਸੀਨ ਮੰਨੇ ਜਾਂਦੇ ਹੋ। ਪਰ ਮੈਂ ਸਮਝਦਾ ਹਾਂ ਕਿ ਮੇਰੇ ਨੈਣ-ਨਕਸ਼ ਵੀ ਕੋਈ ਏਨੇ ਬੁਰੇ ਨਹੀਂ ਹਨ। ਜੇ ਮੈਂ ਅਮਰੀਕਾ ਜਾਵਾਂ ਤਾਂ ਸ਼ਾਇਦ ਮੈਨੂੰ ਵੀ ਹੁਸਨ ਦਾ ਰੁਤਬਾ ਦੇ ਦਿੱਤਾ ਜਾਏ। ਪਰ ਆਪ ਭਾਰਤ ਦੇ ਪ੍ਰਧਾਨ ਮੰਤ੍ਰੀ ਹੋ ਅਤੇ ਮੈਂ ਪਾਕਿਸਤਾਨ ਦਾ ਮਹਾਨ ਕਿੱਸਾਕਾਰ। ਇਨ੍ਹਾਂ ਦੋਹਾਂ ਵਿਚ ਬੜਾ ਫ਼ਰਕ ਹੈ। ਫੇਰ ਵੀ ਸਾਡੇ ਦੋਹਾਂ ਵਿਚ ਇੱਕ ਚੀਜ਼ ਸਾਂਝੀ ਹੈ ਕਿ ਆਪ ਕਸ਼ਮੀਰੀ ਹੋ ਅਤੇ ਮੈਂ ਵੀ। ਆਪ ਨਹਿਰੂ ਹੋ, ਮੈਂ ਮੰਟੋ...ਕਸ਼ਮੀਰੀ ਹੋਣ ਦਾ ਦੂਸਰਾ ਮਤਲਬ ਖ਼ੂਬਸੂਰਤੀ ਹੈ ਅਤੇ ਖ਼ੂਬਸੂਰਤੀ ਦਾ ਮਤਲਬ... ਮੈਂ ਨਹੀਂ ਜਾਣਦਾ।

ਬੜੇ ਚਿਰ ਤੋਂ ਮੇਰੀ ਖ਼ਾਹਿਸ਼ ਸੀ ਕਿ ਮੈਂ ਆਪ ਨੂੰ ਮਿਲਾਂ (ਸ਼ਾਇਦ ਜ਼ਿੰਦਗੀ ਰਹੀ ਤਾਂ ਮੁਲਾਕਾਤ ਹੋ ਵੀ ਜਾਏ)। ਮੇਰੇ ਬਜ਼ੁਰਗ ਤਾਂ ਆਪ ਦੇ ਬਜ਼ੁਰਗਾਂ ਨਾਲ ਅਕਸਰ ਮਿਲਦੇ-ਜੁਲਦੇ ਰਹੇ ਹਨ ਪਰ ਇੱਥੇ ਕੋਈ ਅਜਿਹੀ ਸ਼ਕਲ ਨਾ ਬਣੀ ਕਿ ਆਪ ਨਾਲ ਮੁਲਾਕਾਤ ਹੋ ਸਕੇ।
ਇਹ ਕੈਸੀ ਤ੍ਰਾਸਦੀ ਹੈ ਕਿ ਮੈਂ ਆਪ ਨੂੰ ਵੇਖਿਆ ਤੱਕ ਨਹੀਂ। ਅਵਾਜ਼ ਰੇਡੀਓ ਉੱਤੇ ਬੇਸ਼ਕ ਜ਼ਰੂਰ ਸੁਣੀ ਹੈ, ਉਹ ਵੀ ਇੱਕ ਵਾਰ।
ਜਿਵੇਂ ਮੈਂ ਆਖ ਚੁੱਕਾ ਹਾਂ, ਇੱਕ ਅਰਸੇ ਤੋਂ ਮੇਰੀ ਖ਼ਾਹਿਸ਼ ਸੀ ਕਿ ਆਪ ਨੂੰ ਮਿਲਾਂ, ਏਸ ਲਈ ਕਿ ਆਪ ਨਾਲ ਮੇਰਾ ਕਸ਼ਮੀਰ ਦਾ ਰਿਸ਼ਤਾ ਹੈ, ਪਰ ਹੁਣ ਸੋਚਦਾ ਹਾਂ ਇਸਦੀ ਲੋੜ ਹੀ ਕੀ ਹੈ?
ਕਸ਼ਮੀਰੀ ਕਿਸੇ ਨਾ ਕਿਸੇ ਗਲੀ, ਚੌਰਾਹੇ ਦੂਸਰੇ ਕਸ਼ਮੀਰੀ ਨੂੰ ਮਿਲ ਹੀ ਪੈਂਦਾ ਹੈ।
ਆਪ ਕਿਸੇ ਨਹਿਰ ਨੇੜੇ ਅਬਾਦ ਹੋਏ ਅਤੇ ਨਹਿਰੂ ਹੋ ਗਏ ਅਤੇ ਹੁਣ ਮੈਂ ਸੋਚਦਾ ਹਾਂ ਕਿ ਮੈਂ ਮੰਟੋ ਕਿਵੇਂ ਹੋ ਗਿਆ? ਆਪ ਨੇ ਤਾਂ ਖ਼ੈਰ ਲੱਖਾਂ ਵਾਰ ਕਸ਼ਮੀਰ ਵੇਖਿਆ ਹੋਏਗਾ। ਮੈਂ ਬੱਸ ਬਨਿਹਾਲ ਤੱਕ ਗਿਆ ਹੈ।
ਮੇਰੇ ਕਸ਼ਮੀਰੀ ਦੋਸਤ ਜੋ ਕਸ਼ਮੀਰੀ ਜਾਣਦੇ ਹਨ, ਮੈਨੂੰ ਦੱਸਦੇ ਹਨ ਕਿ ਮੰਟੋ ਸ਼ਬਦ ਦਾ ਮਤਲਬ 'ਮੰਟ' ਹੈ ਯਾਨੀ ਡੇਢ ਸਾਰ ਦਾ ਵੱਟਾ! ਆਪ ਪੱਕੀ ਗੱਲ ਹੈ ਕਸ਼ਮੀਰੀ ਜਾਣਦੇ ਹੋਵੋਗੇ। ਇਸ ਲਈ ਜੇ ਆਪ ਜਵਾਬ ਲਿਖਣ ਦੀ ਜ਼ਹਿਮਤ ਕਰੋਗੇ ਤਾਂ ਮੈਨੂੰ ਜ਼ਰੂਰ ਲਿਖਣਾ ਕਿ 'ਮੰਟੋ' ਸ਼ਬਦ ਕਿੱਥੋਂ ਬਣਿਆ।
ਜੇ ਮੈਂ ਸਿਰਫ਼ ਡੇਢ ਸੇਰ ਹਾਂ ਤਾਂ ਮੇਰਾ ਆਪਦਾ ਮੁਕਾਬਲਾ ਨਹੀਂ। ਆਪ ਪੂਰੀ ਨਹਿਰ ਅਤੇ ਮੈਂ ਸਿਰਫ਼ ਡੇਢ ਸੇਰ। ਆਪ ਨਾਲ ਮੈਂ ਕਿਵੇਂ ਟੱਕਰ ਲੈ ਸਕਦਾ ਹਾਂ? ਪਰ ਅਸੀਂ ਦੋਨੋਂ ਕਸ਼ਮੀਰੀਆਂ ਬਾਰੇ ਮੂੰਹ ਚੜ੍ਹੀ ਕਹਾਵਤ ਮੁਤਾਬਕ ਅਜਿਹੀਆਂ ਬੰਦੂਕਾਂ ਹਾਂ ਜੋ 'ਤੁੱਕੇ ਨਾਲ ਚਲਾ ਦਿੱਤੀਆਂ ਜਾਂਦੀਆਂ ਹਨ'। ਕਿਰਪਾ ਗਲਤ ਨਾ ਸਮਝਣਾ। ਜਦੋਂ ਮੈਂ ਇਹ ਅਖੌਤੀ ਕਹਾਵਤ ਸੁਣੀ ਸੀ, ਮੈਨੂੰ ਬੜਾ ਬੁਰਾ ਲੱਗਾ ਸੀ। ਪਰ ਇਹ ਦਿਲਚਸਪ ਲੱਗੀ, ਇਸ ਲਈ ਮੈਂ ਮੌਜ-ਮਸਤੀ ਲਈ ਇਸ ਦਾ ਜ਼ਿਕਰ ਕਰ ਦਿੱਤਾ ਹੈ।
ਉਂਞ ਤਾਂ, ਮੈਂ ਅਤੇ ਆਪ ਦੋਨੋਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਅਸੀਂ ਕਸ਼ਮੀਰੀਆਂ ਕਦੇ ਕਿਸੇ ਮੈਦਾਨ ਵਿਚ ਹਾਰ ਨਹੀਂ ਮੰਨੀ।

ਰਾਜਨੀਤੀ ਦੇ ਪਾਸੇ, ਆਪ ਦਾ ਨਾਂ ਮੈਂ ਬੜੇ ਮਾਣ ਨਾਲ ਲੈ ਸਕਦਾ ਹਾਂ ਕਿ ਤੁਸੀਂ ਆਪਣਾ ਵਿਰੋਧ ਕਰਨ ਦੀ ਕਲਾ ਚੰਗੀ ਤਰ੍ਹਾਂ ਜਾਣਦੇ ਹੋ। ਅੱਜ ਦਿਨ ਤੱਕ, ਭਲਵਾਨੀ ਵਿਚ ਸਾਨੂੰ ਕਸ਼ਮੀਰੀਆਂ ਨੂੰ ਕੌਣ ਹਰਾਅ ਸਕਿਆ ਹੈ? ਸ਼ਾਇਰੀ ਵਿਚ ਸਾਡੇ ਤੋਂ ਕੌਣ ਬਾਜ਼ੀ ਲੈ ਸਕਿਆ ਹੈ? ਪਰ ਮੈਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਆਪ ਸਾਡੀ ਧਰਤੀ ਵਿੱਚੋਂ ਦਰਿਆਵਾਂ ਦਾ ਵਹਿਣਾ ਰੋਕਣਾ ਚਾਹੁੰਦੇ ਹੋ।
ਪੰਡਤ ਜੀ, ਆਪ ਤਾਂ ਨਹਿਰੂ ਹੋ। ਅਫ਼ਸੋਸ ਕਿ ਮੈਂ ਸਿਰਫ਼ ਡੇਢ ਸੇਰ ਦਾ ਵੱਟਾ ਹਾਂ। ਜੇ ਮੈਂ ਤੀਹ-ਚਾਲੀ ਹਜ਼ਾਰ ਮਣ ਦਾ ਪੱਥਰ ਹੁੰਦਾ ਤਾਂ ਆਪਣਾ ਆਪ ਇਸ ਦਰਿਆ ਵਿਚ ਸੁੱਟ ਲੈਂਦਾ ਤਾਂ ਜੋ ਆਪ ਨੂੰ ਆਪਣੇ ਇੰਜੀਨੀਅਰਾਂ ਨਾਲ ਸਲਾਹ-ਮਸ਼ਵਰਾ ਕਰਨ ਵਿਚ ਕੁਝ ਸਮਾਂ ਤਾਂ ਲੱਗਦਾ ਕਿ ਇਹ ਬਾਹਰ ਕਿਵੇਂ ਕੱਢਣਾ ਹੈ।
ਪੰਡਤ ਜੀ, ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਵੱਡੀ ਸ਼ਖ਼ਸੀਅਤ ਹੋ। ਤੁਸੀਂ ਭਾਰਤ ਦੇ ਪ੍ਰਧਾਨ ਮੰਤ੍ਰੀ ਹੋ। ਤੁਸੀਂ ਉਸ ਮੁਲਕ ਦੇ ਹਾਕਮ ਹੋ ਜੋ ਕਦੇ ਮੇਰਾ ਸੀ। ਤੁਸੀਂ ਸਭ ਕੁਝ ਹੋ। ਪਰ ਗੁਸਤਾਖ਼ੀ ਮੁਆਫ਼ ਕਰਨਾ ਜੇ ਮੈਂ ਕਹਾਂ ਕਿ ਤੁਸੀਂ ਇਸ ਖ਼ਾਕਸਾਰ ਦੀ ਕਦੇ ਕੋਈ ਪਰਵਾਹ ਨਹੀਂ ਕੀਤੀ।
ਮੈਂ ਤੁਹਾਨੂੰ ਇੱਕ ਦਿਲਚਸਪ ਕਿੱਸਾ ਸੁਣਾਉਂਦਾ ਹਾਂ। ਜਦੋਂ ਵੀ ਮੇਰੇ ਮਰਹੂਮ ਵਾਲਿਦ- ਜੋ ਜ਼ਾਹਿਰ ਹੈ ਕਸ਼ਮੀਰੀ ਸਨ- ਕਿਸੇ ਹਾਤੋ ਨੂੰ ਵੇਖਦੇ ਤਾਂ ਘਰ ਲੈ ਆਉਂਦੇ, ਡਿਓੜ੍ਹੀ ਵਿਚ ਬਿਠਾਅ ਕੇ ਉਸ ਨੂੰ ਲੂਣੀ ਚਾਹ ਪਿਆਉਂਦੇ ਅਤੇ ਕੁਲਚਾ ਵੀ ਖੁਆਉਂਦੇ। ਫੇਰ ਉਹ ਬੜੇ ਮਾਣ ਨਾਲ ਉਸ ਹਾਤੋ ਨੂੰ ਕਹਿੰਦੇ "ਮੈਂ ਵੀ ਖਰਾ ਹਾਂ।"
ਪੰਡਤ ਜੀ, ਆਪ ਵੀ ਖਰੇ ਹੋ.....ਖ਼ੁਦਾ ਦੀ ਕਸਮਮ ਜੇ ਤੁਸੀਂ ਮੇਰੀ ਜਾਨ ਵੀ ਲੈਣੀ ਚਾਹੋ, ਤਾਂ ਇਹ ਹਰ ਵਕਤ ਹਾਜ਼ਿਰ ਹੈ। ਮੈਂ ਜਾਣਦਾ ਹਾਂ, ਮੈਨੂੰ ਵਿਸ਼ਵਾਸ ਹੈ ਕਿ ਆਪ ਸਿਰਫ਼ ਏਸ ਲਈ ਕਸ਼ਮੀਰ ਨਾਲ ਚੰਬੜੇ ਹੋਏ ਹੋ ਕਿਉਂਕਿ ਆਪ ਨੂੰ, ਕਸ਼ਮੀਰੀ ਹੋਣ ਕਰਕੇ, ਉਸ ਧਰਤੀ ਨਾਲ ਚੁੰਬਕੀ ਕਿਸਮ ਦੀ ਮੁਹੱਬਤ ਹੈ। ਇਹ ਹਰ ਕਸ਼ਮੀਰੀ ਨੂੰ ਚਾਹੇ ਉਸ ਕਦੇ ਕਸ਼ਮੀਰ ਵੇਖਿਆ ਹੋਏ ਜਾਂ ਨਾ, ਇਸੇ ਤਰ੍ਹਾਂ ਹੋਣੀ ਮਹਿਸੂਸ ਹੋਣੀ ਚਾਹੀਦੀ ਹੈ।
ਜਿਵੇਂ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਮੈਂ ਸਿਰਫ਼ ਬਨਿਹਾਲ ਤੱਕ ਗਿਆ ਹਾਂ। ਮੈਂ ਕਦ, ਬਟੌਤ, ਕਿਸ਼ਤਵਾਰ ਵਰਗੀਆਂ ਥਾਵਾਂ ਵੇਖੀਆਂ ਹਨ। ਮੈਂ ਉਨ੍ਹਾਂ ਦੇ ਹੁਸਨ ਦੇ ਨਾਲ ਨਾਲ ਉਨ੍ਹਾਂ ਦੀ ਗਰੀਬੀ ਵੇਖੀ ਹੈ। ਜੇ ਤੁਸੀਂ ਇਹ ਗਰੀਬੀ ਦੂਰ ਕਰ ਦਿੱਤੀ ਹੈ, ਤਾਂ ਤੁਸੀਂ ਕਸ਼ਮੀਰ ਆਪਣੇ ਕੋਲ ਰੱਖੋ। ਪਰ ਮੈਨੂੰ ਯਕੀਨ ਹੈ ਕਿ ਤੁਸੀਂ ਇਹ ਨਹੀਂ ਕਰ ਸਕਦੇ, ਕਸ਼ਮੀਰੀ ਹੋਣ ਦੇ ਬਾਵਜੂਦ, ਕਿਉਂਕਿ ਤੁਹਾਡੇ ਕੋਲ ਫ਼ੁਰਸਤ ਨਹੀਂ ਹੈ।
ਆਪਾਂ, ਪੰਡਤ ਭਰਾਵਾਂ ਦੀ, ਆਪਸ ਦੀ ਗੱਲ ਹੈ, ਇਓਂ ਕਰੋ: ਮੈਨੂੰ ਭਾਰਤ ਵਾਪਸ ਸੱਦ ਲਓ। ਪਹਿਲਾਂ ਮੈਂ ਤੁਹਾਡੇ ਘਰ ਸਲਗਮ ਸ਼ਬਦੇਗ਼ ਛਕਾਂਗਾ ਅਤੇ ਫੇਰ ਕਸ਼ਮੀਰੀ ਮਾਮਲਿਆਂ ਦੀ ਜ਼ਿੰਮੇਵਾਰੀ ਸਾਂਭ ਲਵਾਂਗਾ। ਬਖ਼ਸ਼ੀ ਅਤੇ

ਉਸਦੇ ਨਾਲਦਿਆਂ ਦੀ ਝੱਟ ਛੁੱਟੀ ਕਰਨੀ ਬਣਦੀ ਹੈ। (ਪੰਡਤ ਨਹਿਰੂ ਅਤੇ ਕਰਣ ਸਿੰਘ ਨੇ 1953 ਵਿਚ ਸ਼ੇਖ਼ ਅਬਦੁੱਲਾ ਨੂੰ ਲਾਹ ਕੇ ਬਖ਼ਸ਼ੀ ਗ਼ੁਲਾਮ ਅਲੀ ਨੂੰ ਗੱਦੀ ਦੇ ਦਿੱਤੀ ਸੀ -ਸੰ.) ਅੱਵਲ ਦਰਜੇ ਦੇ ਚਾਰ ਸੌ ਵੀਹ ਹਨ। ਬਿਨਾ ਵਜ੍ਹਾ, ਤੁਸੀਂ ਇਨ੍ਹਾਂ ਨੂੰ ਏਨਾ ਸਿਰ ਚੜ੍ਹਾਇਆ ਹੋਇਆ ਹੈ। ਏਸ ਲਈ ਕਿ ਇਹ ਤੁਹਾਨੂੰ ਰਾਸ ਆਉਂਦਾ ਹੈ? ਆਖਿਰ ਲੋੜ ਹੀ ਕੀ ਹੈ…? ਮੈਂ ਜਾਣਦਾ ਹਾਂ ਕਿ ਤੁਸੀਂ ਸਿਆਸਤਦਾਨ ਹੋ, ਜੋ ਮੈਂ ਨਹੀਂ ਹਾਂ। ਪਰ ਇਸਦਾ ਇਹ ਮਤਲਬ ਤਾਂ ਨਹੀਂ ਕਿ ਮੈਂ ਕੁਝ ਨਹੀਂ ਸਮਝਦਾ।

ਮੁਲਕ ਦੀ ਵੰਡ ਕਰ ਦਿੱਤੀ ਗਈ। ਰੈਡਕਲਿੱਫ਼ ਨੇ ਪਟੇਲ ਨੂੰ ਸਾਰਾ ਭੈੜਾ ਭੈੜਾ ਕੰਮ ਕਰਨ ਨੂੰ ਦਿੱਤਾ। ਤੁਸੀਂ ਗ਼ੈਰਕਨੂੰਨੀ ਤੌਰ 'ਤੇ ਜੂਨਾ ਗੜ੍ਹ ਉੱਤੇ ਕਬਜ਼ਾ ਕੀਤਾ ਹੈ, ਜੋ ਕੋਈ ਕਸ਼ਮੀਰੀ ਸਿਰਫ਼ ਕਿਸੇ ਮਰਾਠੇ ਦੇ ਅਸਰ ਥੱਲੇ ਕਰ ਸਕਦਾ ਸੀ। ਮੇਰਾ ਮਤਲਬ ਪਟੇਲ ਦੇ। (ਰੱਬ ਉਸਨੂੰ ਮਾਫ਼ ਕਰੇ)। ਤੁਸੀਂ ਅੰਗ੍ਰੇਜ਼ਾਂ ਦੀ ਜ਼ਬਾਨ ਦੇ ਲੇਖਕ ਹੋ। ਇੱਥੇ ਮੈਂ ਉਰਦੂ ਵਿਚ ਕਹਾਣੀਆਂ ਲਿਖਦਾ ਹਾਂ, ਉਹ ਜ਼ਬਾਨ ਜੋ ਤੁਹਾਡੇ ਹਿੰਦੋਸਤਾਨ ਵਿਚ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਡਤ ਜੀ, ਮੈਂ ਅਕਸਰ ਤੁਹਾਡੇ ਬਿਆਨ ਪੜ੍ਹਦਾ ਰਹਿੰਦਾ ਹਾਂ, ਜਿਨ੍ਹਾਂ ਤੋਂ ਨਜ਼ਰ ਆਉਂਦਾ ਹੈ ਕਿ ਤੁਹਾਨੂੰ ਉਰਦੂ ਨਾਲ ਮੁਹੱਬਤ ਹੈ। ਮੈਂ ਤੁਹਾਡਾ ਇੱਕ ਭਾਸ਼ਣ ਰੇਡੀਓ ਉੱਤੇ ਸੁਣਿਆ ਸੀ ਜਦੋਂ ਮੁਲਕ ਵੰਡਿਆ ਗਿਆ ਸੀ। ਤੁਹਾਡੀ ਅੰਗ੍ਰੇਜ਼ੀ ਦੇ ਸਭ ਨੇ ਪਰਸੰਸਾ ਕੀਤੀ, ਪਰ ਜਦੋਂ ਤੁਸੀਂ ਅਖੌਤੀ ਉਰਦੂ ਵਿਚ ਗੱਲ ਕਰਨੀ ਸ਼ੁਰੂ ਕੀਤੀ, ਇਓਂ ਲੱਗਾ ਕਿ ਕਿਸੇ ਕੌੜੇ ਹਿੰਦੂ ਮਹਾਸਭਾਈ ਨੇ ਤੁਹਾਡੇ ਅੰਗ੍ਰੇਜ਼ੀ ਦੇ ਭਾਸ਼ਣ ਦਾ ਤਰਜਮਾ ਕੀਤਾ ਹੈ, ਜਿਹੜਾ ਜ਼ਾਹਿਰ ਹੈ ਤੁਹਾਨੂੰ ਪਸੰਦ ਨਹੀਂ ਆਇਆ। ਤੁਸੀਂ ਹਰ ਵਾਕ ਨੂੰ ਅਟਕ ਅਟਕ ਪੜ੍ਹ ਰਹੇ ਸੀ। ਮੈਂ ਕਿਆਸ ਨਹੀਂ ਕਰ ਸਕਦਾ ਕਿ ਤੁਸੀਂ ਇਹ ਉੱਚੀ ਪੜ੍ਹਨ ਲਈ ਕਿਸ ਤਰ੍ਹਾਂ ਸਹਿਮਤ ਹੋ ਗਏ।

ਇਹ ਉਸ ਜ਼ਮਾਨੇ ਦੀ ਗੱਲ ਹੈ ਜਦੋਂ ਰੈਡਕਲਿੱਫ਼ ਨੇ ਹਿੰਦੋਸਤਾਨ ਨੂੰ ਇੱਕੋ ਸਾਬਤ ਡਬਲਰੋਟੀ ਦੇ ਦੋ ਹਿੱਸੇ ਬਣਾਅ ਛੱਡਿਆ ਸੀ। ਅਫ਼ਸੋਸ ਦੀ ਗੱਲ ਹੈ ਕਿ ਇਹ ਅਜੇ ਤੱਕ ਸੇਕੇ ਨਹੀਂ ਗਏ। ਓਧਰੋਂ ਤੁਸੀਂ ਸੇਕ ਦੇ ਰਹੇ ਹੋ ਅਤੇ ਅਸੀਂ, ਇੱਧਰੋਂ। ਪਰ ਸਾਡੀਆਂ ਅੰਗੀਠੀਆਂ ਵਿਚ ਅੱਗ ਬਾਹਰੋਂ ਆ ਰਹੀ ਹੈ।

ਪੰਡਤ ਜੀ, ਅੱਜਕੱਲ੍ਹ ਬਗੂਗੋਸ਼ਿਆਂ ਦਾ ਮੌਸਮ ਹੈ…ਬਹੁਤ ਗੋਸ਼ੇ ਤਾਂ ਮੈਂ ਬਹੁਤ ਖਾਧੇ ਹਨ, ਪਰ ਬਗੂਗੋਸ਼ੇ ਖਾਣ ਦੀ ਸਿੱਕ ਹੈ। ਕਿੰਨੀ ਨਾ-ਇਨਸਾਫ਼ੀ ਹੈ ਕਿ ਬਕਸ਼ੀ ਨੂੰ ਇਨ੍ਹਾਂ ਉੱਤੇ ਸਾਰੇ ਹੱਕ ਦਿੱਤੇ ਹਨ ਅਤੇ ਉਹ ਤੋਹਫ਼ੇ ਵਾਂਗ ਵੀ ਮੈਨੂੰ ਥੋੜ੍ਹੇ ਜਿਹੇ ਨਹੀਂ ਭੇਜਦਾ! ਚਲੋ, ਤੋਹਫ਼ਾ ਜਾਏ ਜਹੰਨੁਮ ਵਿਚ, ਬੱਗੂਗੋਸ਼ੇ ਵੀ…..ਨਹੀਂ, ਹੁਣ ਸੋਚ ਰਿਹਾ ਹਾਂ, ਜਿਵੇਂ ਹਨ ਓਸੇ ਤਰ੍ਹਾਂ ਰਹਿਣ। ਦਰਅਸਲ, ਮੈਂ ਤੁਹਾਨੂੰ ਇਹ ਪੁੱਛਣਾ ਸੀ: ਤੁਸੀਂ ਮੇਰੀਆਂ ਕਿਤਾਬਾਂ ਕਿਉਂ ਨਹੀਂ ਪੜ੍ਹਦੇ? ਜੇ ਤੁਸੀਂ ਪੜ੍ਹੀਆਂ ਹਨ, ਮੈਨੂੰ ਅਫ਼ਸੋਸ ਹੈ ਕਿ ਤੁਸੀਂ ਕਦੇ ਦਾਦ ਨਹੀਂ ਦਿੱਤੀ। ਉਂਝ, ਇਹ ਹੋਰ ਮਾੜੀ ਗੱਲ ਹੈ ਜੇ ਤੁਸੀਂ ਇਸ ਲਈ ਨਹੀਂ ਪੜ੍ਹਦੇ ਕਿਉਂਕਿ ਤੁਸੀਂ ਆਪ ਇੱਕ ਲੇਖਕ ਹੋ।

ਮੈਨੂੰ ਆਪ ਨਾਲ ਇੱਕ ਹੋਰ ਗਿਲਾ ਹੈ। ਆਪਂ ਸਾਡੇ ਦਰਿਆਵਾਂ ਵਿਚ ਪਾਣੀ ਆਉਣੋਂ ਰੋਕ ਰਹੇ ਹੋ, ਅਤੇ ਆਪ ਤੋਂ ਸਿੱਖ, ਆਪ ਦੀ ਰਾਜਧਾਨੀ ਵਿਚ ਪ੍ਰਕਾਸ਼ਕ ਮੇਰੀ ਇਜਾਜ਼ਤ ਤੋਂ ਬਿਨਾ ਹੀ ਕਾਹਲੀ ਕਾਹਲੀ ਮੇਰੀਆਂ ਕਿਤਾਬਾਂ ਛਾਪੀ ਜਾ ਰਹੇ ਹਨ। ਕੀ ਇਹ ਕਰਨਾ ਸਹੀ ਹੈ? ਮੈਂ ਸੋਚਿਆ ਸੀ ਕਿ ਆਪ ਦੀ ਹਕੂਮਤ ਵਿਚ ਅਜਿਹਾ ਕੋਈ ਅਣਫਬਦਾ ਕੰਮ ਨਹੀਂ ਹੋ ਸਕਦਾ ਹੋਣਾ। ਆਪ ਏਸੇ ਵੇਲੇ ਪਤਾ ਕਰ ਸਕਦੇ ਹੋ ਕਿ ਦਿੱਲੀ, ਲਖਨਊ, ਅਤੇ ਜਲੰਧਰ ਵਿਚ ਕਿੰਨੇ ਪ੍ਰਕਾਸ਼ਕਾਂ ਨੇ ਮੇਰੀਆਂ ਕਿਤਾਬਾਂ ਛਾਪੀਆਂ ਹਨ।

ਅਸ਼ਲੀਲ ਲੇਖਣ ਦੇ ਇਲਜ਼ਾਮ ਹੇਠ ਮੇਰੇ ਉੱਤੇ ਕਿੰਨੇ ਹੀ ਮੁਕੱਦਮੇ ਦਾਇਰ ਕੀਤੇ ਗਏ ਹਨ। ਪਰ ਬੇਇਨਸਾਫ਼ ਵੇਖੋ ਕਿ ਦਿੱਲੀ ਵਿਚ, ਐਨ ਤੁਹਾਡੇ ਨੱਕ ਥੱਲੇ, ਇੱਕ ਪ੍ਰਕਾਸ਼ਕ ਮੇਰੀਆਂ ਕਹਾਣੀਆਂ ਦਾ ਸੰਗ੍ਰਹਿ ਛਾਪਦਾ ਹੈ ਅਤੇ ਇਸਦਾ ਨਾਂ ਰੱਖਦਾ ਹੈ: "ਮੰਟੋ ਕੀ ਅਸ਼ਲੀਲ ਕਹਾਨੀਆਂ"।

ਮੈਂ "ਗੰਜੇ ਫ਼ਰਿਸ਼ਤੇ" ਕਿਤਾਬ ਲਿਖੀ। ਇੱਕ ਭਾਰਤੀ ਪ੍ਰਕਾਸ਼ਕ ਨੇ ਇਸ ਨੂੰ "ਪਰਦੇ ਕੇ ਪਿੱਛੇ" ਆਖ ਕੇ ਪ੍ਰਕਾਸ਼ਤ ਕੀਤਾ ਹੈ। ਹੁਣ ਦੱਸੋ, ਮੈਨੂੰ ਕੀ ਕਰਨਾ ਚਾਹੀਦਾ ਹੈ?

ਮੈਂ ਇੱਕ ਨਵੀਂ ਕਿਤਾਬ ਲਿਖੀ ਹੈ। ਆਪ ਨੂੰ ਲਿਖੀ ਇਹ ਚਿੱਠੀ ਇਸੇ ਦਾ ਮੁੱਖ ਬੰਦ ਹੈ । ਜੋ ਮੈਂ ਆਪਦੇ ਨਾਂ ਲਿਖਿਆ ਹੈ…ਜੇ ਇਹ ਕਿਤਾਬ ਵੀ ਆਪਦੇ ਓਧਰ ਨਜਾਇਜ਼ ਤੌਰ 'ਤੇ ਛਪ ਗਈ ਤਾਂ ਖ਼ੁਦਾ ਦੀ ਕਸਮ ਮੈਂ ਕਿਸੇ ਨਾ ਕਿਸੇ ਦਿਨ ਦਿੱਲੀ ਪਹੁੰਚ ਆਪ ਨੂੰ ਧੌਣੋਂ ਫੜ ਲਵਾਂਗਾ। ਅਤੇ ਛੱਡਾਂਗਾ ਨਹੀਂ.. ਆਪ ਨਾਲ ਅਜਿਹਾ ਚੰਬੜਾਂਗਾ ਕਿ ਸਾਰੀ ਉਮਰ ਚੇਤੇ ਰੱਖੋਗੇ। ਹਰ ਰੋਜ਼ ਸਵੇਰੇ ਆਪ ਨੂੰ ਕਹਾਂਗਾ ਕਿ ਨਮਕੀਨ ਚਾਹ ਪਿਆਓ। ਨਾਲ ਕੁਲਚਾ ਵੀ ਹੋਏ। ਸ਼ਲਜਮ ਸ਼ਬਦੇਗ ਤਾਂ ਖ਼ੈਰ ਹਰ ਹਫ਼ਤੇ ਹੋਏਗੀ ਹੀ।

ਇਹ ਕਿਤਾਬ ਛਪ ਜਾਏ ਤਾਂ ਮੈਂ ਇਸਦੀ ਕਾਪੀ ਆਪ ਨੂੰ ਭੇਜਾਂਗਾ। ਉੱਮੀਦ ਹੈ ਕਿ ਆਪ ਮੈਨੂੰ ਇਸਦੇ ਮਿਲਣ ਦੀ ਇਤਲਾਹ ਜ਼ਰੂਰ ਦਿਓਗੇ ਅਤੇ ਮੇਰੀ ਲਿਖਤ ਬਾਰੇ ਆਪਣੀ ਰਾਇ ਤੋਂ ਜ਼ਰੂਰ ਵਾਕਫ਼ ਕਰਾਓਗੇ।

ਆਪ ਨੂੰ ਮੇਰੇ ਇਸ ਖ਼ਤ ਤੋਂ ਸੜੇ ਗੋਸ਼ਤ ਦੀ ਬੋਅ ਆ ਸਕਦੀ ਹੈ..ਆਪ ਨੂੰ ਪਤਾ ਹੈ, ਸਾਡੇ ਵਤਨ ਕਸ਼ਮੀਰ ਵਿਚ ਇੱਕ ਸ਼ਾਇਰ 'ਗ਼ਨੀ' ਰਹਿੰਦਾ ਸੀ (ਗ਼ਾਲਿਬ ਨੂੰ ਵੀ ਪ੍ਰੇਰਣਾ ਦੇਣ ਵਾਲਾ- ਸੰ.) ਜੋ ਗ਼ਨੀ ਕਸ਼ਮੀਰੀ ਨਾਂ ਨਾਲ ਮਸ਼ਹੂਰ ਹੈ। ਉਸ ਕੋਲ ਈਰਾਨ ਤੋਂ ਇੱਕ ਸ਼ਾਇਰ ਆਇਆ। ਉਸਦੇ ਘਰ ਦੇ ਦਰਵਾਜ਼ੇ ਖੁੱਲ੍ਹੇ ਸਨ। ਉਹ ਲੋਕਾਂ ਨੂੰ ਕਹਿੰਦਾ ਸੀ ਕਿ ਮੇਰੇ ਘਰ ਵਿਚ ਕੀ ਹੈ ਜੋ ਮੈਂ ਦਰਵਾਜ਼ੇ ਬੰਦ ਰੱਖਾਂ? ਉਂਝ ਜਦੋਂ ਮੈਂ ਘਰ ਹੁੰਦਾ ਹਾਂ, ਦਰਵਾਜ਼ੇ ਬੰਦ ਕਰਦਾ ਹਾਂ। ਉਹ ਏਸ ਲਈ ਕਿ ਮੈਂ ਹੀ ਇਸਦੀ ਇਕਲੌਤੀ ਦੌਲਤ ਹਾਂ। ਈਰਾਨੀ ਸ਼ਾਇਰ ਉਸਦੇ ਖਾਲੀ ਘਰ ਵਿਚ ਆਪਣੀ ਬਯਾਜ (ਵਹੀ) ਛੱਡ ਗਿਆ। ਉਸ ਵਿਚ ਇੱਕ ਸ਼ੇਅਰ ਅਧੂਰਾ ਸੀ। ਮਿਸਰਾ ਸਾਨੀ (ਦੂਸਰੀ ਸਤਰ- ਅਨੁ.) ਹੋ ਗਿਆ ਸੀ, ਪਰ ਮਿਸਰਾ ਊਲਾ (ਪਹਿਲਾ- ਅਨੁ.) ਉਸ ਸ਼ਾਇਰ ਤੋਂ ਨਹੀਂ ਕਿਹਾ ਗਿਆ ਸੀ। ਮਿਸਰਾ ਸਾਨੀ ਇਹ ਸੀ–

ਕਿ ਅਜ ਲਿਬਾਸ ਤੋ ਬੂ-ਏ-ਕਬਾਬ ਭੀ ਆਯਦ

(ਤੇਰੇ ਲਿਬਾਸ ਤੋਂ ਕਬਾਬ ਦੀ ਮਹਿਕ ਆ ਰਹੀ ਹੈ)। ਜਦੋਂ ਉਹ ਈਰਾਨੀ ਸ਼ਾਇਰ ਕੁਝ ਚਿਰ ਬਾਅਦ ਵਾਪਿਸ ਆਇਆ, ਅਤੇ ਉਸ ਨੇ ਆਪਣੀ ਵਹੀ ਵੇਖੀ, ਮਿਸਰਾ ਊਲਾ ਮੌਜੂਦ ਸੀ: *ਕਦਮ ਸੋਖਤਾਜਾ ਦਸਤ ਜੋ ਬਦਅਮਾਨਤ (ਕੀ ਕਿਸੇ ਟੁੱਟੇ-ਭੱਜੇ ਦੇ ਹੱਥ ਨੇ ਤੇਰਾ ਦਾਮਨ (ਲੰਮੇ ਉਤਲੇ ਕੱਪੜੇ ਦਾ ਸਭ ਤੋਂ ਹੇਠਲਾ ਸਿਰਾ -ਅਨੁ.) ਛੋਹ ਲਿਆ ਹੈ?)*

ਪੰਡਤ ਜੀ, ਮੈਂ ਵੀ ਇਕ ਸੋਖਤਾਜਾ (ਟੁੱਟਾ-ਭੱਜਾ) ਹਾਂ। ਮੈਂ ਆਪ ਨਾਲ ਆਢਾ ਲਾਇਆ ਹੈ ਕਿਉਂਕਿ ਮੈਂ ਇਹ ਕਿਤਾਬ ਆਪ ਨੂੰ ਸਮਰਪਤ ਕਰ ਰਿਹਾ ਹਾਂ।

ਸਆਦਤ ਮੰਟੋ

27 ਅਗਸਤ 1954

ਅਸਲ ਉਰਦੂ ਦੇ ਕੀਤੇ ਗਏ ਹਿੰਦੀ ਰੂਪ ਤੋਂ ਐਸ.ਅਸਦਉੱਦੀਨ ਵੱਲੋਂ ਕੀਤੇ ਅੰਗ੍ਰੇਜ਼ੀ ਅਨੁਵਾਦ ਤੋਂ ਅਨੁਵਾਦ- ਪਰਮ ਸਿੰਘ

ਕੱਚੀਆਂ ਇੱਟਾਂ ਪੱਕੇ ਹੰਝੂ

ਮਨਜੀਤ ਮਾਨ

ਜੇਠ ਦੀ ਤਪਦੀ ਦੁਪਹਿਰ ਸਿਰ 'ਤੇ ਨੱਚ ਰਹੀ ਸੀ। ਅਸਮਾਨ ਵਿੱਚੋਂ ਸੂਰਜ ਅੱਗ ਦੇ ਅੰਗਾਰੇ ਵਰ੍ਹਾ ਰਿਹਾ ਸੀ, ਜਿਵੇਂ ਧਰਤੀ ਨੂੰ ਸਾੜ ਕੇ ਕੋਲਾ ਕਰ ਦੇਣਾ ਚਾਹੁੰਦਾ ਹੋਵੇ। ਲੂ ਦੇ ਥਪੇੜੇ ਚਮੜੀ ਨੂੰ ਲੂਹ ਰਹੇ ਸਨ ਅਤੇ ਦੂਰ-ਦੂਰ ਤੱਕ ਫੈਲੇ ਭੱਠੇ ਦੀ ਜ਼ਮੀਨ ਵਿੱਚੋਂ ਤਪਸ਼ ਉੱਠ ਰਹੀ ਸੀ। ਪਰ ਜਗਨੇ ਦੇ ਹੱਥਾਂ ਦੀ ਰਫ਼ਤਾਰ ਕਿਸੇ ਮਸ਼ੀਨ ਵਰਗੀ ਸੀ। ਉਸ ਕੋਲ ਸੁਸਤਾਉਣ ਦਾ ਨਾ ਤਾਂ ਸਮਾਂ ਸੀ ਅਤੇ ਨਾ ਹੀ ਹੱਕ। ਉਹ ਬਿਨਾਂ ਰੁਕੇ, ਇੱਕੋ ਲੈਅ ਵਿੱਚ, ਮਿੱਟੀ ਦੇ ਲੇਵੇ ਨੂੰ ਲੱਕੜ ਦੇ ਫਰਮੇ ਵਿੱਚ ਪਾਉਂਦਾ, ਥੱਪ-ਥੱਪ ਕਰਦਾ ਤੇ ਜ਼ਮੀਨ 'ਤੇ ਇੱਕ ਹੋਰ ਕੱਚੀ ਇੱਟ ਉਤਾਰ ਦਿੰਦਾ।

ਉਸ ਦੇ ਪਿੰਡੇ ਤੋਂ ਸਿੰਮਦਾ ਮੁੜ੍ਹਕਾ ਤਿੱਪ-ਤਿੱਪ ਕਰਕੇ ਪੈਰਾਂ ਹੇਠਲੀ ਕੱਚੀ ਮਿੱਟੀ ਵਿੱਚ ਜਜ਼ਬ ਹੋ ਰਿਹਾ ਸੀ ਮਾਨੋ ਉਹ ਇੱਟਾਂ ਸਿਰਫ਼ ਗਾਰੇ ਦੀਆਂ ਨਹੀਂ, ਉਸ ਦੇ ਆਪਣੇ ਖ਼ੂਨ-ਪਸੀਨੇ ਦੀਆਂ ਬਣ ਰਹੀਆਂ ਸਨ। ਜਗਨੇ ਦੀ ਪਿੱਠ ਲਗਾਤਾਰ ਝੁਕਣ ਕਰਕੇ ਅਕੜ ਚੁੱਕੀ ਸੀ, ਪਰ ਉਸ ਦੀਆਂ ਅੱਖਾਂ ਸਾਹਮਣੇ ਫੈਲੀਆਂ ਇੱਟਾਂ ਦੀਆਂ ਪਾਲਾਂ ਵਿੱਚ ਉਸ ਨੂੰ ਆਪਣੇ ਘਰ ਦਾ ਰਾਸ਼ਨ ਨਜ਼ਰ ਆ ਰਿਹਾ ਸੀ।

"ਬਾਪੂ... ਭੁੱਖ ਲੱਗੀ ਹੈ, ਅੱਜ ਆਪਾਂ ਰੋਟੀ ਨਹੀਂ ਖਾਣੀ?"

ਦਸ ਕੁ ਸਾਲਾਂ ਦੇ ਦੀਪੂ ਨੇ ਆਪਣੀ ਮੈਲੀ-ਫਟੀ ਕਮੀਜ਼ ਦਾ ਪੱਲਾ ਖਿੱਚਦਿਆਂ ਪੁੱਛਿਆ। ਉਸ ਦੀਆਂ ਮਾਸੂਮ ਅੱਖਾਂ ਵਿੱਚ ਭੁੱਖ ਦੀ ਲਾਚਾਰੀ ਅਤੇ ਇੱਕ ਆਸ ਝਲਕ ਰਹੀ ਸੀ। ਸਵੇਰ ਤੋਂ ਉਹ ਵੀ ਬਾਪੂ ਨਾਲ ਛੋਟੇ-ਛੋਟੇ ਹੱਥਾਂ ਨਾਲ ਇੱਟਾਂ ਸਿੱਧੀਆਂ ਕਰਨ ਵਿੱਚ ਮਦਦ ਕਰ ਰਿਹਾ ਸੀ।

ਜਗਨੇ ਨੇ ਇੱਕ ਪਲ ਲਈ ਕੰਬਦੀਆਂ ਅੱਖਾਂ ਨਾਲ ਅਸਮਾਨ ਵੱਲ ਦੇਖਿਆ, ਜਿੱਥੇ ਸੂਰਜ ਬੇਰਹਿਮੀ ਨਾਲ ਚਮਕ ਰਿਹਾ ਸੀ। ਫਿਰ ਉਸ ਦੀ ਨਜ਼ਰ ਦੂਰ ਇੱਕ ਛੱਪਰ ਹੇਠ ਆਰਾਮ ਨਾਲ ਬੈਠੇ ਭੱਠੇ ਦੇ ਮੁਨਸ਼ੀ 'ਤੇ ਪਈ। ਮੁਨਸ਼ੀ ਨੇ ਸਵੇਰੇ ਹੀ ਹੱਥ ਵਿੱਚ ਵਹੀ ਫੜ ਕੇ ਸਾਫ਼ ਕਹਿ ਦਿੱਤਾ ਸੀ, "ਜਗਨਿਆ, ਜੇ ਅੱਜ ਦੋ ਹਜ਼ਾਰ ਇੱਟਾਂ ਪੂਰੀਆਂ ਨਾ ਹੋਈਆਂ, ਤਾਂ ਅੱਜ ਦੀ ਦਿਹਾੜੀ ਭੁੱਲ ਜਾਵੀਂ। ਮਾਲਕ ਨੇ ਪਿਛਲਾ ਹਿਸਾਬ ਪਹਿਲਾਂ ਹੀ ਬਰਾਬਰ ਕੀਤਾ ਹੋਇਆ ਹੈ।"

ਘਰ ਵਿੱਚ ਆਟੇ ਦੀ ਇੱਕ ਮੁੱਠੀ ਵੀ ਨਹੀਂ ਸੀ। ਸਿਰਫ਼ ਖ਼ਾਲੀ ਪੀਪਾ ਰਸੋਈ ਦੀ ਨੁੱਕਰ ਵਿੱਚ ਪਿਆ ਜਗਨੇ ਦੀ ਗਰੀਬੀ ਦਾ ਮੂੰਹ ਚਿੜਾ ਰਿਹਾ ਸੀ। ਜਗਨੇ ਦੀ ਪਤਨੀ ਬਿਮਾਰੀ ਕਾਰਨ ਪਹਿਲਾਂ ਹੀ ਮੰਜੇ 'ਤੇ ਪਈ ਸੀ, ਜਿਸ ਦੀ ਦਵਾਈ ਲਈ ਵੀ ਪੈਸੇ ਚਾਹੀਦੇ ਸਨ।

"ਬੱਸ ਥੋੜ੍ਹੀ ਦੇਰ ਹੋਰ ਮੇਰੇ ਸ਼ੇਰ ਪੁੱਤ।।। ਆਹ ਸਾਹਮਣੇ ਵਾਲੀ ਲਾਈਨ ਪੂਰੀ ਕਰ ਲਵਾਂ। ਫਿਰ ਮੁਨਸ਼ੀ ਤੋਂ ਪੈਸੇ ਲੈ ਕੇ ਤੈਨੂੰ ਤੱਤੀ-ਤੱਤੀ ਰੋਟੀ ਅਤੇ ਗੁੜ ਵਾਲੀ ਚਾਹ ਬਣਾ ਕੇ ਦੁਆਊਂਗਾ," ਜਗਨੇ ਨੇ ਆਪਣੇ ਸੁੱਕੇ, ਪਾਟੇ ਬੁੱਲ੍ਹਾਂ 'ਤੇ ਜੀਭ ਫੇਰਦਿਆਂ ਝੂਠੀ ਤਸੱਲੀ ਦਿੱਤੀ। ਉਹ ਜਾਣਦਾ ਸੀ ਕਿ ਉਸ ਦੀ ਇਸ ਤਸੱਲੀ ਦੇ ਓਹਲੇ ਅਜੇ ਕਈ ਘੰਟਿਆਂ ਦੀ ਹੱਡ-ਭੰਨਵੀਂ ਮਿਹਨਤ ਬਾਕੀ ਸੀ।

"ਗਰੀਬ ਦੀ ਮਿਹਨਤ ਅਕਸਰ ਕੁਦਰਤ ਅਤੇ ਕਿਸਮਤ ਦੇ ਰਹਿਮੋ-ਕਰਮ 'ਤੇ ਹੁੰਦੀ ਹੈ। ਜਦੋਂ ਗਰੀਬ ਆਪਣੀ ਕਿਸਮਤ ਬਦਲਣ ਲਈ ਹੱਥ ਪੈਰ ਮਾਰਦਾ ਹੈ, ਤਾਂ ਕਈ ਵਾਰ ਪਰਮਾਤਮਾ ਵੀ ਉਸ ਦੇ ਖ਼ਿਲਾਫ਼ ਸੁਰ ਬਦਲ ਲੈਂਦਾ ਹੈ।"

ਅਚਾਨਕ, ਕੁਦਰਤ ਨੇ ਅੱਖ ਬਦਲੀ। ਚਿੱਟੇ ਦਿਨ ਵਾਂਗ ਚਮਕਦੇ ਅਸਮਾਨ ਵਿੱਚ ਦੇਖਦਿਆਂ ਹੀ ਦੇਖਦਿਆਂ ਕਾਲੇ-ਸ਼ਾਹ ਬੱਦਲ ਇੰਝ ਘਿਰ ਆਏ ਜਿਵੇਂ ਕੋਈ ਕਹਿਰ ਟੁੱਟਣ ਵਾਲਾ ਹੋਵੇ। ਤਪਦੀ ਹਵਾ ਇੱਕਦਮ ਸੀਤਲ ਹੋ ਗਈ ਅਤੇ ਦੇਖਦੇ ਹੀ ਦੇਖਦੇ ਉਹ ਇੱਕ ਤੇਜ਼ ਹਨੇਰੀ ਵਿੱਚ ਬਦਲ ਗਈ। ਧੂੜ ਦਾ ਗੁਬਾਰ ਉੱਠਿਆ, ਜਿਸ ਨੇ ਅੱਖਾਂ ਅੱਗੇ ਹਨੇਰਾ ਕਰ ਦਿੱਤਾ।

ਜਗਨੇ ਦਾ ਕਾਲਜਾ ਕੰਬ ਗਿਆ। ਉਸ ਦੇ ਹੱਥੋਂ ਲੱਕੜ ਦਾ ਫਰਮਾ ਛੁੱਟ ਕੇ ਚਿੱਕੜ ਵਿੱਚ ਡਿੱਗ ਪਿਆ। ਉਸ ਦੀਆਂ ਅੱਖਾਂ ਸਾਹਮਣੇ ਮਹੀਨਿਆਂ ਦੀ ਕਮਾਈ ਹਜ਼ਾਰਾਂ ਕੱਚੀਆਂ ਇੱਟਾਂ, ਜੋ ਅਜੇ ਭੱਠੇ ਵਿੱਚ ਪੱਕਣੀਆਂ ਬਾਕੀ ਸਨ, ਖੁੱਲ੍ਹੇ ਅਸਮਾਨ ਹੇਠ ਆਪਣੀ ਹੋਂਦ ਦੀ ਭੀਖ ਮੰਗ ਰਹੀਆਂ ਸਨ। ਜੇ ਮੀਂਹ ਪੈ ਗਿਆ, ਤਾਂ ਸਾਰੀ ਮਿੱਟੀ ਵਹਿ ਜਾਣੀ ਸੀ। ਭੱਠੇ ਦਾ ਨਿਯਮ ਬੇਰਹਿਮ ਸੀ ਕੱਚੀ ਇੱਟ ਟੁੱਟੀ ਤਾਂ ਨੁਕਸਾਨ ਮਜ਼ਦੂਰ ਦਾ, ਮਾਲਕ ਨੇ ਉਸ ਦੀ ਮਿਹਨਤ ਦਾ ਇੱਕ ਧੇਲਾ ਵੀ ਨਹੀਂ ਸੀ ਦੇਣਾ।

"ਦੀਪੂ ਦੌੜ ਪੁੱਤ! ਉੱਧਰੋਂ ਤਰਪਾਲ ਖਿੱਚ ਇੱਟਾਂ ਦੀਆਂ ਪਾਲਾਂ ਨੂੰ ਢਕੀਏ!" ਜਗਨਾ ਪਾਗਲਾਂ ਵਾਂਗ ਚੀਕਿਆ। ਉਸ ਦੀ ਆਵਾਜ਼ ਵਿੱਚ ਇੱਕ ਅਜੀਬ ਜਿਹੀ ਦਹਿਸ਼ਤ ਸੀ।

ਪਰ ਅਸਮਾਨ ਵਿੱਚ ਗਰਜਦੇ ਬੱਦਲਾਂ ਨੂੰ ਸ਼ਾਇਦ ਇਸ ਗਰੀਬ ਦੀ ਆਵਾਜ਼ ਸੁਣਾਈ ਨਹੀਂ ਦਿੱਤੀ। ਮੋਟੀਆਂ-ਮੋਟੀਆਂ ਕਣੀਆਂ ਆਫ਼ਤ ਬਣ ਕੇ ਵਰ੍ਹਨ ਲੱਗੀਆਂ। ਜਗਨਾ ਅਤੇ ਉਸ ਦਾ ਮਾਸੂਮ ਮੁੰਡਾ ਮੀਂਹ ਵਿੱਚ ਨੰਗੇ ਪਿੰਡੇ ਭਿੱਜਦੇ ਹੋਏ, ਹਫਦੇ-ਕੰਬਦੇ ਕੱਚੀਆਂ ਇੱਟਾਂ ਉੱਤੇ ਫਟੀਆਂ ਹੋਈਆਂ ਤਰਪਾਲਾਂ ਤੇ ਬੋਰੀਆਂ ਪਾਉਣ ਦੀ ਨਾਕਾਮ ਕੋਸ਼ਿਸ਼ ਕਰਨ ਲੱਗੇ। ਪਰ ਹਵਾ ਇੰਨੀ ਤੇਜ਼ ਸੀ ਕਿ ਉਹ ਤਰਪਾਲਾਂ ਨੂੰ ਉਡਾ ਕੇ ਲੈ ਜਾਂਦੀ।

ਕੁਦਰਤ ਦੇ ਇਸ ਵੇਗ ਅੱਗੇ ਇਨਸਾਨੀ ਹੱਥ ਬਹੁਤ ਬੇਬਸ ਸਨ। ਦੇਖਦਿਆਂ ਹੀ ਦੇਖਦਿਆਂ, ਮੀਂਹ ਨੇ ਮਾਤਮ ਦਾ ਰੂਪ ਧਾਰ ਲਿਆ। ਜਗਨੇ ਦੀਆਂ ਅੱਖਾਂ ਸਾਹਮਣੇ ਉਸ ਦੀ ਮਹੀਨਿਆਂ ਦੀ ਹੱਡ-ਭੰਨਵੀਂ ਮਿਹਨਤ, ਉਸ ਦੀਆਂ ਬਣਾਈਆਂ ਇੱਟਾਂ, ਪਾਣੀ ਵਿੱਚ ਘੁਲ ਕੇ ਮੁੜ ਚਿੱਕੜ ਦਾ ਇੱਕ ਬੇਜਾਨ ਢੇਰ ਬਣ ਗਈਆਂ। ਇੱਟਾਂ ਦੇ ਕੋਨੇ ਖੁਰ ਗਏ, ਪਾਲਾਂ ਢਹਿ ਗਈਆਂ ਅਤੇ ਸਾਰਾ ਮੈਦਾਨ ਗਾਰੇ ਦਾ ਸਮੁੰਦਰ ਬਣ ਗਿਆ।

ਕੁਝ ਦੇਰ ਬਾਅਦ ਮੀਂਹ ਹਟ ਗਿਆ। ਅਸਮਾਨ ਸਾਫ਼ ਹੋ ਗਿਆ ਅਤੇ ਮੌਸਮ ਬਹੁਤ ਖੁਸ਼ਗਵਾਰ ਹੋ ਗਿਆ। ਹਵਾ ਵਿੱਚ ਠੰਢਕ ਸੀ, ਪਰ ਜਗਨੇ ਦੇ ਅੰਦਰ ਦਾ ਤੂਫ਼ਾਨ ਨਾ ਥੰਮਿਆ। ਉਹ ਨਿਢਾਲ ਹੋ ਕੇ ਉਸੇ ਚਿੱਕੜ ਦੇ ਢੇਰ ਕੋਲ ਗੋਡਿਆਂ ਭਾਰ ਬੈਠ ਗਿਆ। ਉਸ ਦਾ ਸਾਰਾ ਸਰੀਰ ਮਿੱਟੀ ਅਤੇ ਪਾਣੀ ਨਾਲ ਲਿਬੜਿਆ ਹੋਇਆ ਸੀ। ਉਸ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਕੇ ਚਿੱਕੜ ਵਿੱਚ ਮਿਲ ਰਹੇ ਸਨ ਹੁਣ ਹੰਝੂਆਂ ਅਤੇ ਮੁੜ੍ਹਕੇ ਵਿੱਚ ਕੋਈ ਫ਼ਰਕ ਨਹੀਂ ਰਿਹਾ ਸੀ।

ਦੀਪੂ ਠੰਢ ਨਾਲ ਕੰਬ ਰਿਹਾ ਸੀ। ਉਸ ਨੇ ਚਿੱਕੜ ਵਿੱਚ ਲਿਪਟੇ ਆਪਣੇ ਬਾਪੂ ਦੇ ਖੁਰਦਰੇ ਅਤੇ ਕੰਬਦੇ ਹੱਥ ਨੂੰ ਫੜਿਆ। ਉਸ ਦੀ ਮਾਸੂਮ ਅਵਾਜ਼ ਵਿੱਚ ਹੁਣ ਭੁੱਖ ਦੇ ਨਾਲ-ਨਾਲ ਇੱਕ ਡਰ ਵੀ ਸੀ, "ਬਾਪੂ... ਹੁਣ ਰੋਟੀ ਨਹੀਂ ਮਿਲੇਗੀ?"

ਜਗਨੇ ਨੇ ਰੋਂਦਿਆਂ ਆਪਣੇ ਉਨ੍ਹਾਂ ਹੱਥਾਂ ਵੱਲ ਦੇਖਿਆ, ਜਿਨ੍ਹਾਂ ਦੀਆਂ ਉਂਗਲਾਂ ਇੱਟਾਂ ਥੱਪ-ਥੱਪ ਕੇ ਘਸ ਚੁੱਕੀਆਂ ਸਨ। ਇੱਕ ਡੂੰਘੀ ਅਤੇ ਦਰਦਨਾਕ ਹੂਕ ਉਸ ਦੇ ਸੀਨੇ ਵਿੱਚੋਂ ਨਿਕਲੀ।

ਉਹ ਚਿੱਕੜ ਵਿੱਚ ਬੈਠਾ ਸੋਚ ਰਿਹਾ ਸੀ ਕਿ ਜਿਨ੍ਹਾਂ ਹੱਥਾਂ ਨੇ ਦੂਜਿਆਂ ਦੇ ਮਹਿਲ ਤੇ ਵੱਡੀਆਂ-ਵੱਡੀਆਂ ਇਮਾਰਤਾਂ ਖੜ੍ਹੀਆਂ ਕਰਨੀਆਂ ਸਨ, ਉਹੀ ਹੱਥ ਅੱਜ ਫਿਰ ਕਿਸਮਤ ਦੀ ਮਾਰ ਅੱਗੇ ਇੰਨੇ ਬੇਬੱਸ ਹੋ ਗਏ ਕਿ ਉਸ ਦੇ ਆਪਣੇ ਘਰ ਦਾ ਚੁੱਲ੍ਹਾ ਬਾਲਣ ਵਿੱਚ ਨਾਕਾਮ ਰਹੇ। ਹਵਾ ਵਿੱਚ ਹੁਣ ਸਿਰਫ਼ ਸਿੱਲ੍ਹੀ ਮਿੱਟੀ ਦੀ ਮਹਿਕ ਫੈਲੀ ਹੋਈ ਸੀ, ਅਤੇ ਉਸ ਮਹਿਕ ਦੇ ਪਿੱਛੇ ਛਿਪੀ ਸੀ ਇੱਕ ਗ਼ਰੀਬ ਦੀ ਬੇਬਸੀ ਦੀ ਉਹ ਹੂਕ, ਜਿਸ ਨੂੰ ਸੁਣਨ ਵਾਲਾ ਕੋਈ ਨਹੀਂ ਸੀ।

(ਮਾਨਸਾ) 7009898044

ਪੰਜਾਬ ਦੇ ਲੋਕ ਕੁੜੀਆਂ ਦੀ ਸਿੱਖਿਆ 'ਤੇ ਘੱਟ ਖਰਚ ਕਰਦੇ ਹਨ:

ਇੱਕ ਚੁਣੌਤੀ ਜਿਸ ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ

ਡਾ. ਵਿਜੈ ਗਰਗ

ਸਿੱਖਿਆ ਨੂੰ ਸਮਾਜਕ ਬਦਲਾਅ, ਆਰਥਕ ਤਰੱਕੀ ਅਤੇ ਮਨੁੱਖੀ ਵਿਕਾਸ ਦਾ ਸਭ ਤੋਂ ਅਸਰਦਾਰ ਸਾਧਨ ਮੰਨਿਆ ਜਾਂਦਾ ਹੈ। ਸਿੱਖਿਆ ਨਾ ਸਿਰਫ਼ ਕਿਸੇ ਨੂੰ ਗਿਆਨ ਅਤੇ ਹੁਨਰ ਦਿੰਦੀ ਹੈ, ਸਗੋਂ ਆਪਣੇ ਹੱਕਾਂ, ਜ਼ਿੰਮੇਵਾਰੀਆਂ ਅਤੇ ਮੌਕਿਆਂ ਬਾਰੇ ਵੀ ਜਾਗਰੂਕ ਬਣਾਉਂਦੀ ਹੈ। ਕਿਸੇ ਵੀ ਸਮਾਜ ਦੀ ਤਰੱਕੀ ਉਸਦੇ ਨਰ-ਨਾਰਾਂ, ਦੋਵ੍ਹਾਂ ਦੀ ਬਰਾਬਰ ਦੀ ਹਿੱਸੇਦਾਰੀ ਨਾਲ ਸੰਭਵ ਹੁੰਦੀ ਹੈ। ਪਰ ਦੁੱਖ ਦੀ ਗੱਲ ਹੈ ਕਿ ਅੱਜ ਵੀ ਪੰਜਾਬ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਕੁੜੀਆਂ ਦੀ ਸਿੱਖਿਆ ਉੱਤੇ ਮੁੰਡਿਆਂ ਮੁਕਾਬਲੇ ਘੱਟ ਖਰਚ ਕੀਤਾ ਜਾਂਦਾ ਹੈ।

ਇਹ ਮਸਲਾ ਸਿਰਫ਼ ਸਿੱਖਿਆ ਦਾ ਹੀ ਨਹੀਂ ਹੈ, ਸਗੋਂ ਸਮਾਜਕ ਸੋਚ, ਆਰਥਕ ਤਰਜੀਹਾਂ ਅਤੇ ਲਿੰਗ-ਸਮਾਨਤਾ ਨਾਲ ਵੀ ਜੁੜਿਆ ਹੋਇਆ ਹੈ। ਜਦੋਂ ਪਰਿਵਾਰ ਆਪਣੇ ਪੁੱਤਰਾਂ ਦੀ ਸਿੱਖਿਆ ਉੱਤੇ ਵੱਧ ਅਤੇ ਧੀਆਂ ਦੀ ਸਿੱਖਿਆ ਉੱਤੇ ਘੱਟ ਨਿਵੇਸ਼ (ਇਨਵੈਸਟ) ਕਰਦੇ ਹਨ, ਤਾਂ ਇਸ ਦਾ ਅਸਰ ਨਾ ਕੇਵਲ ਕੁੜੀਆਂ ਦੇ ਭਵਿੱਖ 'ਤੇ ਪੈਂਦਾ ਹੈ, ਸਗੋਂ ਪੂਰੇ ਸਮਾਜ ਦੇ ਵਿਕਾਸ 'ਤੇ ਵੀ ਪੈਂਦਾ ਹੈ।

ਖਰਚ ਵਿੱਚ ਨਾਬਰਾਬਰੀ ਦਾ ਰੁਝਾਨ

ਕਈ ਅਧਿਐਨਾਂ ਅਤੇ ਸਰਵੇਖਣਾਂ ਨੇ ਦਰਸਾਇਆ ਹੈ ਕਿ ਪਰਿਵਾਰ, ਆਮ ਤੌਰ 'ਤੇ, ਮੁੰਡਿਆਂ ਦੀ ਪੜ੍ਹਾਈ ਲਈ ਵੱਧ ਪੈਸਾ ਖਰਚ ਕਰਦੇ ਹਨ। ਸਕੂਲ ਫ਼ੀਸ, ਟਿਊਸ਼ਨ, ਕੋਚਿੰਗ, ਕਿਤਾਬਾਂ, ਡਿਜੀਟਲ ਸਾਧਨ ਅਤੇ ਉੱਚ ਸਿੱਖਿਆ ਦੇ ਮੌਕਿਆਂ ਲਈ ਮੁੰਡਿਆਂ ਨੂੰ ਪਹਿਲ ਦਿੱਤੀ ਜਾਂਦੀ ਹੈ। ਦੂਜੇ ਪਾਸੇ, ਕੁੜੀਆਂ ਲਈ ਅਕਸਰ ਘੱਟ ਖਰਚ ਵਾਲੇ ਬਦਲਵੇਂ ਰਾਹ ਚੁਣੇ ਜਾਂਦੇ ਹਨ।

ਪੰਜਾਬ ਵਿੱਚ ਸਿੱਖਿਆ ਦਾ ਪੱਧਰ ਦੇਸ਼ ਦੇ ਕਈ ਰਾਜਾਂ ਨਾਲੋਂ ਬਿਹਤਰ ਹੈ ਪਰ ਘਰੇਲੂ ਪੱਧਰ 'ਤੇ ਲਏ ਜਾਣ ਵਾਲੇ ਫ਼ੈਸਲਿਆਂ ਵਿੱਚ ਅਜੇ ਵੀ ਲਿੰਗ ਬਾਰੇ ਨਾ-ਬਰਾਬਰੀ ਦਿਸਦੀ ਹੈ। ਖ਼ਾਸ ਤੌਰ 'ਤੇ ਆਰਥਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਵਿੱਚ ਇਹ ਰੁਝਾਨ ਵੱਧ ਦੇਖਣ ਨੂੰ ਮਿਲਦਾ ਹੈ।

ਸਮਾਜਕ ਅਤੇ ਸੱਭਿਆਚਾਰਕ ਕਾਰਣ

ਪੰਜਾਬੀ ਸਮਾਜ ਵਿੱਚ ਪਰਿਵਾਰ ਅਤੇ ਵੰਸ਼ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਕਈ ਪਰਿਵਾਰਾਂ ਵਿੱਚ ਅਜੇ ਵੀ ਇਹ ਸੋਚ ਮੌਜੂਦ ਹੈ ਕਿ ਪੁੱਤਰ ਭਵਿੱਖ ਵਿੱਚ ਮਾਪਿਆਂ ਦਾ ਸਹਾਰਾ ਬਣੇਗਾ, ਜਦਕਿ ਧੀ ਵਿਆਹ ਤੋਂ ਬਾਅਦ ਕਿਸੇ ਹੋਰ ਘਰ ਚਲੀ ਜਾਵੇਗੀ। ਇਸ ਸੋਚ ਕਾਰਨ ਬਹੁਤ ਸਾਰੇ ਮਾਪੇ ਪੁੱਤਰਾਂ ਦੀ ਸਿੱਖਿਆ ਨੂੰ ਨਿਵੇਸ਼ ਅਤੇ ਧੀਆਂ ਦੀ ਸਿੱਖਿਆ ਨੂੰ ਖਰਚ ਸਮਝਦੇ ਹਨ।

ਕੁਝ ਪਰਿਵਾਰ ਅਜੇ ਵੀ ਧੀਆਂ ਦੀ ਉੱਚ ਸਿੱਖਿਆ ਦੀ ਥਾਂ ਵਿਆਹ ਲਈ ਬਚਤ ਕਰਨ ਨੂੰ ਤਰਜੀਹ ਦਿੰਦੇ ਹਨ। ਹਾਲਾਂਕਿ ਸਮਾਜ ਵਿੱਚ ਬਦਲਾਅ ਆ ਰਿਹਾ ਹੈ, ਇਹ ਸੋਚ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਹੋਈ।

ਆਰਥਕ ਤੰਗੀ, ਅਸਰ

ਜਦੋਂ ਪਰਿਵਾਰ ਦੀ ਆਮਦਨ ਸੀਮਤ ਹੁੰਦੀ ਹੈ, ਤਾਂ ਅਕਸਰ ਸਿੱਖਿਆ ਨਾਲ ਜੁੜੇ ਫ਼ੈਸਲਿਆਂ ਵਿੱਚ ਮੁੰਡਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਕਈ ਵਾਰ ਕੁੜੀਆਂ ਨੂੰ ਮਹਿੰਗੇ ਸਕੂਲਾਂ, ਕੋਚਿੰਗ ਸੰਸਥਾਵਾਂ ਜਾਂ ਪੇਸ਼ੇਵਰ ਕੋਰਸਾਂ ਵਿੱਚ ਦਾਖ਼ਲਾ ਨਹੀਂ ਦਿਵਾਇਆ ਜਾਂਦਾ।

ਪੇਂਡੂ ਖੇਤਰਾਂ ਵਿੱਚ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਸਕਦੀ ਹੈ। ਕੁਝ ਪਰਿਵਾਰਾਂ ਵਿੱਚ ਆਵਾਜਾਈ, ਸੁਰੱਖਿਆ ਅਤੇ ਹੋਰ ਖਰਚਿਆਂ ਨੂੰ ਦੇਖਦਿਆਂ ਧੀਆਂ ਦੀ ਪੜ੍ਹਾਈ ਨੂੰ ਜਲਦੀ ਰੋਕ ਦਿੱਤਾ ਜਾਂਦਾ ਹੈ।

mastdip.in

ਹੈਰਾਨੀ ਦੀ ਗੱਲ : ਕੁੜੀਆਂ ਹੀ ਅਕਸਰ ਬਿਹਤਰ ਰਹਿੰਦੀਆਂ ਹਨ

ਸਭ ਤੋਂ ਅਹਿਮ ਗੱਲ ਇਹ ਹੈ ਕਿ ਪੰਜਾਬ ਵਿੱਚ ਸਕੂਲੀ ਇਮਤਿਹਾਨਾਂ ਦੇ ਨਤੀਜਿਆਂ ਵਿੱਚ ਕੁੜੀਆਂ ਅਕਸਰ ਮੁੰਡਿਆਂ ਨਾਲੋਂ ਬਿਹਤਰ ਪੇਸ਼ਕਾਰੀ ਕਰਦੀਆਂ ਹਨ। ਬੋਰਡ ਪ੍ਰੀਖਿਆਵਾਂ ਵਿੱਚ ਟਾੱਪ ਸਥਾਨ ਹਾਸਲ ਕਰਨ ਵਾਲਿਆਂ ਵਿੱਚ ਕੁੜੀਆਂ ਦੀ ਗਿਣਤੀ ਕਾਫ਼ੀ ਹੁੰਦੀ ਹੈ।

ਇਸ ਤੋਂ ਸਾਬਤ ਹੁੰਦਾ ਹੈ ਕਿ ਜੇ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਅਤੇ ਵਸੀਲੇ ਮਿਲਣ, ਉਹ ਹੋਰ ਵੀ ਵੱਡੀਆਂ ਮੰਜ਼ਿਲਾਂ ਹਾਸਲ ਕਰ ਸਕਦੀਆਂ ਹਨ। ਕੁੜੀਆਂ ਦੀਆਂ ਇਹ ਸਫ਼ਲਤਾਵਾਂ ਇਸ ਗੱਲ ਦਾ ਸਬੂਤ ਹਨ ਕਿ ਉਨ੍ਹਾਂ ਦੀ ਸਿੱਖਿਆ ਉੱਤੇ ਲਾਇਆ ਪੈਸਾ ਅਤੇ ਜੋਸ਼ ਸਮਾਜ ਲਈ ਲਾਭਕਾਰੀ ਸਾਬਤ ਹੁੰਦਾ ਹੈ।

ਘੱਟ ਪੈਸਾ ਲਾਉਣ (ਨਿਵੇਸ਼) ਦੇ ਨਤੀਜੇ

1.ਆਰਥਕ ਵਿਕਾਸ ਵਿੱਚ ਰੁਕਾਵਟ

ਜਦੋਂ ਕੁੜੀਆਂ ਨੂੰ ਉੱਚ ਸਿੱਖਿਆ ਦੇ ਮੌਕੇ ਨਹੀਂ ਮਿਲਦੇ, ਉਹ ਆਪਣੀ ਪੂਰੀ ਸਮਰੱਥਾ ਨਾਲ ਕੰਮ ਕਾਜ ਨਹੀਂ ਕਰ ਸਕਦੀਆਂ। ਇਸ ਨਾਲ ਰਾਜ ਦੀ ਆਰਥਕ ਤਰੱਕੀ ਉੱਤੇ ਮਾੜਾ ਅਸਰ ਪੈਂਦਾ ਹੈ।

2. ਰੁਜ਼ਗਾਰ ਦੇ ਮੌਕਿਆਂ ਵਿੱਚ ਕਮੀ

ਸਿੱਖਿਆ ਦੀ ਘਾਟ ਕਾਰਨ ਕਈ ਨਾਰਾਂ ਚੰਗੀਆਂ ਨੌਕਰੀਆਂ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਇਸ ਨਾਲ ਉਨ੍ਹਾਂ ਦੀ ਆਮਦਨ ਅਤੇ ਆਰਥਕ ਖ਼ੁਦਮੁਖ਼ਤਿਆਰੀ ਉੱਤੇ ਮਾੜਾ ਅਸਰ ਪੈਂਦਾ ਹੈ।

3. ਸਿਹਤ, ਪਰਿਵਾਰ ਦੇ ਭਲੇ 'ਤੇ ਅਸਰ

ਪੜ੍ਹੀ-ਲਿਖੀ ਔਰਤ ਆਪਣੇ ਪਰਿਵਾਰ ਦੀ ਸਿਹਤ, ਪੋਸ਼ਣ ਅਤੇ ਸਿੱਖਿਆ ਬਾਰੇ ਬਿਹਤਰ ਫ਼ੈਸਲੇ ਲੈ ਸਕਦੀ ਹੈ। ਇਸ ਲਈ ਕੁੜੀਆਂ ਦੀ ਸਿੱਖਿਆ ਦਾ ਅਸਰ ਅਗਲੀ ਪੀੜ੍ਹੀ ਤੱਕ ਪਹੁੰਚਦਾ ਹੈ।

4. ਸਮਾਜਕ ਨਾਬਰਾਬਰੀ 'ਚ ਵਾਧਾ

ਲੜਕੀਆਂ ਨੂੰ ਸਿੱਖਿਆ ਵਿੱਚ ਬਰਾਬਰ ਮੌਕੇ ਨਹੀਂ ਮਿਲਦੇ ਤਾਂ ਸਮਾਜ ਵਿੱਚ ਲਿੰਗ ਪੱਖੋਂ ਨਾ-ਬਰਾਬਰੀ ਹੋਰ ਵਧਦੀ ਹੈ।

ਬਦਲਾਅ ਦਿਸਣ ਲੱਗ ਪਿਆ ਹੈ

ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਵਿੱਚ ਪਿਛਲੇ ਕੁਝ ਸਾਲਾਂ ਵਿਚ ਕੁੜੀਆਂ ਦੀ ਸਿੱਖਿਆ ਬਾਰੇ ਜਾਗਰੂਕਤਾ ਵਿੱਚ ਵਾਧਾ ਹੋਇਆ ਹੈ। ਸਰਕਾਰੀ ਵਜ਼ੀਫ਼ੇ, ਮੁਫ਼ਤ ਕਿਤਾਬਾਂ, ਸਾਈਕਲ ਯੋਜਨਾਵਾਂ ਅਤੇ ਹੋਰ ਸਹੂਲਤਾਂ ਨੇ ਸਕੂਲਾਂ ਵਿੱਚ ਲੜਕੀਆਂ ਦੀ ਹਾਜ਼ਰੀ ਵਧਾਉਣ ਵਿੱਚ ਮਦਦ ਕੀਤੀ ਹੈ।

ਅੱਜ ਕਈ ਮਾਪੇ ਆਪਣੀਆਂ ਧੀਆਂ ਡਾਕਟਰ, ਇੰਜੀਨੀਅਰ, ਅਧਿਆਪਕ, ਵਿਗਿਆਨੀ, ਪ੍ਰਸ਼ਾਸਨਕ ਅਧਿਕਾਰੀ ਅਤੇ ਉਦਯੋਗਪਤੀ ਬਨਾਉਣ ਦੇ ਸੁਫ਼ਨੇ ਵੇਖ ਰਹੇ ਹਨ। ਇਹ ਬਦਲਾਅ ਭਵਿੱਖ ਲਈ ਉਮੀਦ ਜਗਾਉਂਦਾ ਹੈ।

ਕੀ ਕੀਤਾ ਜਾਣਾ ਚਾਹੀਦਾ ਹੈ?

ਸਮਾਜਕ ਜਾਗ ਵਧਾਈ ਜਾਵੇ

ਲੋਕਾਂ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਧੀਆਂ ਦੀ ਸਿੱਖਿਆ "ਖਰਚਾ" ਨਹੀਂ, ਆਉਣ ਵਾਲੇ ਭਵਿੱਖ ਲਈ ਕੀਤਾ ਗਿਆ ਸਭ ਤੋਂ ਵਧੀਆ ਨਿਵੇਸ਼ ਹੈ।

ਮਾਇਕ ਸਹਾਇਤਾ ਮਜ਼ਬੂਤ ਕੀਤੀ ਜਾਏ

ਗਰੀਬ ਪਰਿਵਾਰਾਂ ਲਈ ਹੋਰ ਵੱਧ ਵਜ਼ੀਫ਼ੇ , ਹੱਲਾਸ਼ੇਰੀ ਦੇਣ ਦੇ ਪਲੈਨ ਸ਼ੁਰੂ ਕੀਤੇ ਜਾਣੇ ਚਾਹੀਦੇ ਹਨ।

ਸਫ਼ਲ ਨਾਰਾਂ ਨੂੰ ਰੋਲ ਮਾਡਲ ਬਣਾਇਆ ਜਾਵੇ

ਸਫ਼ਲ ਪੰਜਾਬੀ ਨਾਰਾਂ ਦੀਆਂ ਕਹਾਣੀਆਂ ਸਕੂਲਾਂ ਅਤੇ ਸਮਾਜ ਵਿੱਚ ਸੁਣਾਈਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਨਵੀਂ ਪੀੜ੍ਹੀ ਨੂੰ ਪ੍ਰੇਰਣਾ ਮਿਲੇ।

ਉੱਚੀ-ਸਿੱਖਿਆ ਨੂੰ ਹੱਲਾਸ਼ੇਰੀ

ਕੁੜੀਆਂ ਨੂੰ ਸਕੂਲ ਪੱਧਰ ਤੋਂ ਅੱਗੇ ਵਧ ਕੇ ਕਾਲਜ, ਯੂਨੀਵਰਸਿਟੀ ਅਤੇ ਪੇਸ਼ੇਵਰ ਕੋਰਸਾਂ ਵੱਲ ਪ੍ਰੇਰਿਤ ਕਰਨਾ ਜ਼ਰੂਰੀ ਹੈ।

ਨਿਚੋੜ

ਪੰਜਾਬ ਦੀ ਤਰੱਕੀ ਉਸ ਵੇਲੇ ਹੀ ਪੂਰੀ ਮੰਨੀ ਜਾਏਗੀ ਜਦੋਂ ਹਰ ਧੀ ਨੂੰ ਸਿੱਖਿਆ ਦੇ ਬਰਾਬਰ ਮੌਕੇ ਮਿਲਣਗੇ।

ਕੁੜੀਆਂ ਦੀ ਸਿੱਖਿਆ ਉੱਤੇ ਘੱਟ ਖਰਚ ਕਰਨਾ ਨਾ ਸਿਰਫ਼ ਉਨ੍ਹਾਂ ਦੇ ਸੁਫ਼ਨਿਆਂ ਨੂੰ ਘਟਾਅ ਕੇ ਰੱਖਦਾ ਹੈ, ਸਗੋਂ ਸਮਾਜ ਦੀ ਤਰੱਕੀ ਨੂੰ ਵੀ ਰੋਕਦਾ ਹੈ।

ਅੱਜ ਦੀ ਪੜ੍ਹੀ-ਲਿਖੀ ਧੀ ਕੱਲ੍ਹ ਦੀ ਸਫ਼ਲ ਮਾਂ, ਨੇਤਾ, ਵਿਗਿਆਨੀ, ਅਧਿਆਪਕ ਅਤੇ ਉਦਯੋਗਪਤੀ ਬਣ ਸਕਦੀ ਹੈ। ਇਸ ਲਈ ਲੋੜ ਇਹ ਹੈ ਕਿ ਅਸੀਂ ਧੀਆਂ ਅਤੇ ਪੁੱਤਰਾਂ ਵਿਚਕਾਰ ਸਿੱਖਿਆ ਦੇ ਮਾਮਲੇ ਵਿੱਚ ਕੋਈ ਫ਼ਰਕ ਨਾ ਕਰੀਏ ਅਤੇ ਦੋਹਾਂ ਨੂੰ ਬਰਾਬਰ ਮੌਕੇ ਦਈਏ।

ਜੇ ਪੰਜਾਬ ਦੀ ਹਰ ਧੀ ਨੂੰ ਸਿੱਖਿਆ ਦੇ ਖੇਤਰ ਵਿੱਚ ਪੂਰਾ ਸਹਿਯੋਗ ਮਿਲੇ, ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਸਮਾਜਕ ਅਤੇ ਆਰਥਕ ਵਿਕਾਸ ਦੇ ਨਵੇਂ ਰਿਕੱਾਰਡ ਕਾਇਮ ਕਰੇਗਾ।

ਭਾਵੁਕ ਹੋਣਾ

ਸੱਚ ਮੰਨਣਾ
ਭਾਵੁਕ ਹੋਣਾ
ਜਾਂ ਆਖਾਂ ਕਿ ਬਹੁਤਾ ਭਾਵੁਕ ਹੋਣਾ
ਖ਼ਤਰਨਾਕ ਹੈ
ਲੋਕ ਪਾਗਲ ਸੱਦਣ ਲੱਗਦੇ ਹਨ
ਨਹੀਂ ਤਾਂ ਝੱਲੇ ਤਾਂ ਕਹਿੰਦੇ ਹੀ ਹਨ
ਉਹ ਨਹੀਂ ਜਾਣਦੇ ਕੀ ਹੁੰਦਾ ਹੈ
ਕਿਸੇ ਹੋਰ ਦੇ ਮਨ ਵਿੱਚ ਝਾਕਣਾ
ਕਿਸੇ ਦਾ ਦਰਦ ਮਹਿਸੂਸ ਕਰ ਲੈਣਾ
ਕਿਸੇ ਲਈ ਐਵੇਂ ਹੀ ਰੋਅ ਪੈਣਾ
ਤੇ ਤਪਦੀ ਧੁੱਪ ਵਿਚ
ਕਿਸੇ 'ਤੇ ਛਾਂ ਦਾ
ਇੱਕ ਨਿੱਕਾ ਟੋਟਾ ਕਰ ਦੇਣਾ
ਤੇ ਹਾਰੀ ਹੋਈ ਰੂਹ ਦੀ
ਹਨੇਰੀ ਝੁੱਗੀ ਵਿਚ
ਇੱਕ ਦੀਵਾ ਬਾਲ ਦੇਣਾ

ਉਹ ਤਾਂ ਰੁੱਝੇ ਹਨ
ਆਪਣੀਆਂ ਦੁਨੀਆਵਾਂ ਵਿਚ
ਸੰਸਿਆਂ ਵਿਚ ਅਤੇ
ਅਣਬੁਝੀਆਂ ਲਾਲਸਾਵਾਂ ਵਿਚ
ਅਤੇ ਭਾਵੁਕਤਾ ਦੇ ਉੱਤੇ
ਮੂਰਖਤਾ ਦਾ ਬਿੱਲਾ ਚੇਪ ਦੇਣ ਵਿਚ
ਉਹ ਨਹੀਂ ਜਾਣਦੇ ਕਿ ਮਨ ਅਰਥ-
ਵਾਨ ਹੈ ਤਾਂ
ਸਿਰਫ਼ ਭਾਵੁਕਤਾ ਵਿਚ ਹੈ!
ਥਾਲੀ ਵਿਚ ਧੂਫ਼ ਦੀਵਾ ਬਾਲ
ਕਿਸੇ ਥੁੜੇ-ਵਾਂਝੇ ਵਾਸਤੇ
ਅਰਜੋਈ ਕਰਨ ਵਿਚ ਹੈ
ਕਿਸੇ ਬਿਨ-ਵਸਤਰ ਦੇ
ਵਸਤਰ-ਵਾਲੇ ਹੋਣ ਦੀ ਇੱਛਾ 'ਚ ਹੈ
ਕਿਸੇ ਦੀ ਭੁੱਖ, ਠੰਢ, ਬਿਮਾਰੀ
ਤੇ ਉਸਦੀਆਂ ਬੇੜੀਆਂ ਕੱਟਣ ਵਿਚ ਹੈ
ਨਾ-ਕਾਬਲ ਨੂੰ ਕਾਬਲੀਅਤ
ਦਿਵਾਉਣ ਵਿਚ ਹੈ
ਉਨ੍ਹਾਂ ਕੋਲ
ਅੰਨ, ਪਾਣੀ, ਛੱਤ ਹੋ ਜਾਣ ਵਿਚ ਹੈ
ਅਤੇ
ਦਿਲ 'ਚ ਭਰੀ ਨਰਮੀ-
ਕਿਸੇ ਲਈ ਤਰਸ ਆਉਣ ਵਿਚ ਹੈ

ਤਾਂ ਫੇਰ ਕੀ ਮਾੜਾ ਹੈ
ਭਾਵੁਕ ਹੋਣਾ?

ਉਮਾ ਤ੍ਰਿਲੋਕ

5-5-26

ਹਿੰਦੀ ਤੋਂ ਅਨੁ: ਪ.ਸ.

ਰੇਡੀਓ ਦੀਆਂ ਯਾਦਾਂ: ਦੇਵਿੰਦਰ ਮਹੇਂਦਰੂ

ਸੀਜ਼ਨ-ਦੋ; ਐਪੀਸੋਡ -29

ਇੱਕ ਸਾਲ ਦੂਰਦਰਸ਼ਨ ਸ੍ਰੀਨਗਰ ਵਿੱਚ ਨੌਕਰੀ ਕਰ ਕੇ 'ਛਿੱਅਤਰ ਵਿੱਚ ਮੇਰੀ ਬਦਲੀ ਰੇਡੀਓ ਜਲੰਧਰ ਵਿੱਚ ਹੋ ਗਈ। ਐੱਮ ਏ ਪੰਜਾਬੀ ਤੋਂ ਬਾਅਦ ਲਾਇਬ੍ਰੇਰੀ ਸਾਇੰਸ ਦਾ ਡਿਗਰੀ ਕੋਰਸ ਕਰ ਕੇ, ਦੋ ਪ੍ਰਾਈਵੇਟ ਕਾਲਜਾਂ ਤੇ ਇੱਕ ਸਰਕਾਰੀ ਕਾਲਜ ਵਿੱਚ ਕੱਚੀਆਂ ਨੌਕਰੀਆਂ ਤੋਂ ਬਾਅਦ, ਕੇਂਦਰ ਸਰਕਾਰ ਦੀ ਇਹ ਪੱਕੀ ਨੌਕਰੀ ਬੇਸ਼ੱਕ ਬਹੁਤ ਛੋਟੇ ਸਕੇਲ ਦੀ ਸੀ ਪਰ ਮੈਂ ਸਿਰਫ਼ ਬਾਈ ਸਾਲ ਦੀ ਸੀ ਤੇ ਏਨੀ ਉਮਰ ਵਿੱਚ ਤਾਂ ਲੋਕਾਂ ਦੀ ਪੜ੍ਹਾਈ ਵੀ ਪੂਰੀ ਨਹੀਂ ਹੋਈ ਹੁੰਦੀ, ਮੈਂ ਤੇ ਆਤਮ-ਨਿਰਭਰ ਹੋ ਚੁੱਕੀ ਸੀ। ਇਸਦਾ ਅਸਰ ਮੇਰੇ ਉੱਪਰ ਪੈਣਾ ਲਾਜ਼ਮੀ ਸੀ। ਰੇਡੀਓ ਦੀ ਉੱਚੀ ਪੋਸਟ ਲਈ ਅਪਲਾਈ ਕਰਨ ਦੀ ਮੇਰੀ ਕਾਬਲੀਅਤ ਬਣਦੀ ਸੀ ਤੇ ਇੱਥੇ ਅੱਗੇ ਪੜ੍ਹਾਈ ਕਰਨ 'ਤੇ ਵੀ ਕੋਈ ਪਬੰਦੀ ਨਹੀਂ ਸੀ।

ਐੱਮ ਫ਼ਿਲ ਲਈ ਰਜਿਸਟ੍ਰੇਸ਼ਨ, ਦੂਰਦਰਸ਼ਨ ਵਿੱਚ ਆਉਣ ਤੋਂ ਪਹਿਲਾਂ ਹੀ ਕਰਵਾਅ ਚੁੱਕੀ ਸੀ ਤੇ ਡਾਕਟਰ ਦਲੀਪ ਕੌਰ ਟਿਵਾਣਾ ਦੀ ਗਾਈਡੈਂਸ ਵਿੱਚ ਪੰਜਾਬੀ ਕਹਾਣੀ 'ਤੇ ਕੰਮ ਕਰ ਰਹੀ ਸੀ।

ਰੇਡੀਓ ਜਲੰਧਰ ਦੀ ਲਾਇਬ੍ਰੇਰੀ, ਲਿਖਣ ਪੜ੍ਹਨ ਦਾ ਮਹੌਲ, ਪ੍ਰਕਾਸ਼ ਢਿੱਲੋਂ, ਐੱਸ. ਐੱਸ. ਮੀਸ਼ਾ ਵਰਗੇ ਬ੍ਰਾਡਕਾਸਟਰਾਂ ਦੀ ਰਹਿਨੁਮਾਈ- ਸਾਰਾ ਕੁਝ ਬੜਾ ਵਧੀਆ ਚੱਲ ਰਿਹਾ ਸੀ ਕਿ ਮੇਰੇ ਤੋਂ ਪਹਿਲਾਂ ਲਾਇਬ੍ਰੇਰੀ ਵਿੱਚ ਕੰਮ ਕਰਨ ਵਾਲੇ ਮੇਰੇ ਸੀਨੀਅਰਜ਼ ਦੇ ਕੱਚੇ ਚਿੱਠੇ ਖੁੱਲ੍ਹਣ ਲੱਗੇ!

ਕੋਈ ਫ਼ਿਲਮ ਡਿਸਟ੍ਰੀਬਿਊਟਰਾਂ ਤੋਂ ਗ੍ਰਾਮੋਫ਼ੋਨ ਰਿਕਾਰਡ ਲੈ ਕੇ, ਅਜੇ ਰਿਲੀਜ਼ ਵੀ ਨਾ ਹੋਈਆਂ ਉਨ੍ਹਾਂ ਦੀਆਂ ਫ਼ਿਲਮਾਂ ਦੀ ਪਬਲਿਸਿਟੀ ਕਰ ਰਿਹਾ ਸੀ- ਉਨ੍ਹਾਂ ਫ਼ਿਲਮਾਂ ਦੇ ਗੀਤ ਰੇਡੀਓ ਤੋਂ ਪ੍ਰਸਾਰਿਤ ਕਰ ਕੇ! ਕੋਈ ਲਾਇਬ੍ਰੇਰੀ ਦੀਆਂ ਟੇਪਾਂ ਬਾਹਰ ਵੇਚ ਰਿਹਾ ਸੀ!

ਮੇਰੀ ਜਲੰਧਰ ਵਿੱਚ ਕੋਈ ਵਾਕਫ਼ੀਅਤ ਨਹੀਂ ਸੀ। ਮੈਂ ਤਾਂ ਮਾਲੇਰਕੋਟਲਾ ਤਹਿਸੀਲ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਆਈ ਸੀ। 'ਵਾਇਆ ਬਠਿੰਡਾ' ਪੜ੍ਹੀ ਹੋਈ, ਦੁਨਿਆਵੀ ਵਰਤਾਰੇ ਤੋਂ ਅਣਜਾਣ।

ਗ਼ਲਤ ਕੰਮ ਕਰਨ ਵਾਲੇ ਸੀਨੀਅਰਜ਼ ਦੇ ਸਿਰਾਂ ਉੱਤੇ ਰੇਡੀਓ ਦੇ ਕਰਤਾ-ਧਰਤਾ ਦਾ ਹੱਥ ਸੀ! ਮੇਰੇ ਸਿਰ ਦੋਸ਼ ਮੜ੍ਹ ਕੇ ਬੜੇ ਅਰਾਮ ਨਾਲ ਮੇਰੇ ਸੀਨੀਅਰਜ਼ ਨੂੰ ਬਚਾਇਆ ਜਾ ਸਕਦਾ ਸੀ।

ਇਨਕੁਆਇਰੀ ਬਿਠਾਅ ਦਿੱਤੀ ਗਈ। ਆਡੀਐਂਸ ਰਿਸਰਚ ਅਫ਼ਸਰ, ਡਾਕਟਰ ਜੈਨ, ਨੂੰ ਇਨਕੁਆਇਰੀ ਅਫ਼ਸਰ ਬਣਾਅ ਦਿੱਤਾ ਗਿਆ। ਅਸਿਸਟੈਂਟ ਡਾਇਰੈਕਟਰ ਭਾਟੀਆ ਸਾਹਿਬ, ਜਿਹੜੇ ਉਨ੍ਹਾਂ ਦਿਨਾਂ ਵਿੱਚ ਡਾਇਰੈਕਟਰ ਦਾ ਕੰਮ ਦੇਖ ਰਹੇ ਸੀ, ਦਬਾਅ ਬਨਾਉਣ ਲੱਗੇ ਕਿ ਮੈਂ, ਬਿਨਾਂ ਟੇਪਾਂ-ਗ੍ਰਾਮੋਫ਼ੋਨ ਦੇ ਰਿਕਾਰਡ ਦੇਖੇ-ਗਿਣੇ, ਚਾਰਜ ਲੈ ਲਵਾਂ। ਨਾਂਹ ਕੀਤੀ ਤਾਂ ਦੁਸ਼ਮਣ ਬਣ ਗਏ ਸਾਰੇ।

ਸੋਚਿਆ, ਡਾਕਟਰ ਜੈਨ ਨੂੰ ਤਾਂ ਰਿਕਾਰਡ ਦੇਖ ਕੇ ਸਮਝ ਆ ਹੀ ਜਾਵੇਗਾ -ਕਿ ਧਾਂਦਲੀਆਂ ਸਾਲਾਂ ਤੋਂ ਚੱਲੀਆਂ ਆ ਰਹੀਆਂ ਹਨ! ਤੇ ਮੈਂ ਤਾਂ ਜੌਇਨ ਹੀ ਹੁਣ ਕੀਤਾ ਹੈ! ਸਮਝ ਆ ਵੀ ਗਿਆ ਇਨਕੁਆਇਰੀ ਅਫ਼ਸਰ ਨੂੰ -ਪਰ ਉਹ ਇੱਕ ਬਾਈ-ਤੇਈ ਸਾਲ ਦੀ ਸੋਹਣੀ-ਸੁਨੱਖੀ ਮੂਰਖ ਜਿਹੀ ਦਿਸਦੀ ਕੁੜੀ- ਜਿਸ ਦਾ ਕੋਈ ਵਾਲੀ ਵਾਰਸ ਵੀ ਨਹੀਂ ਸੀ, ਨੂੰ ਕਿਉਂ ਬਖ਼ਸ਼ਦਾ!

ਡਾਕਟਰ ਜੈਨ ਨੇ ਪ੍ਰੇਮ ਦਾ ਪ੍ਰਸਤਾਵ ਰੱਖਿਆ- ਮੈਨੂੰ ਇਨਕੁਆਇਰੀ ਵਿੱਚੋਂ ਕਲੀਨ ਚਿਟ ਦੇਣ ਲਈ। ਮੈਂ ਕਿਹਾ, 'ਤੁਸੀਂ ਲਾ ਦਿਓ ਚਾਰਜ, ਜਿਹੜੇ ਲਾਉਣੇ ਨੇ'...

ਜਾਣਦੀ ਸੀ ਕੋਈ ਚਾਰਜ ਸਿੱਧ ਨਹੀਂ ਸੀ ਕੀਤਾ ਜਾ ਸਕਦਾ। ਮੰਨਦੀ ਹਾਂ, ਬਹੁਤ ਘਬਰਾਹਟ ਹੁੰਦੀ ਸੀ -ਪਰ ਇੱਕ ਵਿਸ਼ਵਾਸ ਸੀ ਜਿਹੜਾ ਡੋਲਣ ਨਹੀਂ ਸੀ ਦਿੰਦਾ। ਲੱਗਦਾ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਕੋਈ ਅਦਿੱਖ ਸ਼ਕਤੀ ਇਸ ਭੰਬਲਭੂਸੇ ਵਿੱਚੋਂ ਬਾਹਰ ਕੱਢ ਹੀ ਲਵੇਗੀ।

ਕੋਈ ਡਾਇਰੈਕਟਰ ਨਹੀਂ ਸੀ ਕੁਝ ਸਾਲਾਂ ਤੋਂ ਇਸ ਕੈਪੀਟਲ ਸਟੇਸ਼ਨ 'ਤੇ, ਪੋਸਟਡ। ਭਾਟੀਆ ਸਾਹਿਬ ਤੇ ਉਨ੍ਹਾਂ ਦੀ ਜੁੰਡਲੀ ਦੀਆਂ ਮਨਮਾਨੀਆਂ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੀਆਂ ਸਨ ਕਿ ਇੱਕ ਦਿਨ ਕੈਸਰ ਕਲੰਦਰ ਸਾਹਿਬ ਦੇ ਆਰਡਰ ਆ ਗਏ, ਬਤੌਰ ਸਟੇਸ਼ਨ ਡਾਇਰੈਕਟਰ।

ਕੈਸਰ ਸਾਹਿਬ ਉਮਦਾ ਲੇਖਕ ਤੇ ਅਨੁਭਵੀ ਅਫ਼ਸਰ ਸਨ। ਫ਼ਰਿਆਦ ਕਰਨ ਦੀ ਲੋੜ ਵੀ ਨਹੀਂ ਪਈ! ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਸਾਹਮਣੇ ਆ ਗਿਆ। ਮੇਰਾ ਇਨਸਾਨੀਅਤ ਵਿੱਚ ਵਿਸ਼ਵਾਸ ਪੱਕਾ ਹੋ ਗਿਆ। ਕੁਝ ਸਾਲਾਂ ਬਾਅਦ ਡਿਪਾਰਟਮੈਂਟਲ ਪ੍ਰਮੋਸ਼ਨ ਤੇ ਉਸ ਤੋਂ ਬਾਅਦ ਯੂਪੀਐਸਸੀ ਤੋਂ ਚੁਣ ਹੋ ਕੇ, ਪ੍ਰੋਗਰਾਮ ਐਗਜ਼ੀਕਿਊਟਿਵ- ਜਲੰਧਰ ਰੇਡੀਓ ਵਿੱਚ, ਬਣੀ।

ਦਿਲਚਸਪ ਗੱਲ ਇਹ ਰਹੀ ਕਿ ਲਾਇਬ੍ਰੇਰੀ ਦੀ ਇੰਚਾਰਜ ਮੈਂ ਹਮੇਸ਼ਾ ਰਹੀ, ਰਿਟਾਇਰਮੈਂਟ ਤੱਕ- ਹਰ ਕੇਂਦਰ 'ਤੇ! ਹਰ ਸਟੇਸ਼ਨ 'ਤੇ ਅੱਛੀਆਂ ਤੋਂ ਅੱਛੀਆਂ ਕਿਤਾਬਾਂ ਲਾਇਬ੍ਰੇਰੀ ਲਈ ਖ਼ਰੀਦੀਆਂ ਵੀ ਤੇ ਪੜ੍ਹੀਆਂ ਵੀ।

ਇਹ ਇਨਕੁਆਰੀ ਵਾਲੀ ਗੱਲ ਤਾਂ ਅੱਜ ਪਤਾ ਨਹੀਂ ਕਿੱਥੋਂ ਯਾਦ ਆ ਗਈ।

ਇੱਕ ਗੱਲ ਹੋਰ, ਮੈਨੂੰ ਕਾਫ਼ੀ ਮੂੰਹਫੱਟ ਕਰਮਚਾਰੀ ਮੰਨਿਆ ਜਾਂਦਾ ਸੀ - ਪਰ ਨਾਲ ਹੀ ਇਹ ਵੀ ਮੰਨਿਆ ਜਾਂਦਾ ਸੀ ਕਿ ਇਮਾਨਦਾਰ ਹੈ।

ਰੌਸ਼ਨ ਅੱਖਰ

ਡਾ. ਨਵਦੀਪ ਕੌਰ

ਰੇਡੀਓ: ਕਹਾਣੀਆਂ ਜੋ ਪੜ੍ਹਨ ਤੋਂ ਬ੍ਹਾਅਦ ਵੀ ਤੁਹਾਡੇ ਨਾਲ ਰਹਿੰਦੀਆਂ ਹਨ
ਲੇਖਕ: ਵਰੁਣ ਗਰੋਵਰ

ਕਈ ਵਾਰ ਕੋਈ ਕਿਤਾਬ ਤੁਹਾਨੂੰ ਤੁਹਾਡੇ ਅੰਦਰਲੇ ਬੱਚੇ ਨਾਲ ਮੁੜ ਮਿਲਾਅ ਦਿੰਦੀ ਹੈ। "ਰੇਡੀਓ" ਪੜ੍ਹਦਿਆਂ ਮੈਨੂੰ ਵਾਰ-ਵਾਰ ਇਹੀ ਅਹਿਸਾਸ ਹੋਇਆ। ਕਹਾਣੀਆਂ ਭਾਵੇਂ ਬੱਚਿਆਂ ਅਤੇ ਨੌਜਵਾਨਾਂ ਨੂੰ ਧਿਆਨ ਵਿੱਚ ਰੱਖ ਕੇ ਲਿਖੀਆਂ ਗਈਆਂ ਹਨ, ਉਨ੍ਹਾਂ ਵਿੱਚ ਲੁਕਿਆ ਅਚੰਭਾ, ਕਲਪਨਾ ਅਤੇ ਜੀਵਨ-ਸਮਝ ਹਰ ਉਮਰ ਦੇ ਪਾਠਕ ਨੂੰ ਆਪਣੇ ਨਾਲ ਲੈ ਤੁਰਦੀ ਹੈ। "ਕਿਰਤ ਫ਼ਾਊਂਡੇਸ਼ਨ" ਵੱਲੋਂ ਪ੍ਰਕਾਸ਼ਿਤ ਅਤੇ ਸਤਦੀਪ ਗਿੱਲ ਵੱਲੋਂ ਪੰਜਾਬੀ ਵਿੱਚ ਅਨੁਵਾਦਿਤ ਇਹ ਕਿਤਾਬ ਪਹਿਲੀ ਨਜ਼ਰ ਵਿੱਚ ਹੀ ਮਨ ਮੋਹ ਲੈਂਦੀ ਹੈ। ਖ਼ੂਬਸੂਰਤ ਸਿਰਲੇਖ, ਮਨਮੋਹਕ ਚਿੱਤਰਕਾਰੀ ਅਤੇ ਸਜਾਵਟ ਇਸਨੂੰ ਇੱਕ ਕਿਤਾਬ ਤੋਂ ਵੱਧ ਇੱਕ ਕਲਾ-ਕਿਰਤ ਦਾ ਰੂਪ ਦੇ ਦਿੰਦੇ ਹਨ।

ਵਰੁਣ ਗਰੋਵਰ ਨੂੰ ਅਸੀਂ "ਮਸਾਨ" ਵਰਗੀ ਫ਼ਿਲਮ ਅਤੇ "ਮੋਹ ਮੋਹ ਕੇ ਧਾਗੇ" ਵਰਗੇ ਯਾਦਗਾਰ ਗੀਤਾਂ ਰਾਹੀਂ ਜਾਣਦੇ ਹਾਂ। ਉਹੀ ਸੰਵੇਦਨਸ਼ੀਲਤਾ ਅਤੇ ਕਲਪਨਾ ਇਨ੍ਹਾਂ ਕਹਾਣੀਆਂ ਵਿੱਚ ਵੀ ਨਜ਼ਰ ਆਉਂਦੀ ਹੈ। ਇਸ ਸੰਗ੍ਰਹਿ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਸ ਵਿੱਚ ਹਕੀਕਤ (reality) ਅਤੇ ਕਲਪਨਾ (fantasy) ਬਹੁਤ ਸਹਿਜ ਨਾਲ ਇਕੱਠੇ ਚਲਦੇ ਹਨ। ਹਰ ਵਿਚਿੱਤਰ ਵਿੱਚ ਰਹੱਸ ਅਤੇ ਮਨ ਦੀਆਂ ਅਣਕਹੀਆਂ ਸੰਭਾਵਨਾਵਾਂ ਦੀ ਛੋਹ ਹੈ। ਪਰਮਾਣੂ ਬੱਤਖ ਸਾਨੂੰ ਸੁਫ਼ਨਿਆਂ ਅਤੇ ਕਲਪਨਾ ਦੀ ਅਜਿਹੀ ਦੁਨੀਆ ਵਿੱਚ ਲੈ ਜਾਂਦੀ ਹੈ ਜਿੱਥੇ ਹਕੀਕਤ ਅਤੇ ਫ਼ੈਂਟਸੀ ਦੀਆਂ ਹੱਦਾਂ ਧੁੰਦਲੀਆਂ ਹੋ ਜਾਂਦੀਆਂ ਹਨ। ਪੇਪਰ ਚੋਰ ਵਰਗੀਆਂ ਕਹਾਣੀਆਂ ਆਪਣੇ ਸਾਦੇ ਜਿਹੇ ਰੂਪ ਦੇ ਅੰਦਰ ਡੂੰਘੇ ਅਰਥ ਲੁਕਾਈ ਬੈਠੀਆਂ ਹਨ। ਸਰਵਰਕ ਵਾਲੀ ਕਹਾਣੀ, ਰੇਡੀਓ, ਭਾਰਤ ਦੀ ਵੰਡ ਦੇ ਸਮੇਂ ਨੂੰ ਇੱਕ ਮਾਸੂਮ ਅਤੇ ਇਮਾਨਦਾਰ ਨਜ਼ਰ ਰਾਹੀਂ ਵੇਖਣ ਦਾ ਮੌਕਾ ਦਿੰਦੀ ਹੈ। ਇਸ ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਇਤਿਹਾਸ ਦੀ ਇੱਕ ਵੱਡੀ ਤ੍ਰਾਸਦੀ ਨੂੰ ਕਿਸੇ ਸਿਆਸੀ ਨਜ਼ਰੀਏ ਤੋਂ ਨਹੀਂ, ਸਗੋਂ ਮਨੁੱਖੀ ਸੰਵੇਦਨਾ ਅਤੇ ਬਚਪਨ ਦੀ ਸਾਦਗੀ ਰਾਹੀਂ ਪੇਸ਼ ਕਰਦੀ ਹੈ। ਇਤਿਹਾਸ ਦੀਆਂ ਵੱਡੀਆਂ ਘਟਨਾਵਾਂ ਜਦੋਂ ਬੱਚੇ ਦੀਆਂ ਅੱਖਾਂ ਰਾਹੀਂ ਸਾਹਮਣੇ ਆਉਂਦੀਆਂ ਹਨ ਤਾਂ ਉਨ੍ਹਾਂ ਦਾ ਅਸਰ ਹੋਰ ਵੀ ਡੂੰਘਾ ਹੋ ਜਾਂਦਾ ਹੈ। ਇਹ ਉਹ ਕਹਾਣੀਆਂ ਹਨ ਜੋ ਕਿਤਾਬ ਬੰਦ ਕਰਨ ਤੋਂ ਬਾਅਦ ਵੀ ਤੁਹਾਡੇ ਨਾਲ ਰਹਿੰਦੀਆਂ ਹਨ। ਕਈ ਦ੍ਰਿਸ਼, ਕਈ ਪਾਤਰ ਅਤੇ ਕਈ ਵਿਚਾਰ ਮਨ ਵਿੱਚ ਮੁੜ ਮੁੜ ਆਉਂਦੇ ਹਨ ਅਤੇ ਹਰ ਵਾਰ ਕੁਝ ਨਵਾਂ ਕਹਿ ਜਾਂਦੇ ਹਨ। ਇਹ ਕਿਤਾਬ ਖ਼ਾਸ ਤੌਰ 'ਤੇ ਨੌਜਵਾਨ ਪਾਠਕਾਂ ਲਈ ਬਹੁਤ ਵਧੀਆ ਚੋਣ ਹੈ। ਜੇ ਘਰ ਵਿੱਚ 13-14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚੇ ਹਨ ਤਾਂ ਇਹ ਕਿਤਾਬ ਉਨ੍ਹਾਂ ਨੂੰ ਜ਼ਰੂਰ ਦੇਣੀ ਚਾਹੀਦੀ ਹੈ- ਪਰ ਇੱਕ ਸ਼ਰਤ ਨਾਲ ਕਿ ਮਾਪੇ ਵੀ ਇਸ ਨੂੰ ਪੜ੍ਹਨ, ਕਿਉਂਕਿ ਚੰਗੀਆਂ ਕਹਾਣੀਆਂ ਦੀ ਕੋਈ ਉਮਰ ਨਹੀਂ ਹੁੰਦੀ। ਰੇਡੀਓ ਉਹਨਾਂ ਕਿਤਾਬਾਂ ਵਿੱਚੋਂ ਹੈ ਜੋ ਪੜ੍ਹਨ ਦੀ ਰੁਚੀ ਪਰਫੁੱਲਤ ਕਰਦੀਆਂ ਹਨ, ਕਲਪਨਾ ਨੂੰ ਇੱਕ ਨਵੀਂ ਉਡਾਣ ਦਿੰਦੀਆਂ ਹਨ ਅਤੇ ਪੜ੍ਹਨ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਪਾਠਕ ਦੇ ਨਾਲ ਰਹਿੰਦੀਆਂ ਹਨ।

The Island of Missing Trees : ਦਰੱਖ਼ਤਾਂ ਨੂੰ ਮੁੜ ਦੇਖਣਾ ਸਿਖਾਉਣ ਵਾਲਾ ਨਾਵਲ
ਲੇਖਕ: Elif Shafaq

ਕਿਸੇ ਕਿਤਾਬ ਬਾਰੇ ਇਹ ਕਹਿਣਾ ਕਿ ਉਸ ਨੇ ਮੇਰੀ ਸੋਚ ਬਦਲ ਦਿੱਤੀ, ਸ਼ਾਇਦ ਇੱਕ 'ਆਮ ਹੀ ਆਖੀ ਜਾਣ' ਵਾਲੀ ਗੱਲ ਲੱਗੇ। ਪਰ The



I-N-D-I-A: ਗੱਠਜੋੜ ਜੋ ਫ਼ੈਸਲਾ ਨਹੀਂ ਕਰ ਪਾ ਰਿਹਾ ਕਿ ਉਹ ਚਾਹੁੰਦਾ ਕੀ ਹੈ

ਕੇਬੀਐੱਸ ਸਿੱਧੂ IAS (Retd)

ਜੂਨ 8 ਦੀ INDIA ਬਲਾਕ ਦੀ ਬੈਠਕ ਤੋਂ ਬਾਅਦ, ਪੰਜ ਫ਼ੈਸਲਿਆਂ ਦਾ ਐਲਾਨ ਹੋਇਆ, ਦੋ ਵੱਡੀਆਂ ਪਾਰਟੀਆਂ ਗ਼ੈਰ-ਹਾਜ਼ਰ ਸਨ, ਅਤੇ ਬੇ-ਜੁਆਬ ਹੀ ਰਿਹਾ ਉਹ ਬੁਨਿਆਦੀ ਸੁਆਲ ਕਿ ਉਹ ਕੀ ਚਾਹੁੰਦੇ ਹਨ। ...ਪੈਟਰਨ ਵੇਖੋ ਇਸ ਗੱਠਜੋੜ ਦਾ- ਜਦੋਂ ਇਕੱਤਰ ਹੁੰਦੇ ਹਨ, ਇਹ ਮੰਗਾਂ ਜਾਰੀ ਕਰਦੇ ਹਨ। ਜਦੋਂ ਵੱਖ ਹੁੰਦੇ ਹਨ, ਤਾਂ ਟੁੱਟ-ਭੱਜ ਜਾਂਦੇ ਹਨ।

ਅੱਜ (ਜੂਨ 8, 2026 -ਸੰ.) "ਸੰਵਿਧਾਨ ਕਲੱਬ" ਵਿਚ ਮੀਟਿੰਗ ਹੋਈ ਸੀ- ਜਿਸ ਵਿਚ 25 ਪਾਰਟੀਆਂ ਹਿੱਸਾ ਲਿਆ- ਇੱਥੋਂ 5 ਫ਼ੈਸਲੇ, ਪ੍ਰੈਸ ਲਈ ਦਿੱਤੇ ਕਈ ਸਾਰੇ ਬਿਆਨ, ਅਤੇ ਉਚੇਚ ਨਾਲ ਵਿਖਾਈ ਗਈ ਇੱਕ ਭਾਈਵਾਲਤਾ ਦਿਸੀ। ਜੋ ਨਹੀਂ ਦਿਸਿਆ ਉਹ ਸੀ ਉਸ ਸੁਆਲ ਦਾ ਜੁਆਬ ਜਿਹੜਾ ਇਸ ਗਠਬੰਧਨ ਦੇ ਬਣਨ ਵੇਲੇ ਤੋਂ ਹੀ ਪਰਛਾਵੇਂ ਵਾਂਗ ਇਸ ਨਾਲ ਜੁੜਿਆ ਆਇਆ ਹੈ: ਕਿਸ ਲਈ, ਸਾਫ਼ ਸ਼ਬਦਾਂ ਵਿਚ ਪੁੱਛੀਏ ਤਾਂ, ਬਣਿਆ ਹੈ ਇਹ?...ਕਾਂਗ੍ਰਸ ਪ੍ਰਧਾਨ ਖੜਗੇ ਨੇ ਪ੍ਰੈੱਸ ਕਾਨਫ਼ਰੰਸ ਵਿਚ 5 ਫ਼ੈਸਲੇ ਐਲਾਨੇ। ਗਠਜੋੜ ਹਰ ਦੋ ਮਹੀਨੇ ਬਾਅਦ ਮਿਲ ਬੈਠੇਗਾ, ਅਗਲੀ ਵਾਰ ਅਗਸਤ ਵਿਚ, ਹੈਦਰਾਬਾਦ। ਪਾਰਟੀਆਂ ਚੀਫ਼ ਜਸਟਿਸ ਭਾਰਤ ਨੂੰ SIR ਬਾਰੇ ਅਤੇ ਚੋਣਾਂ ਵਿਚ ਬੇ-ਕਾਇਦਗੀਆਂ ਬਾਰੇ ਲਿਖਣਗੀਆਂ। NEET ਅਤੇ CBSE ਦੇ ਇਮਤਿਹਾਨਾਂ ਵਿਚ ਪਏ ਪੁਆੜਿਆਂ ਕਰਕੇ ਕੇਂਦਰੀ ਮੰਤ੍ਰੀ ਅਸਤੀਫ਼ਾ ਦੇਵੇ। ਕੇਂਦਰ ਸਰਕਾਰ ਨੂੰ ਕਿਹਾ ਗਿਆ ਕਿ ਸਰਬ ਪਾਰਟੀ ਮੀਟਿੰਗ ਕਰਾਏ ਅਰਥਚਾਰੇ, ਬੇਰੋਜ਼ਗਾਰੀ ਅਤੇ ਖੇਤੀਬਾੜੀ ਦੇ ਸੰਕਟ ਬਾਰੇ। ਅਤੇ ਮੌਨਸੂਨ ਸੈੱਸ਼ਨ ਵਿਚ, INDIA ਪਾਰਟੀਆਂ ਰੋਜ਼ ਸਵੇਰੇ ਵਿਰੋਧੀ ਧਿਰਾਂ ਦੇ ਦਫ਼ਤਰ ਵਿਚ ਮੀਟਿੰਗ ਕਰਨਗੀਆਂ। ਵੇਖਣ ਨੂੰ ਮੰਨਣ ਵਿਚ ਆਉਣ ਵਾਲਾ ਏਜੰਡਾ ਲੱਗਦਾ ਹੈ।....ਪਰ ਪੰਜੇ ਫ਼ੈਸਲੇ ਇਕੱਠੇ ਵੇਖੋ ਤਾਂ ਇੱਕ ਪੈਟਰਨ ਦਿਸਦਾ ਹੈ। ਤਿੰਨ ਤਾਂ ਸੰਸਥਾਤਮਕ ਚੜ੍ਹਤਾਂ ਦੇ ਹਨ। ਇੱਕ ਅਸਤੀਫ਼ੇ ਦੀ ਮੰਗ। ਇੱਕ ਘਰੋਗੀ ਰੱਖ-ਰਖਾਅ ਦਾ ਕਿ ਕਦੋਂ ਕਦੋਂ ਮਿਲਣਾ ਹੈ। ਇੱਕ ਵੀ ਫ਼ੈਸਲਾ ਨਤੀਜਿਆਂ ਵੱਲੋਂ ਕੋਈ ਠੋਸ ਬਦਲ ਪੇਸ਼ ਕਰਨ ਬਾਰੇ ਨਹੀਂ। ਕੋਈ ਸਾਂਝਾ ਆਰਥਕ ਮੰਚ ਨਹੀਂ, ਕੋਈ ਕਨੂੰਨਸਾਜ਼ ਏਜੰਡਾ ਨਹੀਂ ਬਣਿਆ, ਕੁਝ ਨਹੀਂ ਕਿਹਾ ਗਿਆ ਕਿ ਤਾਕਤ ਵਿਚਚ ਆਇਆ ਤਾਂ INDIA ਧੜਾ ਵੱਖਰੀ ਤਰ੍ਹਾਂ ਕੀ ਕਰੇਗਾ। ਗੱਠਜੋੜ ਨੇ ਵਿਰੋਧ ਕਰਨ ਦਾ ਵਿਆਕਰਣ ਤਾਂ ਸਾਧ ਲਿਆ ਹੈ ਜਦੋਂ ਕਿ ਸ਼ਾਸਨ-ਇੰਤਜ਼ਾਮ ਦੇ ਵਿਆਕਰਣ ਬਾਰੇ ਚੁੱਪੀ ਸਾਧੀ ਰੱਖੀ ਹੈ।..ਡੀਐੱਮਕੇ ਅਤੇ ਆਪ ਪਾਰਟੀਆਂ ਤਾਂ ਧਾਰ ਕੇ ਇੱਕ ਦੂਰੀ ਰੱਖੀ ਹੈ। ਕੀ ਹੈਦਰਾਬਾਦ ਬੈਠਕ ਇਹੀ ਪੱਕਾ ਕਰੇਗੀ ਕਿ ਇਹ ਬੱਸ ਇਕ ਸ਼ਿਕਾਇਤੀ ਮੰਚ ਹੈ ਨਾ ਕਿ ਸਰਕਾਰ ਚਲਾਉਣ ਵਾਸਤੇ ਇੱਕ ਬਦਲ? ਅਨੁ.- ਪ.ਸ.

("ਕੇਬੀਐੱਸ ਕ੍ਰੌਨੀਕਲ" ਵਿਚ ਛਪੇ ਲੇਖ ਦਾ ਸਾਰ) -ਸੰ.

Island of Missing Trees ਬਾਰੇ ਮੈਂ ਇਹ ਕਹਾਂਗੀ ਕਿ ਇਸ ਨੇ ਮੇਰੀ ਨਜ਼ਰ ਬਦਲ ਦਿੱਤੀ। ਇਸ ਨਾਵਲ ਨੂੰ ਪੜ੍ਹਨ ਤੋਂ ਬਾਅਦ ਮੈਂ ਦਰੱਖ਼ਤਾਂ ਨੂੰ ਪਹਿਲਾਂ ਵਾਂਗ ਨਹੀਂ ਵੇਖ ਸਕੀ। ਇਹ ਕਹਾਣੀ ਸਾਇਪ੍ਰਸ ਮੁਲਕ ਦੀ ਪਿੱਠਭੂਮੀ ਵਿੱਚ ਵਾਪਰਦੀ ਹੈ। ਯੂਨਾਨੀ ਅਤੇ ਤੁਰਕੀ ਭਾਈਚਾਰਿਆਂ ਵਿਚ ਹੋਏ ਟਕਰਾਅ ਅਤੇ ਟਾਪੂ ਦੀ ਵੰਡ ਨੇ ਅਣਗਿਣਤ ਜ਼ਿੰਦਗੀਆਂ ਨੂੰ ਪ੍ਰਭਾਵਿਤ ਕੀਤਾ। ਇਸੇ ਮਹੌਲ ਵਿੱਚ ਵੱਖ-ਵੱਖ ਭਾਈਚਾਰਿਆਂ ਨਾਲ ਸਬੰਧਤ ਦੋ ਨੌਜਵਾਨ ਇੱਕ ਦੂਜੇ ਨਾਲ ਪਿਆਰ ਕਰ ਬੈਠਦੇ ਹਨ। ਪਰ ਜੰਗਾਂ ਸਿਰਫ਼ ਧਰਤੀਆਂ ਨਹੀਂ ਵੰਡਦੀਆਂ; ਉਹ ਯਾਦਾਂ, ਰਿਸ਼ਤਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ।

ਨਾਵਲ ਬਹੁਤ ਖ਼ੂਬਸੂਰਤੀ ਨਾਲ ਵਿਖਾਉਂਦਾ ਹੈ ਕਿ ਇਤਿਹਾਸ ਦੀਆਂ ਸੱਟਾਂ ਕਈ ਵਾਰ ਉਹਨਾਂ ਲੋਕਾਂ ਤੋਂ ਵੀ ਅੱਗੇ ਚਲੀਆਂ ਜਾਂਦੀਆਂ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਸਿੱਧਾ ਭੁਗਤਿਆ ਹੁੰਦਾ ਹੈ; ਅਗਲੀਆਂ ਪੀੜ੍ਹੀਆਂ ਦੀਆਂ ਖ਼ਮੋਸ਼ੀਆਂ, ਡਰਾਂ ਅਤੇ ਅਣਕਹੀਆਂ ਕਹਾਣੀਆਂ ਵਿੱਚ ਜਿਉਂਦੀਆਂ ਰਹਿੰਦੀਆਂ ਹਨ।

ਮੇਰੇ ਲਈ ਇਸ ਨਾਵਲ ਦਾ ਸਭ ਤੋਂ ਯਾਦਗਾਰ ਪਾਤਰ ਕੋਈ ਮਨੁੱਖ ਨਹੀਂ, ਇਕ ਬੁੱਢਾ ਅੰਜੀਰ ਦਾ ਦਰੱਖ਼ਤ ਹੈ (The Old Fig Tree) ਇਹ ਦਰੱਖ਼ਤ ਸਿਰਫ਼ ਕਹਾਣੀ ਦਾ ਹਿੱਸਾ ਨਹੀਂ- ਇਹ ਉਸ ਦਾ ਸੂਤਰਧਾਰ ਵੀ ਹੈ, ਗਵਾਹ ਵੀ ਹੈ ਅਤੇ ਉਦਾਸ ਰੂਹਾਂ ਦਾ ਮਹਿਰਮ ਵੀ। ਇਹ ਮਨੁੱਖਾਂ ਦੀਆਂ ਖ਼ੁਸ਼ੀਆਂ, ਵਿਛੋੜਿਆਂ, ਜੰਗਾਂ ਅਤੇ ਯਾਦਾਂ ਨੂੰ ਵੇਖਦਾ ਹੀ ਨਹੀਂ, ਇਨ੍ਹਾਂ ਨੂੰ ਸਮਝਦਾ ਵੀ ਹੈ। ਨਾਵਲ ਵਿੱਚ ਇਹ ਇੱਕ ਮਰਹਮ ਦਾ ਕੰਮ ਕਰਦਾ ਹੈ। ਜਿਨ੍ਹਾਂ ਲੋਕਾਂ ਅੰਦਰ ਵਿਛੋੜੇ, ਇਕੱਲ ਅਤੇ ਅਣਕਹੇ ਦੁੱਖ ਵੱਸਦੇ ਹਨ, ਉਹਨਾਂ ਲਈ ਇਹ ਇੱਕ ਚੁੱਪ ਸਾਥੀ ਬਣ ਜਾਂਦਾ ਹੈ। ਇਸ ਦੀ ਮੌਜੂਦਗੀ ਵਿੱਚ ਜਿਵੇਂ ਮਨੁੱਖ ਆਪਣੇ ਆਪ ਨਾਲ ਮੁੜ ਜੁੜਨ ਲੱਗਦੇ ਹਨ।

ਅਸੀਂ ਆਪਣੇ ਆਪ ਨੂੰ ਧਰਤੀ ਦੀ ਸਭ ਤੋਂ ਵਿਕਸਿਤ ਪ੍ਰਜਾਤੀ (ਤਰੱਕੀ ਵਾਲੀ ਨਸਲ) ਮੰਨਦੇ ਹਾਂ- ਪਰ ਇਹ ਨਾਵਲ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਦਰੱਖ਼ਤ ਇਨਸਾਨ ਤੋਂ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ। ਇਹ ਨਾਵਲ ਪੜ੍ਹਨ ਤੋਂ ਪਹਿਲਾਂ ਮੈਂ ਦਰੱਖ਼ਤਾਂ ਨੂੰ ਸਿਰਫ਼ ਕੁਦਰਤ ਦਾ ਇੱਕ ਹਿੱਸਾ ਸਮਝਦੀ ਸੀ: ਇਸ ਨਾਵਲ ਨੂੰ ਪੜ੍ਹਨ ਤੋਂ ਬਾਅਦ ਮੈਂ ਉਹਨਾਂ ਨੂੰ ਇੱਕ ਜੀਵੰਤ ਹਸਤੀ ਵਾਂਗ ਵੇਖਣਾ ਸ਼ੁਰੂ ਕੀਤਾ, ਅਜਿਹੀ ਹਸਤੀ ਜੋ ਸਮੇਂ ਦੀ ਗਵਾਹੀ ਭਰਦੀ ਹੈ ਅਤੇ ਸਭ ਕੁਝ ਮਹਿਸੂਸ ਕਰਦੀ ਹੈ।

ਮੈਨੂੰ ਲੱਗਾ ਇਹ ਨਾਵਲ ਪੜ੍ਹ ਕੇ ਕੋਈ ਵੀ ਪਾਠਕ ਆਪਣੇ ਆਲੇ ਦੁਆਲੇ ਦਰੱਖ਼ਤਾਂ ਦੀ ਹੋਂਦ ਨੂੰ ਅਣਗੌਲਿਆਂ ਨਹੀਂ ਕਰ ਸਕੇਗਾ। ਸ਼ਾਇਦ ਸਾਹਿਤ ਦੀ ਸਭ ਤੋਂ ਵੱਡੀ ਕਾਮਯਾਬੀ ਇਹੀ ਹੈ ਕਿ ਉਹ ਇਨਸਾਨ ਦਾ ਤੀਸਰਾ ਨੇਤਰ ਖੋਲ੍ਹਣ 'ਚ ਸਹਾਈ ਹੋਏ।

ਅੰਮ੍ਰਿਤਸਰ 9872784646

ਸੰਧੂ ਗਗਨ ਦੀਆਂ ਕਵਿਤਾਵਾਂ

7888512802

1. ਖੁਰਾਂ ਵਾਲੇ ਬੰਦੇ

ਹਰ ਕਿਸੇ ਲਈ
ਥੋੜ੍ਹੀ ਬਹੁਤੀ
ਜਗ੍ਹਾ
ਮੁਕੱਰਰ ਹੈ
ਕਿਤੇ ਨਾ ਕਿਤੇ ਧਰਤੀ 'ਤੇ
ਜੇ ਮਹਿਜ਼
ਕੰਡੇ ਹੀ ਹੁੰਦੇ
ਤਾਂ ਬੰਦਿਆਂ ਦੇ ਵੀ
ਪਸ਼ੂਆਂ ਵਾਂਗ
ਖੁਰ ਹੋਣੇ ਸੀ।

2. ਹਲਫ਼ਨਾਮਾ

ਇਹ ਕਵਿਤਾ ਚੋਰੀ ਕਰ ਲਵੇ
ਉਹ ਬਾਪ
ਜੀਹਦੇ ਪੈਰ ਦੀ ਜੁੱਤੀ
ਉਹਦੇ
ਲਾਡਲੇ ਦੀ ਮੇਚ ਨਹੀਂ ਆ ਰਹੀ
ਏਸ ਕਵਿਤਾ 'ਤੇ ਹੱਕ ਹੈ
ਓਸ ਬੇਰੁਜ਼ਗਾਰ ਦਾ ਵੀ
ਜਿਸਦੀ ਮਹਿਬੂਬ ਕੁੜੀ ਨੂੰ
ਕਵਿਤਾਵਾਂ ਬੜੀਆਂ ਪਸੰਦ ਨੇ
ਤੇ ਤਾਰਾਂ 'ਤੇ ਬੈਠੀਆਂ ਚਿੜੀਆਂ ਨੂੰ ਵੀ
ਤੇ ਬੇਗਾਨਗੀ ਭੋਗਦੇ ਪਿਓ ਨੂੰ
ਪਿਆਰ ਦੀ ਭੁੱਖੀ ਮਹਿਬੂਬ ਕੁੜੀ
ਜਿੰਨੀ ਹੀ ਲੋੜ ਹੈ,ਇਸ ਕਵਿਤਾ ਦੀ...
ਤੇ ਇਹ ਕਵਿਤਾ
ਮੈਂ ਉਹਨਾਂ ਨੂੰ ਹੀ ਭੇਂਟ ਕਰਦਾ ਹਾਂ
ਜਿਨ੍ਹਾਂ ਨੂੰ ਇਸਦੀ ਵਧੇਰੇ ਲੋੜ ਹੈ

ਲੋੜਵੰਦਾਂ ਲਈ ਕਵਿਤਾਵਾਂ
ਚੋਰੀ ਹੁੰਦੀਆਂ ਹੀ ਰਹਿਣ
ਗਗਨ ਚੁੰਮਦੀਆਂ ਇਮਾਰਤਾਂ
ਦੇ ਪਿਲਰਾਂ ਨਾਲ
ਪਾਟੀ ਧਰਤੀ ਦੇ ਜਖ਼ਮ ਸੀਣ ਲਈ
ਮੋਏ ਜੰਗਲ ਨੂੰ
ਹਰਿਆ-ਭਰਿਆ ਕਰਨ ਲਈ
ਬੰਦੇ ਦੀ ਪਿੱਠ 'ਤੇ ਲੱਦਿਆ ਬੋਝ
ਘਟਾਉਣ ਲਈ
ਕੀੜੀਆਂ ਨੂੰ ਖੰਭ ਦੇਣ ਲਈ
ਇਹ ਕਵਿਤਾ ਚੋਰੀ ਹੋ ਜਾਵੇ...

ਪੁੱਤ ਦੇ ਫ਼ਿਕਰੀਂ
ਦਿਨੋ-ਦਿਨ ਘਟਦੇ
ਮਾਂ ਦੇ ਮੱਥੇ ਖੁਣੇ ਚੰਨ ਨੂੰ ਪੂਰਨ ਲਈ
ਅਤੀਤ ਦੇ ਕਾਲੇ ਪਰਛਾਵਿਆਂ 'ਤੇ
ਤਾਨਣ ਲਈ
ਚਹਿਕਦੇ ਫੁੱਲਾਂ ਵਾਲੀ ਫੁਲਕਾਰੀ ਦੀ
ਲੋੜ ਪਵੇ ਤਾਂ
ਇਹ ਕਵਿਤਾ ਚੋਰੀ ਹੋ ਜਾਵੇ...

ਬੱਦਲਾਂ ਪਾਣੀ ਚੋਰੀ ਕਰ
ਕੀ ਕਰਨਾ ਭਲਾ?
ਮਿੱਟੀਆਂ ਹੀ ਤਾਂ
ਮਹਿਕਾਉਣੀਆਂ ਹੁੰਦੀਆਂ
ਤਪਦੇ ਥਲਾਂ ਦੇ ਸੀਨੇ ਹੀ ਤਾਂ
ਠਾਰਨੇ ਹੁੰਦੇ
ਸੜਦੇ ਥਲਾਂ ਲਈ
ਮਹਿਕਦੀਆਂ ਮਿੱਟੀਆਂ ਲਈ
ਇਹ ਕਵਿਤਾ ਚੋਰੀ ਹੋ ਜਾਵੇ।

3. ਨਜ਼ਰੀਆ

ਓਹਨੇ ਦੇਖਣ ਦਾ ਇਕ ਨਜ਼ਰੀਆ
ਦਿੱਤਾ ਹੈ
ਬੰਦੇ ਨੂੰ ਦੇਖਣਾ ਹੋਵੇ ਤਾਂ...
ਸਿਰ ਤੋਂ ਥੋੜ੍ਹਾ ਉੱਪਰ
ਤੇ ਪੈਰਾਂ ਤੋਂ ਥੋੜ੍ਹਾ
ਥੱਲੇ ਦੇਖ ਲਓ।

ਫਿਰ ਜਨਮ

ਇੰਦਿਰਾ ਕਿਸਲਯ

9988095932

ਬਚਪਨ ਵਿਚ ਸਮਝ ਨਾ ਸਕੇ
ਪਿਤਾ ਰੁੱਖਾਂ ਨਾਲ
ਏਨਾ ਪਿਆਰ ਕਿਉਂ ਕਰਦੇ ਨੇ!
ਬੱਚਿਆਂ ਤੋਂ ਵੱਧ ਉਨ੍ਹਾਂ ਦਾ ਧਿਆਨ
ਕਿਉਂ ਰੱਖਦੇ ਨੇ?
ਕਿਉਂ ਧੋਂਦੇ ਨੇ ਫੁੱਲਾਂ ਵਾਲੇ ਰੁੱਖਾਂ ਦੇ
ਘੱਟੇ ਭਰੇ ਪੱਤਿਆਂ ਨੂੰ?
ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ 'ਤੇ
ਕਿਉਂ ਝਿੜਕਦੇ ਨੇ!
ਕੀ ਰਿਸ਼ਤਾ ਹੈ ਉਨ੍ਹਾਂ ਦਾ ਉਨ੍ਹਾਂ ਨਾਲ?
ਹੁਣ ਜਾ ਕੇ ਪਤਾ ਲੱਗਾ
ਰੁੱਖ ਉਨ੍ਹਾਂ ਦੀ ਕਵਿਤਾ ਸਨ!
ਅੱਜ ਉਹ ਨਹੀਂ ਹਨ
ਆਪ ਵੀ ਰੁੱਖ ਬਣ ਗਏ ਹਨ ਚੇਤਿਆਂ
ਵਿਚ! (ਹਿੰਦੀ ਤੋਂ: ਪੂਨਮ ਸਿੰਘ)

ਪ੍ਰੀਤਲੜੀ ਦੀ ਸਭ ਤੋਂ ਚੰਗੀ ਗੱਲ ਇਹ ਹੈ *ਕਿ ਇਹ ਸਿਰਫ਼ ਸਾਹਿਤ ਨਹੀਂ ਛਾਪਦੀ, ਸਗੋਂ ਇਨਸਾਨ ਨੂੰ ਹੋਰ ਸੰਵੇਦਨਸ਼ੀਲ, ਵਿਚਾਰਵਾਨ ਅਤੇ ਮਨੁੱਖਤਾ ਨਾਲ ਜੋੜਨ ਵਾਲੀ ਸੋਚ ਪੈਦਾ ਕਰਦੀ ਹੈ। ਮੇਰੀ 2009 ਵਿੱਚ ਇੱਕ ਹੱਡਬੀਤੀ ਕਵਿਤਾ ਛਪੀ ਉਸਤੋਂ ਬਾਅਦ ਤਾਂ ਇਹ ਸਿਲਸਿਲਾ ਚੱਲਦਾ ਰਿਹਾ ਪਰ ਓਸ ਕਵਿਤਾ ਦੇ ਛਪਣ ਮਗਰੋਂ ਆਈਆਂ ਕਾਲ ਨੇ ਮੈਨੂੰ ਵੱਖਰਾ ਹੌਸਲਾ ,ਉਤਸ਼ਾਹ ਦਿੱਤਾ। ਓਦੋਂ ਪ੍ਰੀਤਲੜੀ ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਆਉਂਦੀ ਸੀ ਮੈ ਉਡੀਕ ਕਰਨੀ ਤੇ ਬੱਚਿਆਂ ਨੂੰ ਉਹਦੇ ਨਾਲ਼ ਜੋੜਨ ਲਈ ਕਵਿਤਾ ਕਹਾਣੀਆਂ ਸੁਣਾਉਣੀਆਂ । ਬਹੁਤ ਰੁਚੀਦਾਇਕ, ਗਿਆਨਭਰਪੂਰ ਸਾਹਿਤ ਨਾਲ਼ ਜੋੜਨ ਵਾਲੀ ਸਮੱਗਰੀ ਹੁੰਦੀ ਇਸ ਵਿੱਚ । ਇਹ ਪੰਜਾਬ ਦੇ ਸਕੂਲਾਂ, ਕਾਲੇਜ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਨੀ ਚਾਹੀਦੀ ਹੈ ।ਮੈਂ ਇਸ ਸਮੇਂ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਸ਼ੇਖੂਪੁਰ ਕਪੂਰਥਲਾ ਵਿਖੇ ਅਸਿਸਟੈਂਟ ਮੈਂਟਰ ਦੇ ਅਹੁਦੇ ਤੇ ਹਾਂ ਲਾਇਬ੍ਰੇਰੀ ਦਾ ਵਾਧੂ ਚਾਰਜ ਹੈ ਮੇਰੇ ਕੋਲ ਇੱਥੇ ਉਹ ਵਿਦਿਆਰਥੀ ਟ੍ਰੇਨਿੰਗ ਲੈ ਰਹੇ ਹਨ ਜਿਹਨਾਂ ਨੇ ਭਵਿੱਖ ਵਿੱਚ ਅਧਿਆਪਕ ਬਣਨਾ ਹੈ ਉਹ ਹੁਣ ਹੀ ਇਹਦੇ ਨਾਲ਼ ਜੁੜ ਜਾਣ ਤਾਂ ਅੱਗਿਓਂ ਬੱਚਿਆਂ ਨੂੰ ਵੀ ਜੋੜ ਸਕਦੇ ਹਨ ।*

ਰਜਨੀ ਵਾਲੀਆ *ਐਮ ਏ ਹਿੰਦੀ; ਐਮ ਏ ਹਿਸਟਰੀ; ਐਮ ਏ ਪੋਲੀਟੀਕਲ ਸਾਇੰਸ; ਈ ਟੀ ਟੀ ਬੀ ਐਡ ਪੀਐਚਡੀ ਕਰ ਰਹੇ ਕਪੂਰਥਲਾ*

ਸਿਫ਼ਰ ਤੋਂ ਸਤਬੀਰ

ਆਉਂਦੀਆਂ ਨਾ ਸਮਝਾਂ
ਬੜੀਆਂ ਗੁੱਝੀਆਂ ਸਨ ਰਮਜ਼ਾਂ
ਜਿਵੇਂ ਕਿਸੇ ਗੁੱਝੇ ਪੀਰ ਦੀਆਂ
ਬੜੀਆਂ ਔਖੀਆਂ ਸਨ ਰਾਹਾਂ,
'ਸਿਫ਼ਰ' ਤੋਂ 'ਸਤਬੀਰ' ਦੀਆਂ।
ਜੰਮਿਆ ਘਰ ਮਜ਼ਦੂਰ ਦੇ
ਪੱਲੇ ਮੇਰੇ ਜ਼ੀਰੋ ਸੀ
ਮਸਾਂ ਗੁਜ਼ਾਰਾ ਚੱਲਦਾ ਸੀ
ਨਾ ਮੈਂ ਸ਼ਾਹੂਕਾਰ ਸੀ
ਨਾ ਮੈਂ ਕੋਈ ਹੀਰੋ ਸੀ
ਘੱਟ ਕਮਾਈ ਖਰਚ ਸੀ ਜ਼ਿਆਦਾ
ਮਿਹਨਤ ਕਰ ਕੇ ਮੋੜ ਦਿੱਤੀਆਂ
ਲਗਾਮਾਂ ਸੀ ਤਕਦੀਰ ਦੀਆਂ
ਬੜੀਆਂ ਔਖੀਆਂ ਸਨ ਰਾਹਾਂ
'ਸਿਫ਼ਰ' ਤੋਂ 'ਸਤਬੀਰ' ਦੀਆਂ

ਸਿਫ਼ਰ ਸਤਬੀਰ

ਗੁਰਦੁਆਰਾ ਪੰਜਾ ਸਾਹਿਬ

1935-36

ਜਿਸ ਦਿਨ ਮੈਂ ਇੱਕ ਨਵਾਂ ਮਨੁੱਖ ਬਣਨ ਦਾ ਹੌਸਲਾ ਕੀਤਾ, ਉਸੇ ਦਿਨ ਪੰਜਾ ਸਾਹਿਬ ਗੁਰਦੁਆਰੇ ਦੇ ਨਵੇਂ ਪ੍ਰਬੰਧਕ ਸਰਦਾਰ ਜਵੰਦ ਸਿੰਘ ਜੀ ਨਵੇਂ ਤਜਵੀਜ਼ੇ ਮੰਦਰ ਦੀ ਉਸਾਰੀ ਦੇ ਨੀਲੇ ਨਕਸ਼ੇ ਲੈ ਕੇ ਸਮਾਧ ਅਕਾਲੀ ਫੂਲਾ ਸਿੰਘ ਉਤੇ ਮੇਰੇ ਕੋਲ ਆਏ। ਉਨ੍ਹਾਂ ਤੋਂ ਪਹਿਲੇ ਪ੍ਰਬੰਧਕ ਸਰਦਾਰ ਤਰਲੋਕ ਸਿੰਘ ਜੀ ਵੀ ਏਸੇ ਇੱਛਾ ਨਾਲ ਮੇਰੇ ਕੋਲ ਆਏ ਸਨ।

ਸਰਦਾਰ ਤਰਲੋਕ ਸਿੰਘ ਜੀ ਦੀ ਨਿਸ਼ਕਾਮ ਤੇ ਅਣਥਕ ਸੇਵਾ ਨੇ ਏਸ ਗੁਰਦੁਆਰੇ ਨੂੰ ਸਾਰੇ ਦੇਸ ਵਿਚ ਨਵੇਂ ਸਿਰਿਓਂ ਪ੍ਰਸਿੱਧੀ ਦੁਆਈ ਸੀ। ਬੜੀ ਹੀ ਸਾਧਾਰਨ ਜਿਹੀ ਇਮਾਰਤ ਏਸ ਗੁਰਦੁਆਰੇ ਦੀ ਹੋਇਆ ਕਰਦੀ ਸੀ। ਓਦੋਂ ਮੈਂ ਵੀ ਇਹਦੇ ਦਰਸ਼ਨ ਕੀਤੇ ਸਨ। ਯਾਤਰੂਆਂ ਦੇ ਆਰਾਮ ਲਈ ਕੋਈ ਸਾਧਨ ਓਦੋਂ ਓਥੇ ਨਹੀਂ ਸੀ ਹੁੰਦਾ। ਹਰ ਗੁਰੂ-ਜਨਮ ਉਤਸਵ ਉਤੇ ਸ਼ਰਧਾ ਦੇ ਪਰਾਂ ਉਤੇ ਉਡਕੇ ਦਰਸ਼ਕ ਹੁੰਮ ਹੁੰਮਾ ਕੇ ਉਥੇ ਆਉਂਦੇ, ਪਰ ਬੜੀ ਔਖਿਆਈ ਦਾ ਅਹਿਸਾਸ ਲੈ ਕੇ ਘਰੀਂ ਮੁੜਦੇ। ਤਰਲੋਕ ਸਿੰਘ ਹੋਰਾਂ ਦੇ ਉਦਮ ਨੇ ਉਥੇ ਬੇਅੰਤ ਰਚਨਾ ਰਚ ਦਿੱਤੀ। ਸੈਂਕੜੇ ਹੀ ਕਮਰੇ ਯਾਤਰੂਆਂ ਲਈ ਉਸਾਰ ਦਿੱਤੇ, ਉਨ੍ਹਾਂ ਵਿਚ ਬਿਜਲੀ ਦੇ ਪੱਖੇ ਲੁਆ ਦਿੱਤੇ, ਤੇ ਹੋਰ ਕਈ ਤਰਾਂ ਦੀਆਂ ਸਹੂਲਤਾਂ ਪੈਦਾ ਕਰ ਦਿੱਤੀਆਂ। ਵਾਰਸ਼ਕ ਜੋੜ-ਮੇਲਿਆਂ ਉਤੇ ਯਾਤਰੂਆਂ ਦੀ ਗਿਣਤੀ ਇੱਕ ਲੱਖ ਤੋਂ ਵੀ ਉਤਾਂਹ ਚੜ੍ਹ ਗਈ।

ਪਰ ਨਵੀਂ ਉਸਾਰੀ ਵਿਚ ਘਿਰਿਆ ਛੋਟਾ ਜਿੰਨਾ ਮੂਲ-ਮੰਦਰ ਐਉਂ ਦਿੱਸਣ ਲੱਗ ਪਿਆ, ਜਿਉਂ ਕਿਸੇ ਛੋਟੀ ਜਿੰਨੀ ਤਸਵੀਰ ਦੁਆਲੇ ਉਹਦੇ ਨਾਲੋਂ ਕਈ ਗੁਣਾਂ ਵੱਡਾ ਚੌਖਟਾ ਜੜ ਦਿੱਤਾ ਗਿਆ ਹੋਵੇ। ਸਰਦਾਰ ਤਰਲੋਕ ਸਿੰਘ ਹੋਰਾਂ ਨੂੰ ਮੇਰੇ ਇੰਜੀਨੀਅਰ ਹੋਣ ਦਾ ਪਤਾ ਲੱਗਾ। ਉਨ੍ਹਾਂ ਇਹ ਵੀ ਸੁਣ ਲਿਆ ਕਿ ਸਮਾਧ ਅਕਾਲੀ ਫੂਲਾ ਸਿੰਘ ਉਤੇ ਹਜ਼ਾਰਾਂ ਘੁਮਾਂ ਜ਼ਮੀਨ ਦੀ ਆਮਦਨ ਦੇ ਬਾਵਜੂਦ ਗੁਰਦੁਆਰੇ ਦੀ ਕੋਈ ਪੱਕੀ ਇਮਾਰਤ ਨਹੀਂ ਸੀ ਹੁੰਦੀ। ਇੱਕ ਕੱਚੇ-ਪੱਕੇ ਛੋਟੇ ਜਿੰਨੇ ਕੋਠੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਤੇ ਦੂਜੇ ਕੋਠੇ ਵਿਚ ਲੰਗਰ ਪੱਕਦਾ ਹੁੰਦਾ ਸੀ। ਤੇ ਜਦੋਂ ਮੈਂ ਸਮਾਧ ਉਤੇ ਆ ਕੇ ਰਹਿਣਾ ਸ਼ੁਰੂ ਕੀਤਾ, ਤਾਂ ਸਮਾਧ-ਕਮੇਟੀ ਨੇ ਜਗੀਰ ਦੇ ਹਿਸਾਬ ਕਿਤਾਬ ਦੀ ਵੇਖ-ਭਾਲ ਮੈਨੂੰ ਸੌਂਪ ਦਿੱਤੀ। ਪਤਾ ਲੱਗਾ ਕਿ ਉਥੋਂ ਦੀ ਆਮਦਨ ਵਿਚ ਏਨੀ ਗੁੰਜਾਇਸ਼ ਹੈ ਸੀ ਕਿ ਗੁਰਦੁਆਰੇ ਦੀ ਸ਼ੋਭਾ ਦੇ ਅਨੁਕੂਲ ਉਥੇ ਪੱਕੀ ਇਮਾਰਤ ਉਸਾਰੀ ਜਾਏ। ਥੋੜੇ ਮਹੀਨਿਆਂ ਵਿਚ ਹੀ ਇੱਕ ਸੁੰਦਰ ਅਸਥਾਨ ਲੋਹਾ-ਕੰਕਰੀਟ ਦੀਆਂ ਛੱਤਾਂ ਵਾਲਾ ਉਥੇ ਬਣ ਗਿਆ।

ਸਰਦਾਰ ਤਰਲੋਕ ਸਿੰਘ ਜੀ ਚਾਹੁੰਦੇ ਸਨ ਕਿ ਮੈਂ ਉਨ੍ਹਾਂ ਦੀ ਮੰਦਰ-ਉਸਾਰੀ ਦੀ ਸਪੁਰਦਗੀ ਵੀ ਲੈ ਲਵਾਂ। ਬਜਟ ਉਨ੍ਹਾਂ ਪਾਸ ਕਰਵਾ ਲਿਆ ਸੀ। ਕੰਮ ਬਹੁਤ ਵੱਡਾ ਸਾਰਾ ਕਲਪਿਆ ਗਿਆ ਸੀ। ਉਥੋਂ ਦੇ ਇਤਿਹਾਸਕ ਸਰੋਵਰ ਨੂੰ ਚੌੜਿਆਂ ਕਰ ਕੇ ਲੋਹਾ-ਕੰਕਰੀਟ ਦੀ ਨੀਂਹ ਉਤੇ ਸੰਗ-ਮਰਮਰ ਦਾ ਮੰਦਰ ਉਸਾਰਿਆ ਜਾਏ। ਨੀਂਹ ਦੀ ਵਿਉਂਤ ਮੁਖੀ ਇੰਜੀਨੀਅਰ ਸੰਤ ਰਾਮ ਜੀ ਨੇ ਕਰ ਦਿੱਤੀ ਸੀ। ਇੰਜੀਨੀਅਰ ਕੰਪਨੀਆਂ ਕੋਲੋਂ ਖਰਚੇ ਦੇ ਅਨੁਮਾਨ ਮੰਗਾ ਲਏ ਗਏ ਗਏ ਸਨ। ਸਭ ਤੋਂ ਵਧ ਜੱਚਦਾ ਅਨੁਮਾਨ ਡੇਢ ਲੱਖ ਰੁਪਈਆਂ ਦਾ, ਅੰਗਰੇਜ਼ ਗੈਮਨ ਐਂਡ ਕੰਪਨੀ ਦਾ ਸੀ।

ਮੇਰੇ ਦਿਲ ਵਿਚ ਸਰਦਾਰ ਤਰਲੋਕ ਸਿੰਘ ਜੀ ਦੀ ਬੜੀ ਇੱਜ਼ਤ ਸੀ। ਜਦੋਂ ਕਦੇ ਮੈਂ ਪੰਜਾ ਸਾਹਿਬ ਗਿਆ, ਉਨ੍ਹਾਂ ਨੂੰ ਅਣਥਕ ਕੰਮ ਕਰਦਿਆਂ ਵੇਖਿਆ, ਤੇ ਉਨ੍ਹਾਂ ਦੀ ਨਿਰਮਾਣਤਾ ਦਾ ਹਮੇਸ਼ਾ ਮੇਰੇ ਉਤੇ ਬੜਾ ਡੂੰਘਾ ਅਸਰ ਪਿਆ। ਉਹ ਯਾਤਰੂਆਂ ਦਾ ਅਸਬਾਬ ਆਪਣੇ ਸਿਰ ਉਤੇ ਚੁੱਕਣੋਂ ਵੀ ਸੰਕੋਚ ਨਾ ਕਰਦੇ, ਤੇ ਹਰ ਕਿਸੇ ਨਾਲ ਮਿੱਠਾ ਬੋਲਦੇ। ਉਨ੍ਹਾਂ ਦੀ ਲਗਨ ਤੇ ਸੇਵਾ ਨੇ ਭਾਵੇਂ ਹਜ਼ਾਰਾਂ ਰੁਪਈਆਂ ਦੀ ਸਾਲਾਨਾ ਆਮਦਨ ਨੂੰ ਲੱਖਾਂ ਰੁਪਈਆਂ ਵਿਚ ਬਦਲ ਦਿੱਤਾ ਸੀ, ਤੇ ਸੁੰਨੇ ਜਿਹੇ ਹਸਨ ਅਬਦਾਲ ਕਸਬੇ ਨੂੰ ਇੱਕ ਸ਼ਹਿਰ ਜੇਡੀ ਗਹਿਮਾ ਗਹਿਮ ਦੇ ਦਿੱਤੀ ਸੀ, ਤਾਂ ਵੀ ਉਹ ਆਪਣੀ ਪ੍ਰਸ਼ੰਸਾ ਸੁਣਨੋਂ ਸ਼ਰਮਾਂਦੇ ਸਨ। ਤੇ ਜਿਹੜੀ ਉਨ੍ਹਾਂ ਦੀ ਖ਼ਾਸ ਸਿਫ਼ਤ ਮੇਰਾ ਮਨ ਮੋਹ ਲਿਆ, ਉਹ ਉਨ੍ਹਾਂ ਦੀ ਆਪਣੀ ਸਹੀ ਸੋਚਣੀ ਨੂੰ ਆਪਣੀ ਧਾਰਮਕ ਸ਼ਰਧਾ ਦੇ ਨਾਲ ਤੋਲ ਸਕਣ ਦੀ ਦਲੇਰੀ ਸੀ। ਉਨ੍ਹਾਂ ਨੇ ਇੱਕ ਦਿਨ ਆਪਣੇ ਜੀਵਨ-ਕੰਮ ਉਤੇ ਡੂੰਘਾ ਸ਼ੰਕਾ ਪ੍ਰਗਟ ਕੀਤਾ: "ਏਸ ਇਤਿਹਾਸਕ ਗੁਰਦੁਆਰੇ ਦੀ ਵਧੀ ਰੌਣਕ ਮੈਨੂੰ ਤਸੱਲੀ ਤਾਂ ਬਹੁਤ ਦੇਂਦੀ ਹੈ, ਪਰ ਕਦੇ ਕਦੇ ਕਮੇਟੀ ਦੇ ਮੈਂਬਰਾਂ ਵਿਚ ਵਧਦੀ ਖਿੱਚੋਤਾਣ ਤੇ ਯਾਤਰੂਆਂ ਵਿਚ ਸ਼ਰਧਾ ਦੀ ਥਾਂ ਕਵੱਲੀਆਂ ਰੁਚੀਆਂ ਦਾ ਵਿਖਾਲਾ ਵੇਖ ਕੇ ਮੈਂ ਉਦਾਸ ਹੋ ਜਾਂਦਾ ਹਾਂ। ਪਹਿਲੀਆਂ ਵਿਚ ਭਾਵੇਂ ਏਥੋਂ ਦੇ ਕੋਠੇ ਕੱਚੇ ਸਨ, ਪਰ ਉਦੋਂ ਉਹਨਾਂ ਦੇ ਚਿਹਰਿਆਂ ਉਤੇ ਸ਼ਰਧਾ ਦੀ ਕੋਈ ਅਨੋਖੀ ਮਿਠਾਸ ਹੁੰਦੀ ਸੀ! ਉਹ ਚਿਹਰੇ ਕਈ ਮੈਨੂੰ ਬੜੇ ਸੁਹਣੇ ਲੱਗਦੇ ਸਨ। ਪਰ ਹੁਣ ਵੇਖਦਾ ਹਾਂ, ਬਹੁਤੇ ਯਾਤਰੂ ਗੁਰੂ ਨਾਨਕ ਨੂੰ ਵੇਖਣ ਨਹੀਂ ਆਉਂਦੇ, ਸਿਰਫ਼ ਧਾਰਮਕ ਆੜ ਹੇਠ ਐਸ਼ ਭਰੀ ਛੁੱਟੀ ਮਨਾਣ ਆਉਂਦੇ ਹਨ। ਕਈ ਘਟਨਾਵਾਂ ਤਾਂ ਮੈਨੂੰ ਏਸ ਹੱਦ ਤੱਕ ਉਪਰਾਮ ਕਰ ਦੇਂਦੀਆਂ ਹਨ ਕਿ ਛੱਡ ਕੇ ਕਿਧਰੇ ਚਲਾ ਜਾਣਾ ਚਾਹੁੰਦਾ ਹਾਂ। ਕਤਲ ਹੋਇਆ, ਵਿਭਚਾਰ ਦੀਆਂ ਸ਼ਿਕਾਇਤਾਂ ਆਉਂਦੀਆਂ ਹਨ; ਚੰਗੇ ਮੰਦੇ ਕਮਰਿਆਂ, ਬਰਤਨਾਂ, ਬਿਸਤਰਿਆਂ, ਲੰਗਰ ਤੋਂ ਗੁਰੂ ਨਾਨਕ ਦੇ ਸ਼ਰਧਾਲੂ ਲਾਲੋ ਲਾਲ ਹੋ ਕੇ ਅੱਖਾਂ ਕੱਢਣ ਲੱਗ ਪੈਂਦੇ ਹਨ, ਨਿੱਤ ਲੜਾਈ ਤੱਕ ਨੌਬਤ ਪਹੁੰਚ ਜਾਂਦੀ ਹੈ; ਤੇ ਮੈਨੂੰ ਜਾਪਣ ਲੱਗ ਪੈਂਦਾ ਹੈ, ਜਿਉਂ ਮੇਰੇ ਉੱਦਮ ਨੇ ਨਿੱਜੀ ਖੁਸ਼ੀਆਂ ਦੇ ਲੋਚਕਾਂ ਦੀ ਭੀੜ ਗੁਰੂ ਨਾਨਕ ਦੇ ਘਰ ਲਿਆ ਇਕੱਠੀ ਕੀਤੀ ਹੈ, ਤੇ ਏਸ ਭੀੜ-ਭੜੱਕੇ ਤੋਂ ਉਕਤਾ ਕੇ ਗੁਰੂ ਨਾਨਕ ਦੀ ਰੂਹ ਏਥੋਂ ਕਿਸੇ ਹੋਰ ਥਾਂ ਚਲੀ ਗਈ ਹੈ।"

ਉਨ੍ਹਾਂ ਦੀ ਏਸ ਸਾਫ਼-ਕਹਿਣੀ ਤੋਂ ਮੈਂ ਵੀ ਇਨਕਾਰ ਕਰਨ ਦੀ ਦਲੇਰੀ ਲੈ ਲਈ, ਤੇ ਉਨ੍ਹਾਂ ਨੂੰ ਆਖਿਆ: "ਮੇਰੇ ਦਿਲ ਦੀ ਬਣਤਰ ਇਹੋ ਜਿਹੀ ਹੈ ਕਿ ਸਾਧਾਰਨ ਰੋਜ਼ਾਨਾ ਜ਼ਿੰਦਗੀ ਦੀ ਮਾੜੀ ਮੋਟੀ ਪ੍ਰਸ਼ੰਸਾ ਵੀ ਮੈਨੂੰ ਸੰਤੁਸ਼ਟ ਰੱਖ ਸਕਦੀ ਹੈ, ਏਸ ਲਈ ਅੱਗਾ ਸਵਾਰਨ ਦੀ ਪ੍ਰੇਰਨਾ ਮੇਰੇ ਅੰਦਰੋਂ ਉਠਦੀ ਨਹੀਂ। ਧਾਰਮਕ ਮੰਡਲ ਵਿਚ ਮੇਰੀ ਕਿਸੇ ਸੇਵਾ ਦੀ ਪ੍ਰੰਗਤ ਏਨੀ ਨਹੀਂ ਪੈਣੀ, ਜਿੰਨੀ ਰਸਮੀ ਧਰਮ ਨਾਲ ਮੇਰੀ ਬੇ-ਅਨੁਸਾਰਤਾ ਦੀ ਨਿੰਦਿਆ ਛਿੜ ਪੈਣੀ ਹੈ।"

ਸਰਦਾਰ ਤਰਲੋਕ ਸਿੰਘ ਜੀ ਮੇਰੇ ਨਾਲ ਸਹਿਮਤ ਹੋ ਗਏ, ਕਿਉਂਕਿ ਉਸ ਸਮੇਂ ਉਨ੍ਹਾਂ ਦੇ ਅੰਤਹਕਰਣ ਵਿਚ ਕਿਸੇ ਬੇ-ਅਨੁਕੂਲਤਾ ਦੀ ਬੇਚੈਨੀ ਸੀ। ਤੇ ਮੇਰਾ ਯਕੀਨ ਇਹੋ ਹੈ ਕਿ ਏਸੇ ਆਤਮਕ ਵਿਪ੍ਰੀਤੀ ਕਾਰਨ ਹੀ ਉਨ੍ਹਾਂ ਦੀ ਮੌਤ ਛੇਤੀ ਹੋ ਗਈ। ਉਨ੍ਹਾਂ ਦੀ ਥਾਂ ਲੈਣ ਵਾਲੇ ਪ੍ਰਬੰਧਕ ਸਰਦਾਰ ਜਵੰਦ ਸਿੰਘ ਜੀ

ਗੁਰਬਖ਼ਸ਼ ਸਿੰਘ

ਦੁਨੀਆਦਾਰੀ ਵਿਚ ਵਧੇਰੇ ਜਾਚ ਵਾਲੇ ਆਦਮੀ ਸਨ।

ਤੇ ਜਿਸ ਦਿਨ ਉਹ ਮੇਰੇ ਕੋਲ ਆਏ, ਮੇਰੇ ਦਿਲ ਵਿਚ, ਬਾਦਸ਼ਾਹ ਖ਼ਾਨ ਨੂੰ ਵੇਖ ਸੁਣ ਲੈਣ ਬਾਅਦ ਕੋਈ ਅਸਾਧਾਰਨ ਜਿਹੀ ਮਜ਼ਬੂਤੀ ਆ ਗਈ ਸੀ, ਜਿਸ ਕਰਕੇ ਉਨ੍ਹਾਂ ਦੀ ਮੰਦਰ-ਉਸਾਰੀ ਬਾਰੇ ਤੀਬਰਤਾ ਨੂੰ ਮੈਂ ਵਧੇਰੇ ਹਮਦਰਦੀ ਨਾਲ ਵਿਚਾਰ ਸਕਦਾ ਸਾਂ।

ਸਰਦਾਰ ਜਵੰਦ ਸਿੰਘ ਹੋਰਾਂ ਬੜੇ ਸਿਆਣੇ ਅੰਦਾਜ਼ ਵਿਚ ਮੈਨੂੰ ਆਖਿਆ: "ਬੇ-ਹੱਕੀ ਨਿੰਦਿਆ ਵਿਗਾੜਨ ਦੀ ਥਾਂ ਕੁਝ ਸੁਆਰਦੀ ਹੀ ਹੈ। ਸਾਡਾ ਸਮਾਜਕ ਵਿਕਾਸ ਅਧੂਰਾ ਹੋਣ ਕਰਕੇ ਲਗਪਗ ਹਰ ਧਾਰਮਕ ਅਹੁਦੇ ਉਤੇ ਮੇਰੀ ਰੱਜ ਕੇ ਨਿੰਦਿਆ ਹੋਈ ਹੈ, ਪਰ ਹਮੇਸ਼ਾ ਬੇ-ਹੱਕੀ ਹੋਣ ਕਰਕੇ ਅਗਲਾ ਅਹੁਦਾ ਮੈਨੂੰ ਪਹਿਲੇ ਨਾਲੋਂ ਵਡੇਰਾ ਹੀ ਮਿਲਦਾ ਆਇਆ ਹੈ। ਮੇਰਾ ਨੇਮ ਇਹ ਬਣ ਗਿਆ ਹੈ: ਜੀਵੋ ਜਿਵੇਂ ਤੁਹਾਡਾ ਮਨ ਮੰਨੇ, ਪਰਵਾਹ ਰਤਾ ਨਾ ਕਰੋ ਬੇ-ਹੱਕੀ ਨਿੰਦਿਆ ਦੀ! ਤੁਸੀਂ ਵੀ ਜੇ ਇਹ ਕੰਮ ਛੁਹ ਲਵੋ, ਤਾਂ ਸੱਚ ਮੰਨੋ ਇਹ ਕੰਮ ਸਿਰਫ਼ ਛੁਹੇ ਜਾਣ ਦਾ ਹੀ ਉਡੀਕਵਾਨ ਹੈ। ਸਾਡੀ ਕਮੇਟੀ ਵਿਚ ਦੋ ਧੜੇ ਹਨ। ਇੱਕ ਧੜਾ ਚਾਹੁੰਦਾ ਹੈ ਕਿਵੇਂ ਨਾ ਕਿਵੇਂ ਇਹ ਕੰਮ ਨੇਪਰੇ ਚੜ੍ਹ ਜਾਏ। ਉਨ੍ਹਾਂ ਦਾ ਯਕੀਨ ਹੈ ਜਿਦ੍ਹੇ ਵਸੀਲਿਓਂ ਇਹ ਕੰਮ ਨੇਪਰੇ ਚੜ੍ਹਿਆ, ਉਹਦਾ ਇਤਿਹਾਸ ਪੱਕਾ ਹੋ ਜਾਏਗਾ। .....ਦੂਜਾ ਧੜਾ ਐਸ ਵੇਲੇ ਘਟ-ਗਿਣਤੀ ਵਿਚ ਹੈ। ਉਹਦੀ ਸਿਰ-ਤੋੜ ਕੋਸ਼ਿਸ਼ ਇਹੋ ਹੈ ਕਿ ਇਹ ਕੰਮ ਅਰੰਭਿਆ ਨਾ ਜਾਏ, ਜਿੰਨਾ ਚਿਰ ਉਹ ਆਪ ਬਹੁ-ਗਿਣਤੀ ਵਿਚ ਨਹੀਂ ਆ ਜਾਂਦਾ ....।"

ਸਰਦਾਰ ਜਵੰਦ ਸਿੰਘ ਜੀ ਦੇ ਲਫ਼ਜ਼ਾਂ ਵਿਚ ਨਿੱਜੀ ਯੋਜਨਾ ਦੀ ਤੀਬਰਤਾ ਭਾਵੇਂ ਪ੍ਰਤੱਖ ਸੀ, ਪਰ ਉਨ੍ਹਾਂ ਦਾ ਇਹ ਭਰੋਸਾ ਟੁੰਬਣ ਵਾਲਾ ਵੀ ਸੀ ਕਿ ਕੰਮ ਸਿਰਫ਼ ਸ਼ੁਰੂ ਕਰਨ ਦੀ ਦਲੇਰੀ ਮੰਗਦੇ ਹੁੰਦੇ ਹਨ- ਸ਼ੁਰੂ ਕੀਤੇ ਕੰਮਾਂ ਵਿਚ ਨੇਪਰੇ ਚੜ੍ਹ ਜਾਣ ਦੀ ਰੁਚੀ ਖ਼ੁਦ-ਰੌ ਹੁੰਦੀ ਹੈ।

ਗੁਰਦੁਆਰਿਆਂ ਵਿਚ ਮੇਰੇ ਖਿਲਾਫ਼ ਝੱਖੜ ਅਜੇ ਓਸੇ ਤਰ੍ਹਾਂ ਝੁੱਲ ਰਿਹਾ ਸੀ, ਮੈਨੂੰ "ਸੋਧ ਕਢਣ" ਦੀਆਂ ਆਵਾਜ਼ਾਂ ਵੀ ਉਠਣ ਲੱਗ ਪਈਆਂ ਸਨ, ਪਰ ਔਖੇ ਕੰਮਾਂ ਦੀ ਵੰਗਾਰ ਮੇਰੇ ਉਤੇ ਅੱਜ ਤੱਕ ਕਦੇ ਬੇ-ਅਸਰ ਨਹੀਂ ਰਹੀ। ਮੇਰੀ ਸੁਭਾਵਕ ਨਿਰਮਾਣਤਾ ਦੀ ਤਹਿ ਵਿਚ ਕੋਈ ਗੁੱਝਾ ਅਭਿਮਾਨ ਹੈ। ਸਰਦਾਰ ਜਵੰਦ ਸਿੰਘ ਹੋਰਾਂ ਏਸ ਅਭਿਮਾਨ ਨੂੰ ਛੇੜ ਕੇ ਜਗਾ ਲਿਆ। ਉਨ੍ਹਾਂ ਮੁੱਖੀ ਇੰਜੀਨੀਅਰ ਸੰਤ ਰਾਮ ਜੀ ਦੀ ਨੀਂਹ-ਵਿਓਂਤ ਮੈਨੂੰ ਦੱਸੀ, ਕੰਪਨੀਆਂ ਦੇ ਦੱਸੇ ਨਿਰਖ ਪੜ੍ਹ ਸੁਣਾਏ। ਕੰਮ ਦੀਆਂ ਮੁਸ਼ਕਲਾਂ ਤੇ ਸਦੀਵੀ ਚਸ਼ਮਿਆਂ ਦੀ ਅਮੋੜਤਾ ਉਤੇ ਜ਼ੋਰ ਦੇ ਕੇ, ਕੰਪਨੀਆਂ ਨੇ ਨਿਰਖ ਵਧਾ ਕੇ ਲਿਖੇ ਹੋਏ ਸਨ।

ਸਰਦਾਰ ਤਰਲੋਕ ਸਿੰਘ ਜੀ ਦੀ ਨਿਸ਼ਕਾਮ ਸੇਵਾ ਤੇ ਚੰਗਿਆਈ ਮੈਨੂੰ ਏਸ ਕੰਮ ਦੀ ਜ਼ਿੰਮੇਵਾਰੀ ਲੈਣ ਲਈ ਪ੍ਰੇਰ ਨਹੀਂ ਸੀ ਸਕੀ, ਪਰ ਸਰਦਾਰ ਜਵੰਦ ਸਿੰਘ ਜੀ ਦੁਨੀਆ ਦੀ ਨਬਜ਼ ਦੇ ਵਧੇਰੇ ਸੁਚੱਜੇ ਹਕੀਮ ਸਨ। ਉਨ੍ਹਾਂ ਮੇਰੇ ਅੰਦਰੋਂ ਮੇਰਾ ਅਭਿਮਾਨ ਤਾੜ ਕੱਢਿਆ ਸੀ, ਤੇ ਆਪਣੇ ਕੰਮ ਦੀਆਂ ਮੁਸ਼ਕਲਾਂ ਦਾ ਚੁਸਤ ਵਿਚਾਰ ਕਰ ਕੇ ਉਨ੍ਹਾਂ ਮੈਨੂੰ ਮੇਰੀ ਸੁਭਾਵਕ ਰਗ ਦੇ ਖਿਲਾਫ਼ ਵੀ ਮਨਾ ਲਿਆ।

ਨਵੇਂ ਗੁਰਦੁਆਰੇ ਦੀ ਸਪੁਰਦਗੀ ਮੈਂ ਲੈ ਲਈ। ਇੱਕ ਸਹਾਇਕ ਇੰਜੀਨੀਅਰ ਲਈ ਇਸ਼ਤਿਹਾਰ ਕੱਢੇ ਹੋਏ ਸਨ, ਇੰਟਰਵਿਊ ਲਈ ਉਮੈਦਵਾਰ ਬੁਲਾਏ ਹੋਏ ਸਨ, ਮੇਰੀ ਸਲਾਹ ਨਾਲ ਇੱਕ ਇੰਜੀਨੀਅਰ ਚੁਣ ਲਿਆ ਗਿਆ।

ਕਈ ਪੰਪਾਂ ਦੀ ਮਦਦ ਨਾਲ ਅਸਾਂ ਸਰੋਵਰ ਦਾ ਪਾਣੀ ਲਗਪਗ ਖਾਲੀ ਕਰ ਲਿਆ। ਸਰੋਵਰ ਵਿਚ ਕਈ ਚਸ਼ਮੇ ਵੀ ਸਨ, ਉਨ੍ਹਾਂ ਦਾ ਪਾਣੀ ਚਲਦਾ ਹੀ ਰਿਹਾ। ਏਸ ਚਲਦੇ ਪਾਣੀ ਦੇ ਬਾਵਜੂਦ ਮੈਂ ਸੀਮਿੰਗ ਕੰਕਰੀਟ ਪਾ ਦੇਣ ਦਾ ਫ਼ੈਸਲਾ ਕਰ ਲਿਆ। ਜਿਹੜੇ ਪੰਜ ਪਿਆਰਿਆਂ ਕੋਲੋਂ ਪਹਿਲੀਆਂ ਪੰਜ ਕੜਾਹੀਆਂ ਪੁਆਣੀਆਂ ਸਨ, ਉਹਨਾਂ ਵਿੱਚ ਸ਼ਾਮਲ ਹੋਣ ਲਈ ਕਮੇਟੀ ਨੇ ਮੈਨੂੰ ਵੀ ਆਖਿਆ। ਇਹ ਉਹਨਾਂ ਦੀ ਕਿਰਪਾ-ਦ੍ਰਿਸ਼ਟੀ ਸੀ, ਪਰ ਕਈ ਨਿੱਜੀ ਦਲੀਲਾਂ ਦੇ ਕੇ ਮੈਂ ਖਿਮਾਂ ਮੰਗ ਲਈ। ਜਿਹੜੀ ਦਲੀਲ ਕਮੇਟੀ ਨੂੰ ਵੀ ਜਚ ਗਈ, ਉਹ ਇਹ ਸੀ ਕਿ ਜਿਸ ਭਾਂਤ ਦਾ ਭੰਡੀ ਪਰਚਾਰ ਉਸ ਵੇਲੇ ਮੇਰੇ ਖਿਲਾਫ਼ ਗੁਰਦੁਆਰਿਆਂ ਵਿੱਚ ਹੋ ਰਿਹਾ ਸੀ, ਉਹਦੇ ਰੂਬਰੂ ਭੋਲੀ ਸੰਗਤ ਇੱਕ ਮਹਾਨ ਗੁਰਦੁਆਰੇ ਦੀ ਉਸਾਰੀ ਮੇਰੇ ਕੋਲੋਂ ਕਰਾਣੀ ਤਾਂ ਸ਼ਾਇਦ ਪਰਵਾਨ ਕਰ ਲਵੇ (ਉਹ ਵੀ ਜੇ ਮੈਂ ਕਾਮਯਾਬ ਹੋ ਗਿਆ) ਪਰ ਇਹਦੀ ਨੀਂਹ ਰਖਣ ਵਾਲਿਆਂ ਵਿਚ ਮੇਰਾ ਹੋਣਾ ਸ਼ਾਇਦ ਕਿਸੇ ਸਮੇਂ ਉਹ ਸਹਾਰ ਨਾ ਸਕੇ।

ਪੰਜਾਂ ਪਿਆਰਿਆਂ ਨੇ ਸਿਰਾਂ ਉਤੇ ਨਵੀਆਂ ਲਿਸ਼ਕਦੀਆਂ ਕੜਾਹੀਆਂ ਚੁੱਕ ਲਈਆਂ। ਐਵੇਂ ਖਿਆਲ ਜਿਹਾ ਮੇਰਾ ਹੈ, ਕਿ ਉਹ ਕੜਾਹੀਆਂ ਚਾਂਦੀ ਦੀਆਂ ਸਨ, ਪਰ ਮੈਨੂੰ ਪੱਕਾ ਯਾਦ ਨਹੀਂ। ਅਰਦਾਸਾ ਸੋਧਿਆ ਗਿਆ, ਜੈਕਾਰਿਆਂ ਨਾਲ ਆਕਾਸ਼ ਗੂੰਜ ਪਿਆ। ਹਜ਼ਾਰਾਂ ਸ਼ਰਧਾਲੂ ਕਤਾਰਾਂ ਵਿਚ ਜੁੜੇ ਖਲੋਤੇ ਸਨ। "ਸਤਿਨਾਮ ਸ੍ਰੀ ਵਾਹਿਗੁਰੂ" ਦੀ ਧੁਨੀ ਦੀ ਤਾਲ ਉਤੇ ਕੰਕਰੀਟ ਧਮਾ-ਧਮ ਸਰੋਵਰ ਵਿਚ ਉਲੱਦੀ ਜਾਣ ਲੱਗ ਪਈ। ਇਹ ਮੈਨੂੰ ਸਾਂਝੀਵਾਲਤਾ ਦਾ ਕਰਿਸ਼ਮਾ ਜਾਪਿਆ। ਸਾਂਝੀਵਾਲਤਾ ਕੀ ਨਹੀਂ ਕਰ ਸਕਦੀ। ਖ਼ਾਲਸਾ ਪੰਥ ਖ਼ੁਦ ਏਸ ਸਵਾਲ ਦਾ ਜਵਾਬ ਸੀ।

ਪੰਪ ਪੂਰੀ ਰਫ਼ਤਾਰ ਨਾਲ ਕੰਮ ਕਰ ਰਹੇ ਸਨ, ਪਰ ਮੈਂ ਵੇਖਿਆ ਕਿ ਚਸ਼ਮਿਆਂ ਉਤੇ ਜਿਹੜੀ ਕੜਾਹੀ ਪੈਂਦੀ ਉਹਦਾ ਸੀਮਿੰਟ ਰੁੜ੍ਹ ਜਾਂਦਾ ਤੇ ਪਾਣੀ ਦਾ ਫ਼ੁਹਾਰਾ ਓਸੇ ਤਰ੍ਹਾਂ ਉੱਚਾ ਚੜ੍ਹ ਆਉਂਦਾ। ਸ਼ਾਮ ਤੱਕ ਹਜ਼ਾਰਾਂ ਕੜਾਹੀਆਂ ਪੈ ਗਈਆਂ, ਪਰ ਚਸ਼ਮੇ ਵਾਲੇ ਥਾਓਂ ਸੈਂਕੜੇ ਕੜਾਹੀਆਂ ਦਾ ਸੀਮਿੰਟ ਵਿਅਰਥ ਰੁੜ੍ਹ ਗਿਆ। ਮੇਰੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ; ਸੰਗਤ ਦਾ ਜਗਨ ਨਾਥੀ ਰੱਥ "ਸਤਿਨਾਮ" ਜੈਕਾਰਦਾ ਵਗਿਆ ਤੁਰਿਆ ਜਾ ਰਿਹਾ ਸੀ। ਕੰਮ ਸ਼ੁਰੂ ਕਰਨ ਲੱਗਿਆਂ ਮੇਰੀ ਗਿਣਤੀ ਇਹ ਸੀ ਕਿ ਪੰਪ ਚੱਲਦੇ ਹੋਣਗੇ, ਸੇਵਾਦਾਰ ਬੇਅੰਤ ਹੋਣਗੇ, ਛੇਤੀ ਥਰ ਬੰਨ੍ਹਣ ਵਾਲੇ ਸੀਮਿੰਟ ਦੀਆਂ ਧੜਾ-ਧੜ ਪੈਂਦੀਆਂ ਕੜਾਹੀਆਂ ਚਸ਼ਮਿਆਂ ਨੂੰ ਜ਼ਰੂਰ ਦੱਬ ਲੈਣਗੀਆਂ! ਤੇ ਅਨੇਕਾਂ ਛੋਟੇ ਚਸ਼ਮੇ ਦੱਬੇ ਵੀ ਜਾ ਚੁੱਕੇ ਸਨ। ਪਰ ਕਈ ਵੱਡੇ ਚਸ਼ਮੇ ਬਿਲਕੁਲ ਅਮੋੜ ਸਨ! ਉਹਨਾਂ ਵਿੱਚੋਂ ਪਾਣੀ ਇੱਕ ਨਹਿਰ ਵਾਂਗ ਵਗ ਰਿਹਾ ਤੇ ਕਿੰਨਾ ਹੀ ਮਹਿੰਗਾ ਸੀਮਿੰਟ ਰੋੜ੍ਹੀ ਲਈ ਜਾ ਰਿਹਾ ਸੀ।

ਸ਼ਾਮ ਨੂੰ ਜਦੋਂ ਮੈਂ ਕੰਮ ਬੰਦ ਕੀਤਾ, ਤਾਂ ਮੈਂ ਡਾਢਾ ਹੀ ਉਦਾਸ ਆਦਮੀ ਸਾਂ। ਮੇਰੇ ਮੂੰਹ ਉਤੇ ਭਾਵੇਂ ਕਿਸੇ ਨੇ ਨੁਕਤਾਚੀਨੀ ਨਹੀਂ ਸੀ ਕੀਤੀ, ਪਰ ਜਿਹੜਾ ਮੈਨੂੰ ਮਿਲਦਾ ਮੈਨੂੰ ਇਹੀ ਡਰ ਲੱਗਦਾ, ਕਿ ਹੁਣੇ ਮੇਰੀ ਨਾਲਾਇਕੀ ਵੱਲ ਇਸ਼ਾਰਾ ਕਰੇਗਾ।

ਪਰ ਕੇਡੇ ਚੰਗੇ ਹੁੰਦੇ ਨੇ ਸਾਰੇ ਲੋਕ! ਕਿਸੇ ਨੇ ਮੇਰਾ ਦਿਲ ਹੋਰ ਮੰਦਾ ਨਾ ਕੀਤਾ। ਜੇ ਕੋਈ ਕਰਦਾ ਤਾਂ ਪਤਾ ਨਹੀਂ ਮੇਰੇ ਨਾਲ ਕੀ ਗੁਜ਼ਰਦੀ, ਮੈਂ ਮਨ ਦੀ ਸਹਾਰਨ-ਸ਼ਕਤੀ ਦੀ ਹੱਦ ਤੱਕ ਪਹੁੰਚਾ ਹੋਇਆ ਸਾਂ। ਇੱਕ ਬਾਗ ਵਿਚ ਚਲਾ ਗਿਆ। ਇੱਕ ਬ੍ਰਿਛ ਹੇਠਾਂ ਬੈਠੇ ਦਾ ਮੇਰਾ ਦਿਲ ਅਫ਼ਸੋਸ ਨਾਲ ਭਰਿਆ ਹੋਇਆ ਸੀ।

"ਮੈਂ ਚੰਗਾ ਭਲਾ ਜੀਵੀ ਜਾ ਰਿਹਾ ਸਾਂ। ਚੰਗਾ ਆਖ ਛੱਡਦਾ ਤੇ ਚੰਗਾ ਅਖਵਾ ਲੈਂਦਾ ਸਾਂ। **"ਪ੍ਰੀਤ ਲੜੀ" ਬਿਨਾ ਮੇਰਾ ਕੀ ਥੁੜਿਆ ਪਿਆ ਸੀ। ਕਿਉਂ ਮੈਂ ਸਾਰਾ ਪੰਥ ਆਪਣੇ ਪਿਛੇ ਪੁਆ ਲਿਆ!**

ਤੇ ਹੁਣ ਕਿਸ ਮੇਰੇ ਸਿਰ ਉਤੇ ਤਲਵਾਰ ਆ ਲਟਕਾਈ ਸੀ, ਕਿ ਜਿਸ ਕੰਮ ਦੇ ਮੈਂ ਲਾਇਕ ਨਹੀਂ ਸਾਂ ਉਹ ਕੰਮ ਵੀ ਕਿਸੇ ਆਪਣੇ ਅਭਿਮਾਨ ਦੀ ਉਕਸਾਹਟ ਹੇਠਾਂ ਮੈਂ ਪੜੱਛ ਲਿਆ - ਉਡਦਾ ਛਾਪਾ ਚੰਮੇੜ ਲਿਆ! ਤਰਲੋਕ ਸਿੰਘ ਹੋਰਾਂ ਵਰਗੇ ਮਿਕਨਾਤੀਸੀ ਆਦਮੀ ਦੀ ਗੱਲ ਮੈਂ ਮੋੜ ਦਿੱਤੀ, ਤੇ ਜਵੰਦ ਸਿੰਘ ਹੋਰਾਂ ਦੀਆਂ ਗੱਲਾਂ ਵਿੱਚ ਆ ਗਿਆ!"

ਪਰ ਜਿਵੇਂ ਮੈਨੂੰ ਮੇਰੇ ਖ਼ਿਆਲਾਂ ਦੇ ਏਸ ਵਹਿਣ ਵਿਚੋਂ ਕੱਢਣਾ ਮੇਰੀ ਹੋਣੀ ਦਾ ਮਨੋਰਥ ਹੁੰਦੈ, ਓਸ ਬ੍ਰਿਛ ਉਤੋਂ ਜਿਦ੍ਹੇ ਹੇਠ ਮੈਂ ਬੈਠਾ ਸਾਂ, ਇੱਕ ਵੱਡਾ ਸਾਰਾ ਪੰਛੀ ਫੜਫੜ ਕਰਦਾ ਉਡ ਗਿਆ। ਜਿੰਨੀ ਕੁ ਵਾਟ ਉਹ ਚੰਨ ਚਾਨਣੀ ਵਿਚ ਮੈਨੂੰ ਦਿੱਸਦਾ ਰਿਹਾ, ਮੈਂ ਉਹਦੇ ਵੱਲ ਵੇਖਦਾ ਰਿਹਾ।

ਤੇ ਜਦੋਂ ਫੇਰ ਮੈਂ ਆਪਣੀ ਸੋਚ-ਲੜੀ ਨੂੰ ਫੜਿਆ ਤਾਂ ਪਹਿਲਾਂ ਨਾਲੋਂ ਬਿਲਕੁਲ ਵਖਰਾ ਹੀ ਸਿਰਾ ਮੇਰੇ ਦਿਮਾਗ ਵਿਚ ਸੀ: "ਕਿਹੜਾ ਕੰਮ ਤੈਨੂੰ ਕਦੇ ਪਿਆ, ਜਿਹੜਾ ਛੁਹਿਆ ਠੀਕ ਤਰ੍ਹਾਂ ਮੁੱਕਿਆ ਨਹੀਂ?"

ਆਪਣੀਆਂ ਉਸ ਵੇਲੇ ਤਕ ਆਈਆਂ ਸਾਰੀਆਂ ਔਖਿਆਈਆਂ ਉਤੇ ਇੱਕ ਇੱਕ ਕਰਕੇ ਮੈਂ ਨਜ਼ਰ ਫੇਰੀ: "ਇੱਕ ਤੋਂ ਇੱਕ ਚੜ੍ਹਦੀ ਘਾਟੀ ਸਾਹਮਣੇ ਆਉਂਦੀ ਰਹੀ ਹੈ! ਪਰ ਸਭ ਘਾਟੀਆਂ ਓੜਕ ਚੜ੍ਹੀਆਂ ਹੀ ਜਾਂਦੀਆਂ ਰਹੀਆਂ ਹਨ। ਏਦੂੰ ਵੀ ਔਖੇ ਸਮੇਂ ਨਮੋਸ਼ੀ ਦੇ ਮੇਰੀ ਜ਼ਿੰਦਗੀ ਵਿਚ ਆਏ ਪਰ ਸੱਭੋ ਲੰਘ ਗਏ। ਅਨੇਕਾਂ ਨਮੋਸ਼ੀਆਂ ਨਾਮਣੇ ਵੀ ਬਣ ਗਈਆਂ ......।"

ਸਾਹਮਣਿਓਂ ਇੱਕ ਤਾਰਾ ਟੁੱਟਾ। ਬੜੀ ਲੰਮੀ ਸੁਨਹਿਰੀ ਲਕੀਰ ਅਸਮਾਨੇ ਖਿੱਚੀ ਗਈ। ਪੰਛੀ ਉਡਿਆ, ਤਾਰਾ ਟੁੱਟਿਆ! "ਕੋਈ ਸੁਨੇਹਾ ਲਿਸ਼ਕਿਆ: "ਕਦੇ ਕੋਈ ਆਖ਼ਰ ਆਈ ਏ?"

ਤੇ ਮੈਂ ਸੋਚਣ ਲੱਗ ਪਿਆ, ਕਿ ਕਿਸ ਤਰ੍ਹਾਂ ਉਹ ਅਮੋੜ ਚਸ਼ਮੇ ਮੇਰੇ ਕਾਬੂ ਵਿਚ ਆ ਸਕਦੇ ਹਨ। ਅੱਧੀ ਰਾਤ ਸੀ ਜਦੋਂ ਮੈਂ ਵਾਪਸ ਆਪਣੇ ਬਿਸਤਰੇ ਉਤੇ ਪੈਣ ਲੱਗਾ ਸਾਂ। ਖਾਣਾ ਮੈਂ ਬੰਦ ਕਰ ਗਿਆ ਸਾਂ। ਮੇਰੀ ਪਤਨੀ ਨੇ ਪੁਛਿਆ, "ਤੁਸੀਂ ਉਦਾਸ ਹੋ- ਕੰਮ ਚੰਗਾ ਨਹੀਂ ਹੋਇਆ - ਕੋਈ ਗੱਲ ਨਹੀਂ, ਹੁਣ ਤੁਸੀਂ ਸੌਂ ਜਾਓ, ਸਵੇਰ ਤਕ ਕੋਈ ਚੰਗੀ ਗੱਲ ਜ਼ਰੂਰ ਤੁਹਾਨੂੰ ਸੁਝ ਪਏਗੀ।"

"ਸਵੇਰੇ ਸੁੱਝੂ ਕਾਹਨੂੰ? ਹੁਣ ਮੈਂ ਉਦਾਸ ਨਹੀਂ ਸਾਂ- ਸੁਝ ਪਈ ਤਾਂ ਵਾਪਸ ਮੁੜਿਆ ਹਾਂ।"

ਓਸ ਰਾਤ ਮੈਂ ਬੜਾ ਥੋੜਾ ਸੌਂ ਸਕਿਆ। ਅਮੋੜ ਚਸ਼ਮਿਆਂ ਨਾਲ ਘੁਲਦਾ ਮੈਂ ਉਭੜਵਾਹੇ ਉਠ ਖਲੋਂਦਾ, ਤੇ ਤਾਂਘਦਾ ਕਦੋਂ ਸਵੇਰ ਹੋਵੇਗੀ।

ਦੂਜੇ ਦਿਨ ਵਧਾਈਆਂ ਮਿਲ ਗਈਆਂ। ਇੱਕ ਵੱਡੇ ਚਸ਼ਮੇ ਦੇ ਛੁੱਟ ਸਾਰੇ ਚਸ਼ਮੇ ਕਾਬੂ ਵਿੱਚ ਆ ਗਏ। ਦਸ ਟੋਕਰੀਆਂ ਸੀਮਿੰਟ ਵੀ ਰੁੜ੍ਹਿਆ ਨਹੀਂ ਹੋਣਾ। ਇੱਕ ਵੱਡਾ ਚਸ਼ਮਾ ਛਮਾ-ਛਮ ਵਗਦਾ ਰਹਿ ਗਿਆ। ਇਹਨੂੰ ਮੈਂ ਅਜੇ ਤੱਕ ਜਾਣ ਕੇ ਨਹੀਂ ਸੀ ਛੇੜਿਆ। ਓੜਕ ਏਹਦੇ ਨਿਕਾਸ ਵਾਲੇ ਨਾਲੇ ਨੂੰ ਦੂਜੇ ਸਿਰੇ ਤੋਂ ਭਰਨਾ ਸ਼ੁਰੂ ਕਰ ਦਿੱਤਾ। ਏਸ ਤਰ੍ਹਾਂ ਰੋੜ੍ਹ ਤਾਂ ਬੰਦ ਹੋ ਗਿਆ, ਹੁਣ ਪਾਣੀ ਉੱਚਾ ਚੜ੍ਹ ਕੇ ਸਾਰੇ ਥੜੇ ਉਤੇ ਖਿਲਰਨ ਲੱਗ ਪਿਆ। ਤੇ ਜਦੋਂ ਚਸ਼ਮੇ ਦਾ ਘੇਰਾ ਮਸਾਂ ਦਸ ਵਰਗ ਫੁੱਟ ਰਹਿ ਗਿਆ, ਉਦੋਂ ਮੈਂ ਹੱਲਾ ਬੁਲਾ ਦਿੱਤਾ। "ਸਤਿ ਸ੍ਰੀ ਅਕਾਲ" ਤੇ ਧਮਾ-ਧਮ ਕੜਾਹੀਆਂ ਵਹਿਣ ਲੱਗ ਪਈਆਂ। ਸਤਾਹ ਉਤੋਂ ਦੋ ਫੁਟ ਉੱਚਾ ਚੜ੍ਹ ਕੇ ਚਸ਼ਮਾ ਬੁਲਬੁਲੇ ਛੱਡਣ ਲੱਗ ਪਿਆ। ਹਰ ਪਾਸਿਓਂ ਜੈਕਾਰੇ ਛੁੱਟ ਪਏ। ਫੇਰ ਕੀ ਸੀ। ਇੱਕ ਦੋ ਦਿਨਾਂ ਦੀ ਵਿੱਥ ਪਾ ਕੇ ਲੋਹੇ ਦਾ ਜਾਲ ਵਿਛਾ ਦਿੱਤਾ ਗਿਆ ਤੇ ਹਜ਼ਾਰਾਂ ਫੁੱਟ ਕੰਕਰੀਟ ਪਾ ਕੇ ਇੱਕ ਵਿਸ਼ਾਲ ਥੜ੍ਹਾ ਪਧਰਾ ਕਰ ਲਿਆ। ਏਸ ਥੜ੍ਹੇ ਦੁਆਲੇ ਸਰੋਵਰ ਅੱਗੇ ਨਾਲੋਂ ਚੋਖਾ ਚੌੜਾ ਕਰ ਦਿੱਤਾ।

ਉਪਰਲੀ ਉਸਾਰੀ ਕੋਈ ਮੁਸ਼ਕਲ ਨਹੀਂ ਸੀ। ਸਹਾਇਕ ਇੰਜੀਨੀਅਰ ਸਰਦਾਰ ਰੂੜ ਸਿੰਘ ਬੜੇ ਤਜਰਬੇਕਾਰ ਸੱਜਣ ਸਨ। ਮੈਂ ਹਰ ਹਫ਼ਤੇ ਪੰਜੇ ਸਾਹਿਬ ਜਾਂਦਾ ਤੇ ਵੇਖ-ਚਾਖ ਕੇ ਬਿਲ ਪਾਸ ਕਰ ਆਉਂਦਾ। ਗੈਮਨ ਐਂਡ ਕੰਪਨੀ ਦਾ ਅਨੁਮਾਨ ਸਿਰਫ਼ ਨੀਂਹ-ਭਰਾਈ ਦਾ ਡੇਢ ਲੱਖ ਸੀ। ਉਹਨਾਂ ਨੇ ਕਈ ਸ਼ਕੀਆ ਔਖਿਆਈਆਂ ਦਾ ਲਾਭ ਆਪਣੇ ਅਨੁਮਾਨ ਨੂੰ ਦਿੱਤਾ ਹੋਇਆ ਸੀ। ਨੀਂਹ -ਭਰਾਈ ਦਾ ਕੰਮ ਪਚਵਿੰਜਾ ਹਜ਼ਾਰ ਵਿਚ ਨਿੱਬੜ ਗਿਆ।

ਤੇ ਜਦੋਂ ਮੰਦਰ ਦੀ ਉਸਾਰੀ ਮੁਕੰਮਲ ਹੋ ਗਈ ਤਾਂ ਵਿਸਾਖੀ ਦੇ ਜੋੜ-ਮੇਲੇ ਉਤੇ ਕਈ ਹੋਰ ਚੰਗੇ ਸੇਵਕਾਂ ਦੇ ਨਾਲ ਮੈਨੂੰ ਵੀ ਸਰੋਪਾ ਬਖਸ਼ਿਆ ਗਿਆ। ਸਰਦਾਰ ਹਰਬੰਸ ਸਿੰਘ ਅਟਾਰੀ ਵਾਲੇ ਏਸ ਸਮਾਗਮ ਦੇ ਪ੍ਰਧਾਨ ਸਨ, ਤੇ ਭਾਈ ਸਾਹਿਬ ਭਾਈ ਕਾਹਨ ਸਿੰਘ ਨਾਭਾ ਪਰਮ ਸਤਿਕਾਰੀ ਮਹਿਮਾਨ ਸਨ। ਉਹ ਸਾਰਾ ਸਮਾਂ ਮੇਰੇ ਨਾਲ ਹੀ ਬੈਠੇ ਰਹੇ। ਕੋਈ ਖੁਸ਼ਬੂਦਾਰ ਇਨਸਾਨ ਸਨ। ਉਨ੍ਹਾਂ ਦੀ ਮਹਾਨ ਵਿਦਵਤਾ ਨਾਲੋਂ ਵੀ ਉਨ੍ਹਾਂ ਦੀ ਜ਼ਿੰਦਾ-ਦਿਲੀ ਵਧੇਰੇ ਮਹਾਨ ਸੀ। ਅਮੁੱਕ ਪ੍ਰੋਗਰਾਮ ਵਿਚ ਅਕੇਵਾਂ ਬੇਅੰਤ ਸੀ; ਤੇ ਜਿੱਥੇ ਅਸੀਂ ਬੈਠੇ ਹੋਏ ਸਾਂ, ਉਥੇ ਪਹਿਲਾਂ ਪੱਥਰ-ਘਾੜੇ ਪੱਥਰ ਘੜਦੇ ਰਹੇ ਸਨ, ਤੇ ਖਿਲਰੀਆਂ ਚਿੱਪਰਾਂ ਉਤੇ ਹੀ ਦਰੀ ਵਿਛਾ ਦਿੱਤੀ ਗਈ ਸੀ। ਪ੍ਰਬੰਧਕਾਂ ਦਾ ਸ਼ਾਇਦ ਖਿਆਲ ਹੋਵੇਗਾ ਕਿ ਕੂਲੇ ਸੰਗ-ਮਰਮਰ ਦੀਆਂ ਚਿਪਰਾਂ ਚੋਭਵੀਆਂ ਨਹੀਂ ਹੁੰਦੀਆਂ। ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਬੜੀ ਵਾਰੀ ਪਾਸੇ ਪਰਤਦੇ। ਆਪਣੀ ਬਿਰਧ ਅਵਸਥਾ ਦੇ ਬਾਵਜੂਦ ਉਹ ਬੜੇ ਹੀ ਸੁਹਣੇ ਤੇ ਅਤਿ ਮਿੱਠੀ ਸ਼ਬਦਾਵਲੀ ਦੇ ਮਾਲਕ ਸਨ। ਉਨ੍ਹਾਂ ਨੂੰ ਸੁਣ ਕੇ ਮੈਨੂੰ ਆਪਣੇ ਸ਼ਬਦਾਂ ਦੀ ਰਾਣੀ ਯਾਦ ਆਈ ਤੇ ਮੈਂ ਮਨ ਵਿਚ ਆਖਿਆ, "ਭਾਈ ਸਾਹਿਬ ਸ਼ਬਦਾਂ ਦੇ ਰਾਣੇ ਹਨ।"

ਓੜਕ ਸਮਾਪਤੀ ਦਾ ਅਰਦਾਸਾ ਰਾਤ ਦੇ ਨੌਂ ਕੁ ਵਜੇ ਨਾਲ ਹੋਣ ਲੱਗਾ। ਅਰਦਾਸ ਕਰਨ ਵਾਲੇ ਭਾਈ ਸਾਹਿਬ ਨੂੰ ਆਪਣੀ ਜਾਣਕਾਰੀ ਦੀ ਨੁਮਾਇਸ਼ ਕਰਨ ਦਾ ਇਹੋ ਮੌਕਾ ਮਿਲਿਆ ਸੀ। ਬੜੀ ਹੀ ਲੰਮੀ ਤੇ ਅਮੁੱਕ ਜਾਪਦੀ ਉਨ੍ਹਾਂ ਦੀ ਅਰਦਾਸ ਸੀ। ਤੇ ਓੜਕ ਜਦੋਂ ਉਨ੍ਹਾਂ ਨੇ ਗੁਰੂ ਦੇ ਸਿੱਖਾਂ ਲਈ ਅਕਾਲ ਪੁਰਖ ਕੋਲੋਂ ਕੇਸ ਦਾਨ, ਅਸ਼ਨਾਨ ਦਾਨ, ਭਰੋਸਾ ਦਾਨ ਤੇ ਹੋਰ ਕਿੰਨਾ ਕੁਝ ਦਾਨ ਵਿਚ ਮੰਗਿਆ ਤਾਂ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨੇ ਮੇਰੇ ਮੋਢੇ ਉਤੇ ਉੜ ਕੇ ਮੇਰੇ ਕੰਨਾਂ ਵਿਚ ਆਖਿਆ, "ਤੇ ਸਿੱਖਾਂ ਨੂੰ ਲੋਹੇ ਦੇ ਚਿੱਤੜ ਦਾਨ- ਜਿਹੜੇ ਪੱਥਰ-ਚਿਪਰਾਂ ਉਤੇ ਬਾਰਾਂ ਘੰਟੇ ਬਹਿ ਕੇ ਬਿਲਕੁਲ ਨਾ ਥੱਕਣ!"

ਬੜੀ ਮੁਸ਼ਕਲ ਨਾਲ ਮੈਂ ਆਪਣਾ ਪ੍ਰਤੀਕਰਮ ਰੋਕਿਆ, ਤੇ ਜੀਅ ਕਰੇ ਕਦੋਂ ਸਮਾਗਮ ਮੁੱਕੇ ਤੇ ਮੈਂ ਆਪਣੇ ਸਨੇਹੀਆਂ ਨਾਲ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਦੀ ਖੁੱਲ੍ਹ-ਤਬੀਅਤੀ ਦੀ ਏਸ ਸਿਖਰ ਦਾ ਹਵਾਲਾ ਦੇ ਕੇ ਸਾਰੇ ਦਿਨ ਦਾ ਆਪਣਾ ਅਕੇਵਾਂ ਹੱਸ ਕੱਢਾਂ।

ਹਰਿਮੰਦਰ ਸਾਹਿਬ ਦੇ ਸਾਹਮਣੇ ਸੰਗ-ਮਰਮਰ ਦੀ ਜੜੀ ਹੋਈ ਸਿੱਲ ਉਤੇ ਕਈ ਨਾਂ ਉਨ੍ਹਾਂ ਦੀ ਪ੍ਰਸ਼ੰਸਾ ਵਜੋਂ ਲਿਖੇ ਹੋਏ ਸਨ। ਉਨ੍ਹਾਂ ਵਿਚ ਇੱਕ ਨਾਂ ਮੇਰਾ ਵੀ ਸੀ। ਪਰ ਜਦੋਂ ਇੱਕ ਦੋ ਮਹੀਨਿਆਂ ਬਾਅਦ ਮੈਂ ਫੇਰ ਗੁਰਦੁਆਰੇ ਆਇਆ ਤਾਂ ਨਾਵਾਂ ਵਾਲੀ ਉਹ ਸਿਲ ਮੈਨੂੰ ਦਿੱਸੀ ਨਾ। ਪੁਛਣ ਉਤੇ ਪਤਾ ਲੱਗਾ ਕਿ ਕਮੇਟੀ ਦੇ ਮੈਂਬਰਾਂ ਵਿਚ ਬਹਿਸ ਛਿੜ ਪਈ ਸੀ -ਫ਼ਲਾਣੇ ਦਾ ਨਾਂ ਕਿਉਂ ਆਇਆ, ਤੇ ਫ਼ਲਾਣੇ ਦਾ ਕਿਉਂ ਨਹੀਂ ਆਇਆ। ਜਿਸ ਕਰਕੇ ਉਸ ਸਿੱਲ ਨੂੰ ਉਲਟਾ ਕੇ ਲਾ ਦੇਣ ਦਾ ਫ਼ੈਸਲਾ ਕੀਤਾ ਗਿਆ ਸੀ। ਨਵਾਂ ਵਾਲਾ ਪਾਸਾ ਹੁਣ ਹੇਠਾਂ ਵਲ ਅਦਿੱਖ ਕਰ ਦਿੱਤਾ ਗਿਆ ਸੀ। ਭਵਿਖ ਦੇ ਖੁਰਾਸਾਰੀ ਵਿਗਿਆਨੀਆਂ ਦੀ ਦਿਲਚਸਪੀ ਦਾ ਸ਼ਾਇਦ ਕਦੇ ਉਹ ਵਸੀਲਾ ਬਣ ਜਾਏ। (ਚੱਲਦਾ)

ਧੰਨਵਾਦ ਸ.ਸ. ਹੁੰਦਲ ਜੀ ਦਾ,
ਕਦੋ ਦੇ ਟਾਈਪ ਰੂਪ ਭੇਜਦੇ ਹਨ!- ਸੰ.

Harnam Singh Hari
Life Story

In 1908, Harnam Singh Hari resigned from military service and began to plan for his future abroad. Two years later, at the age of 27, he bid goodbye to his family and left for Canada via Hong Kong. It was a bold step, as immigration into Canada from British India was severely restricted.

There was no knowing whether he would be allowed to disembark from the steamship that was to take him to Canada. Once in, there was also no telling when he would be able to return to his family, if at all. After six weeks he was finally on a steamship headed for San Francisco and had heard that his fate lay in the hands of William Hopkinson, an Anglo-Indian born of a Sikh mother and an English father.

Raised in India, Hopkinson had moved to Vancouver in 1908 and had been hired by both the Canadian and US Governments as Immigration Inspector and Interpreter. On arrival at San Francisco, Hopkinson came on board the ship and chose only four passengers as prospective immigrants. Singh was not among them.

Unwilling to go back without a fight, he decided to present his case to Hopkinson. He argued that he deserved special consideration for his military service, pulling out his army discharge papers to make his point. His impassioned plea had the desired effect, and he was accepted by Hopkinson as his fifth immigrant.

Once ashore in San Francisco, the five Sikhs who had been allowed in, decided to split up. For Singh there was only one way and it led north to Vancouver. Although he had a professional qualification, he still had to take a low-paid menial job due to the employment restrictions placed upon Indian immigrants, and it is not surprising therefore that it was at a sawmill that Harnam Singh secured his first job where he worked for a year and a half before hearing that large tracts of farming land were available in neighbouring Alberta.

There was then no doubt in his mind that this was the place for him.

His journey east in 1910 to the town of Calgary was initially undertaken as a stowaway on a freight train, as he had no money to buy a ticket. En route, at

1910, Harnam with family

1921, Harnam-and-Ojager

Banff, he was discovered by the police and booted out. He now had no option but to walk the remaining 85 miles on foot, surviving by following the railway line and by feeding on leftovers tossed out by passengers.

Entering Calgary, he spotted another sawmill and asked for work and was eventually hired for the pitiful amount of 10 cents an hour. He stayed there for four months before he began to look around for another job.

Harnam Singh was the first Indo Canadian to set foot in Calgary. The uniqueness of his position was brought home to him when he went to look for a job at the Canadian Pacific Railways to unload cement bags from freight cars. He was politely told that the work would be too heavy for him and further advised to remove his turban and cut his hair to improve his employment prospects.

Family legend has it that without waiting to be asked, he lifted a 100 pound cement bag in each hand, and then unloaded the nearby freight car there and then in half the time it usually took. Needless to say, he was hired.

Within a year, he had saved enough to rent a modest home with two and a half acres of land. He then began to investigate the possibility of breeding livestock as a business. This brought him in touch with a renowned local auctioneer, with whom he struck up a lifelong friendship and under whose advice he subsequently bought, bred and sold mainly cattle and hogs.

Harnam Singh's frugal habits, coupled with his hard work and great business sense, helped him amass enough money to buy his own five-acre farm two years later. From then on, his land holdings and livestock business gradually grew so, that whenever he attended an auction in Alberta, his auctioneer friend now introduced him as the "Indian Emperor" who could outbid anyone in the area.

These were no idle words, as at one time Harnam Singh owned 5,000 acres of land on which much of the present city of Calgary is now built.

The city of Calgary recently honoured him by naming a park in his name on the very land the ex-soldier eventually farmed, a 400-acre spread stretching from what is now Chinook Centre – one of the city's main shopping centres.

When he sold the hog operation to developers in 1956, Singh Hari was among Calgary's richest citizens — a far cry from the penniless stowaway.

The direct descendants of Calgary's first Sikh citizens are still farming near High River.



1956, Harnam with family

Race The Wind
A Story To Use!

Siddharth Maskeri

Gobo the donkey was no ordinary donkey. Small in stature, with ears that stood tall like antennas, he was a hard worker and the heart of the racecourse. Gobo's days were spent carrying water, pulling carts, and transporting hay for the magnificent racehorses who came and went for their big events. While the sleek, muscular stallions and graceful mares stole the spotlight, Gobo quietly did his work in the background. Some horses snickered at his size, others were indifferent, barely acknowledging his existence.

But there was one horse who saw Gobo for who he was.

Racey, a beautiful mare known for her speed and grace, had befriended him.

During breaks between the races, when the other horses were resting, Racey would trot over to Gobo and strike up long, meaningful conversations about life. They would talk about dreams, desires, and the world beyond the racecourse.

One day, as they were chatting in the stables, Gobo hesitated for a moment and then blurted out, "Racey, I have a dream... I want to race on the track, just like you."

Racey chuckled, her eyes were soft with affection. "Oh, Gobo, you're brave! But... well, let's just say it's an unusual dream for a donkey."

"I know," Gobo sighed, his ears drooping slightly. "But that doesn't stop me from dreaming."

Racey thought for a moment, then leaned in closer.

"Well, there might be one way," she whispered with a mischievous twinkle in her eyes. She explained her wild idea, and Gobo's face lit up, his heart racing with excitement.

The day of the big race arrived. The crowd gathered in the grandstands, the tension thick in the air as the horses lined up at the starting gates. Among them stood Racey, with a jockey who looked oddly... different.

He was slouched, and unfocused, and his grip on the reins seemed unusually loose. Some of the horses beside Racey glanced at her with puzzled expressions, sensing something strange.

The whistle blew, and the gates flung open. The horses burst out, muscles straining as they thundered down the track. But something unusual happened—Racey's jockey stumbled and fell, tumbling onto the dirt, dragging the disguise off in the process. The crowd gasped in shock as Gobo stood there, exposed, his small frame dwarfed by the mighty horses.

For a moment, Gobo froze. The crowd was a blur of laughter, gasps, and confused murmurs. His heart pounded in his chest, and he wasn't sure what to do. He glanced back at the stables and saw Racey, standing tall with her real jockey beside her. The jockey gave Gobo a thumbs-up, and Racey, rearing on her hind legs, whinnied in support.

Gobo grinned, his confidence returning. He took a deep breath and ran. His little legs moved as fast as they could, and though he knew he couldn't outrun the horses, he didn't care. He

was living his dream.
The officials, strict and bound by the rules, began chasing after Gobo, determined to stop this spectacle.
But Gobo didn't look back. He ran like he had nothing to lose, feeling the wind in his face, his heart soaring.
The audience, once confused, now erupted in cheers. They weren't rooting for the winning horse anymore—they were cheering for Gobo, the little donkey who dared to dream.
The racehorses, having already completed their laps, paused to watch Gobo as he sped down the track,
officials in tow. One of the stallions turned to another and said, "Look at him! He's the one really having fun!"
Even the jockeys couldn't help but laugh, watching the officials scramble after Gobo. The sight of the tiny donkey running with all his might had everyone in stitches.
Eventually, Gobo's race came to an end. He was gently caught and led back to the stables, where the other horses gathered around him, still chuckling but filled with curiosity. One of the stallions nudged him playfully and asked, "Gobo, what on earth made you think you could race with us? Did you ever believe you could win?"
Gobo smiled and shook his head. "Oh, I never thought I could outrun any of you. I'm small, but I'm not foolish. I just wanted to experience the joy of running on that track, with the wind in my face. Free from the burdens I carry every day, the ones humans believe I'm meant for."
The horses fell silent, touched by Gobo's words. They realized that while they had been racing for trophies and praise, Gobo had been racing for something much more meaningful—freedom, joy, and the thrill of living out his dream.
Racey, the mare who had always believed in Gobo, lowered her head in respect, and one by one, the other horses followed suit, bowing to the little donkey who had shown them the true meaning of running.

For Reflection
- Do you feel like a donkey in a horse's world? Deprived of privilege and glory?
- Or do you feel like a horse, pressured to prove oneself for the glory of it?
- Why are you carrying that burden of being glorious? What do you seek to prove? And to whom?
-Would you be happier if you simply ran to be happy rather than

Explained / A.A.Milne

Elizabeth Ann
Said to her Nan:
"Please will you tell me how God began?
Somebody must have made Him.
So Who could it be, 'cos I want to know?"
And Nurse said, "Well!"
And Ann said, "Well?
I know you know, and I wish you'd tell."
And Nurse took pins from her mouth, and said,
"Now then, darling, it's time for bed."

Elizabeth Ann
Had a wonderful plan:
She would run round the world till she found a man
Who knew exactly how God began.

She got up early, she dressed, and ran
Trying to find an Important Man.
She ran to London and knocked at the door
Of the Lord High Doodelum's coach-and-four.
"Please, sir (if there's anyone in),
However-and-ever did God begin?"
The Lord High Doodelum lay in bed,
But out of the window, large and red,
Came the Lord High Coachman's face instead.
And the Lord High Coachman laughed and said:
"Well, what put that in your quaint little head?"

Elizabeth Ann went home again And took from the ottoman Jennifer Jane.
"Jenniferjane," said Elizabeth Ann,
"Tell me at once how God began."
And Jane, who didn't much care for speaking,
Replied in her usual way by squeaking.
What did it mean?
Well, to be quite candid,
I don't know, but Elizabeth Ann did.
Elizabeth Ann said softly, "Oh!
Thank you, Jennifer. Now I know."

A poem from the 1927- book "Now-We -are-Six"



Tyre Junction

Ajaybir Singh

Facility Available

- Computerized Wheel Balancing
- Computerized 3D Wheel Alignment
- Nitrogen Filling
- Automatic Tyre Changing
- Alloys

7, Mission Shop, Court Road,
Opp. UCO Bank, Amritsar, Punjab

Mob: 9988804077
E-Mail : ajaybir_lopoke@rediffmail.com

21
YEARS OF EXCELLENCE
SINCE 21 YEARS
SPS HOSPITALS
A UNIT OF SJS HEALTHCARE LTD.
SATGURU PARTAP SINGH HOSPITAL
Trusted Super Speciality Hospital
Centres of Clinical Excellence
Cardiology & CTVS Surgery
Gastroenterology & GI Surgery
Mother & Child Care
Nephrology
Neurology, Neuro & Spine Surgery
Orthopedics
Oncology
Plastic Surgery & Burn Care
Pulmonology
Urology & Kidney Transplant
Tertiary Care Services
3-Tesla MRI
ECMO in Critical Care
Stroke and Neuro ICU
Neonatal Intensive Care Unit (NICU) Level -3
Paediatric Cardiology
Paediatric Surgery
IVF
Emergency & Trauma care
Empanelled with All TPAs & Insurance Companies | GIPSA | ECHS | CGHS
And all other Government Schemes
SPS HOSPITALS
Sherpur Chowk, G.T. Road, Ludhiana
88720-27380
For ECHS Assistance call Now
Dedicated ECHS Help Desk Available
24x7 EMERGNECY & TRAUMA CARE
24x7